The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar
Vol: 9 No: 215 Website : www.punjabiakhbaar.ca Email: editor@punjabiakhbaar.ca Friday, 3 March 2023

Skyways TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

Guru Nanak Driving School Ltd.
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

# ਪੁਲਾੜ ਯਾਤਰੀਆਂ ਨੂੰ ਲੈਕੇ ਜਾਣ ਵਾਲਾ ਰਾਕੇਟ ਮੌਕੇ ਉੱਪਰ ਉੱਡਣ ਤੋਂ ਜਵਾਬ ਦੇ ਗਿਆ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਨਾਸਾ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਚਾਰ ਪੁਲਾੜ ਯਾਤਰੀਆਂ ਨੂੰ ਲੈ ਕੇ ਜਾਣ ਵਾਲੇ ਸਪੇਸਐਕਸ ਰਾਕੇਟ ਦੀ ਲਾਂਚਿੰਗ ਤਕਨੀਕੀ ਸਮੱਸਿਆ ਕਾਰਨ ਆਖਰੀ ਸਮੇਂ 'ਤੇ ਰੋਕ ਦਿੱਤੀ ਗਈ ਸੀ। ਕੈਨੇਡੀ ਸਪੇਸ ਸੈਂਟਰ ਤੋਂ ਰਾਕੇਟ ਨੂੰ ਉਡਾਣ ਭਰਨ ਲਈ ਸਿਰਫ਼ ਦੋ ਮਿੰਟ ਬਾਕੀ ਸਨ। ਸਪੇਸਐਕਸ ਨੇ ਤੁਰੰਤ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਕਿ ਇਸਨੂੰ ਦੁਬਾਰਾ ਕਦੋਂ ਲਾਂਚ ਕੀਤਾ ਜਾਵੇਗਾ। ਸਪੇਸਐਕਸ ਦਾ ਫਾਲਕਨ ਰਾਕੇਟ ਨਾਸਾ ਦੇ ਦੋ ਪੁਲਾੜ ਯਾਤਰੀਆਂ, ਇੱਕ ਰੂਸੀ ਪੁਲਾੜ ਯਾਤਰੀ ਅਤੇ ਸੰਯੁਕਤ ਅਰਬ ਅਮੀਰਾਤ ਦੇ ਇੱਕ ਪੁਲਾੜ ਯਾਤਰੀ ਨੂੰ ਲੈ ਕੇ ਜਾਣਾ ਹੈ। ਰਾਕੇਟ ਤੋਂ ਬਾਹਰ ਨਿਕਲਣ ਤੋਂ ਪਹਿਲਾਂ, ਪੁਲਾੜ ਯਾਤਰੀਆਂ ਨੂੰ ਉਦੋਂ ਤੱਕ ਇੰਤਜ਼ਾਰ ਕਰਨਾ ਪਿਆ ਜਦੋਂ ਤੱਕ ਸਾਰਾ ਬਾਲਣ ਰਾਕੇਟ ਤੋਂ ਬਾਹਰ ਨਹੀਂ ਨਿਕਲ ਜਾਂਦਾ। ਕਮਾਂਡਰ ਸਟੀਫਨ ਬੋਵੇਨ ਨੇ ਭਰੋਸਾ ਦਿਵਾਇਆ ਕਿ ਅਸੀਂ ਇੱਥੇ ਉਡੀਕ ਕਰ ਰਹੇ ਹਾਂ। ਅਸੀਂ ਸਾਰੇ ਠੀਕ ਮਹਿਸੂਸ ਕਰ ਰਹੇ ਹਾਂ।

# ਸਿੱਧੂ ਮੂਸੇਵਾਲੇ ਦੇ ਕਤਲ ਮਾਮਲੇ 'ਚ ਨਾਮਜ਼ਦ ਦੋ ਗੈਂਗਸਟਰਾਂ ਦਾ ਜੇਲ੍ਹ 'ਚ ਕਤਲ



ਗੋਇੰਦਵਾਲ (ਪੰਜਾਬੀ ਅਖਬਾਰ ਬਿਊਰੋ)- ਬਹੁਚਰਚਿਤ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਨਾਮਜਦ ਅਤੇ ਜੇਲ੍ਹ ਵਿੱਚ ਬੰਦ ਦੋ ਗੈਂਗਸਟਰਾਂ ਦਾ ਜੇਲ੍ਹ ਵਿੱਚ ਕਤਲ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਗੋਇੰਦਵਾਲ ਜੇਲ੍ਹ ਵਿੱਚ ਬੰਦ ਕੈਦੀ ਤਕਰਾਰ ਤੋਂ ਬਾਅਦ ਆਪਸ ਵਿੱਚ ਭਿੜ ਪਏ, ਜਿਸ ਦੌਰਾਨ ਦੋਵਾਂ ਧਿਰਾਂ ਨੇ ਇਕ ਦੂਜੇ 'ਤੇ ਲੋਹੇ ਦੀਆਂ ਰਾਡਾਂ ਨਾਲ਼ ਹਮਲਾ ਕਰ ਦਿੱਤਾ। ਇਸ ਝੜੱਪ ਦੌਰਾਨ ਬੁਰੀ ਤਰਾਂ ਜ਼ਖਮੀ ਹੋਏ ਇਕ ਗੈਂਗਸਟਰ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ ਸੀ, ਦੂਜੇ ਦੀ ਬਾਅਦ ਵਿੱਚ ਹਸਪਤਾਲ ਜਾ ਕੇ ਮੌਤ ਹੋ ਗਈ ਹੈ। ਮ੍ਰਿਤਕਾਂ ਦੀ ਪਹਿਚਾਣ ਮਨਦੀਪ ਤੂਫਾਨ ਅਤੇ ਮਨਮੋਹਨ ਮੋਹਨਾ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਤਿੰਨ ਗੈਂਗਸਟਰ ਆਪਸ ਭਿੜੇ ਸਨ। ਦੱਸਿਆ ਜਾ ਰਿਹਾ ਹੈ ਤਿੰਨਾਂ ਦੇ ਸਿਰਾਂ 'ਤੇ ਤੇਜ਼ਧਾਰ ਹਥਿਆਰਾਂ ਦੀਆਂ ਗੰਭੀਰ ਸੱਟਾਂ ਵੱਜੀਆਂ ਹਨ। ਤਰਨਤਾਰਨ ਸਿਵਲ ਹਸਪਤਾਲ ਦੇ ਐਮਰਜੈਂਸੀ ਮੈਡੀਕਲ ਅਫ਼ਸਰ ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ ਤੋਂ ਲਿਆਂਦੇ ਗਏ ਤਿੰਨਾਂ ਜ਼ਖ਼ਮੀਆਂ 'ਚੋਂ ਦੋ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਤੀਜੇ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਭਾਰੀ ਸੁਰੱਖਿਆ 'ਚ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਤੀਜੇ ਗੈਂਗਸਟਰ ਕੇਸ਼ਵ ਬਠਿੰਡਾ ਨੂੰ ਅੰਮ੍ਰਿਤਸਰ ਹਸਪਤਾਲ ਵਿੱਚ ਭੇਜਿਆ ਗਿਆ ਹੈ।

B&CO BUTZ & COMPANY BARRISTERS & SOLICITORS
GURSANT SINGH
LL.M. (UK), B.A.LL.B.
•Immigration Law •Family Law •Real Estate
•Corporate Law •Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
Navjeet Kaur
Director, RCIC
(Regulated Canadian Immigration Consultant)
ਕਨੇਡਾ ਵਿਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
306-201-4464
Regina, SK navimmigrationservices@gmail.com

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
Vine Group MORTGAGE ALLIANCE
200 1965 Broad Street, Regina, SK S4P 1Y1

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

JBK LAW OFFICE
IMMIGRATION & LEGAL EXPERT TEAM
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jblawoffice.com
www.Jbklawoffice.com
2-31 Broadway St. E. Yorkton, SK S3N 0K4
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

SAGAR (SEAN) KUNDRA
REALTOR®
Call To Buy or Sell Any Property
eXp REALTY
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਕਾਲ ਕਰੋ।
Cell: 306-241-6799
seankundra@realtyexecutives.com
355 Broad Street, Regina, SK S4R 1X2

C WORLD TRAVEL
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲ੍ਹਾ ਯਾਰਡ
• ਪਰੈਕਟ ਟਰੇਨਿੰਗ ਘੰਟੇ
(ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

100 PERCENT REALTY TEAM
NIRANJAN KUMAR
REALTOR®
306.515.2036
URREALTOR.NIRANJAN@GMAIL.COM

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾਂ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
CANADA IMMIGRATION SERVICES
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
• EXTENSION OF STAY / CHANGE STATUS AND MORE... BUSINESS/INVESTOR CATEGORY
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com

COPPERSTONE AT COPPERFIELD




# ਤੁਹਾਡੇ ਸੁਪਨਿਆਂ ਦਾ ਘਰ ਤੁਹਾਡੀ ਸੋਚ ਨਾਲੋਂ ਨੇੜੇ ਹੈ

**ਸਿੰਗਲ ਫੈਮਿਲੀ ਹੋਮ,ਕਾਨੂੰਨੀ ਤੌਰ 'ਤੇ ਆਮਦਨ ਵਾਲਾ ਸੂਇਟ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਇਟ ਵਾਲਾ ਸ਼ਾਮਲ ਕਰੋ

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Bathroom


Bonus Room


Legal Income Suite

**ਅਵਾਰਡ ਜੇਤੂ ਟਾਊਨਹੋਮਸ**- ਕਾਪਰਫੀਲਡ ਦੇ ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਫਿੱਟ ਕਰਦਾ ਹੈ। ਇਹ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**4 ਲੱਖ ਡਾਲਰ ਤੋਂ ਘੱਟ ਵਿੱਚ ਹੀ ਘਰ ਦੀ ਮਾਲਕੀ !**

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**



**ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES


# ਮਾਲਵਾ ਪਬਲਿਕ ਸਕੂਲ ਖਿਆਲਾ ਕਲਾਂ ਵਿਖੇ ਰੰਗਾ ਰੰਗ ਸਮਾਗਮ ਦੌਰਾਨ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ

## ਰੂ ਬ ਰੂ ਦੌਰਾਨ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਨੇ ਛੇੜੀ ਪਰਵਾਸ ਦੀ ਕਹਾਣੀ





ਮਾਨਸਾ ( ਪੰਜਾਬੀ ਅਖ਼ਬਾਰ ਬਿਊਰੋ ) ਕਰੋਨਾ ਕਾਲ ਕਰਕੇ ਪਿਛਲੇ ਤਿੰਨ ਸਾਲਾਂ ਤੋਂ ਸੁੰਨੇ ਪਏ ਸਕੂਲਾਂ ਦੇ ਮੰਚਾਂ 'ਤੇ ਫਿਰ ਰੌਣਕਾਂ ਪਰਤਣ ਲੱਗੀਆਂ ਹਨ ।ਸਕੂਲ ਪ੍ਰਬੰਧਕ ਅਤੇ ਮੁਖੀ ਸਕੂਲਾਂ ਦੇ ਵਿਹੜਿਆਂ 'ਚ ਰੰਗਾਂ ਰੰਗ ਸਮਾਗਮ ਕਰਵਾ ਕੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਤਿ ਕਰ ਰਹੇ ਹਨ। 16 ਫਰਵਰੀ 2023 ਵਾਲੇ ਦਿਨ ਮਾਲਵਾ ਪਬਲਿਕ ਹਾਈ ਸਕੂਲ ਖਿਆਲਾ ਕਲਾਂ ਦੇ ਵਿਹੜੇ ਵਿੱਚ ਇੱਕ ਰੰਗਾ ਰੰਗ ਸਮਾਗਮ ਦਾ ਆਯੋਜਨ
ਕੀਤਾ ਗਿਆ? ਜਿਸ ਵਿੱਚ ਮੁੱਖ ਮਹਿਮਾਨ ਵੱਜੋਂ ਸੁਖਵਿੰਦਰ ਸਿੰਘ ਸਿੱਧੂ ਬੀ ਡੀ ਪੀ ? ਮਾਨਸਾ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਕਨੇਡਾ 'ਚ ਛਪਦੇ? ਪੰਜਾਬੀ ਅਖ਼ਬਾਰ ਦੇ ਸੰਪਾਦਕ ਹਰਬੰਸ ਸਿੰਘ ਬੁੱਟਰ ਸ਼ਾਮਿਲ ਹੋਏ। ਸਮਾਗਮ ਦੀ ਰਸਮੀ ਸ਼ੁਰੂਆਤ ਕਰਦਿਆਂ ਸਕੂਲ ਮੁਖੀ ਹਰਦੀਪ ਸਿੰਘ ਜਟਾਣਾ ਨੇ ਆਏ ਮਹਿਮਾਨਾਂ,ਮਾਪਿਆਂ, ਪਤਵੰਤਿਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ । ਸਮਾਗਮ ਦੀ ਸ਼ੁਰੂਆਤ ਧਾਰਮਿਕ ਗੀਤ ਦੱਸੀਂ ਕੱਲਗੀ ਵਾਲਿਆ ਵੇ ਨਾਲ ਹੋਈ। ਸਕੂਲ ਦੇ ਕਲਾਕਾਰ ਵਿਦਿਆਰਥੀਆਂ ਨੇ ਗੀਤ,ਕਵਿਤਾਵਾਂ,ਫੈਂਸੀ ਡ ਰੈ ਸ , ਐ ਕ ਸ਼ ਨ ਸਾਂਗ,ਕੋਰੀ?ਗ੍ਰਾਫੀਆਂ, ਸਕਿੱਟਾਂ ,ਗਿੱਧਾ ਤੇ ਮਲਵਈ ਗਿੱਧਾ ਪੇਸ਼ ਕੀਤਾ।
ਸਿੱਧੂ ਮੂਸੇਵਾਲਾ ਨੂੰ ਸ਼ਰਧਾਜ਼ਲੀ ਦਿੰਦੀ ਕੋਰੀ?ਗਰਾਫੀ ਮਾਂ ਮੈਂ ਜਮਾਂ ਤੇਰੇ ਵਰਗਾ ਹਾਂ ਨੇ ਸ੍ਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਮੰਚ ਤੋਂ ਜਾਗਰੂਕਤਾ ਹਿੱਤ ਰੌਚਿਕ ਸਵਾਲ ਪੁੱਛੇ ਜਾਂਦੇ ਰਹੇ ਅਤੇ ਦਰਸ਼ਕਾਂ ਵੱਲੋਂ ਸਹੀ ਉੱਤਰ ਦੇਣ ਦੀ ਸੂਰਤ ਵਿੱਚ ਸਨਮਾਨ ਵੱਜੋਂ ਤੋਹਫ਼ੇ ਭੇਟ ਕੀਤੇ ਜਾਂਦੇ ਰਹੇ। ਇਸੇ ਦੌਰਾਨ ਮੁੱਖ ਮਹਿਮਾਨ ਸੁਖਵਿੰਦਰ ਸਿੰਘ ਸਿੱਧੂ ਨੇ ਵਿੱਦਿਅਕ , ਖੇਡਾਂ ਅਤੇ? ਸਹਾਇਕ ਕ੍ਰਿਆਵਾਂ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਵੰਡੇ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਜਿੱਥੇ ਚੰਗੀ ਤੇ ਮਿਆਰੀ ਵਿੱਦਿਆ ਜਰੂਰੀ ਹੈ ਉੱਥੇ ਹੀ ਚੰਗੀ ਸਿਹਤ ਵੀ ਬਹੁਤ ਜਰੂਰੀ ਹੈ। ਉਨ੍ਹਾਂ ਮੌਕੇ 'ਤੇ ਮੌਜੂਦ ਵੱਡੀ ਗਿਣਤੀ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਇਲ ਫੋਨ ਦੇ ਮਾੜੇ ਪ੍ਰਭਾਵਾਂ ਤੋਂ ਬਚਾਅ ਕੇ ਰੱਖਣ। ਉਨ੍ਹਾਂ ਨਾਲ ਹੀ ਕਿਸਾਨੀ ਨਾਲ ਜੁੜੇ ਮਾਪਿਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਖੇਤਾਂ ਜਾਂ ਆਂਢ ਗੁਆਂਢ ਵਿਹਲੇ ਪਏ ਥਾਵਾਂ 'ਤੇ ਘਰੇਲੂ ਜਰੂਰਤਾਂ ਲਈ ਜਹਿਰ ਮੁਕਤ ਸਬਜ਼ੀਆਂ ਜਰੂਰ ਪੈਦਾ ਕਰਨ ।
ਕਨੇਡਾ ਨਿਵਾਸੀ ਹਰਬੰਸ ਬੁੱਟਰ ਨੇ ਸੰਵਾਦ ਦੌਰਾਨ ਪੰਜਾਬ ਦੀ ਨੌਜਵਾਨ ਪੀੜ੍ਹੀ ਵੱਲੋਂ ਅੰਨ੍ਹੇਵਾਹ ਕੀਤੇ ਜਾ ਰਹੇ ਪਰਵਾਸ ਨੂੰ ਚਿੰਤਾ ਦਾ ਵਿਸ਼ਾ ਦੱਸਿਆ । ਉਨ੍ਹਾਂ ਕਿਹਾ ਕਿ ਕਨੇਡਾ 'ਚ ਡਾਲਰਾਂ ਦੇ ਦਰਖ਼ਤ ਨਹੀਂ ਹਨ ਅਤੇ ਨਾ ਹੀ ਡਾਲਰ ਸੜਕਾਂ 'ਤੇ ਖਿੱਲਰੇ ਪਏ ਹਨ, ਉੱਥੇ ਜਾ ਕੇ ਵੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਜਾਣਾ ਹੀ ਹੈ ਤਾਂ ਉਹਨਾਂ ਹੀ ਕੋਰਸਾਂ ਵਿੱਚ ਦਾਖ਼ਲਾ ਲੈਕੇ ਜਾਣ ਜਿਹੜੇ ਵਿਸ਼ਿਆਂ ਨੂੰ ਪੜ੍ਹਨ ਵਿੱਚ ਉਹਨਾਂ ਦੀ ਦਿਲਚਸਪੀ ਹੈ। ਏਜੰਟ ਦੇ ਕਹੇ ਕਹਾਏ ਕਿਸੇ ਕੋਰਸ ਵਿੱਚ ਦਾਖਲਾ ਨਾ ਲੈਣ ਤਾਂ ਕਿ ਬਾਅਦ ਵਿੱਚ ਜਦੋਂ ਕਨੇਡਾ ਜਾਕੇ ਉਹ ਪੜ੍ਹਾਈ ਔਖੀ ਲੱਗੀ ਜਾਂ ਸਮਝ ਹੀ ਨਾ ਆਈ ਤਾਂ ਫਿਰ ਪਛਤਾਉਣਾ ਨਾ ਪਵੇ। ਇਸ ਮੌਕੇ ਸਕੂਲ ਮਨੇਜਮੈਂਟ ਕਮੇਟੀ ਦੀ ਚੇਅਰ ਪਰਸ਼ਨ ਜ਼ਸਵਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੱਭਿਆਚਾਰ ਚੇਤਨਾ ਮੰਚ ਦੇ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ, ਬਲਰਾਜ ਨੰਗਲ ,ਕ੍ਰਿਸ਼ਨ ਫੱਤਾ, ਰਾਜ ਮਾਨਸਾ, ਡਾਕਟਰ ਗੁਰਦੇਵ ਸਿੰਘ ,ਪਰਮਪ੍ਰੀਤ ਸਿੰਘ, ਕੁਲਦੀਪ ਸਿੰਘ,ਰਾਜਪਾਲ , ਮਨਦੀਪ ਕੌਰ, ਹਰਿੰਦਰ ਕੌਰ ਸਮੇਤ ਵੱਡੀ ਗਿਣਤੀ ਮਾਪੇ ਅਤੇ ਵਿਦਿਆਰਥੀ ਹਾਜ਼ਰ ਸਨ ।










# ਭੈਣੀ ਬੜਿੰਗਾਂ ਵਿਖੇ 11 ਵਾਂ ਫਰੀ ਮੈਡੀਕਲ ਕੈਂਪ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਜਾਣਗੇ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸਾਲਾਂ ਦੀ ਤਰਾਂ ਇਸ ਸਾਲ ਵੀ ਲੁਧਿਆਣਾ ਜਿਲੇ ਦੇ ਪਿੰਡ ਭੈਣੀ ਬੜਿੰਗਾਂ ਵਿਖੇ 4 ਅਤੇ 5 ਮਾਰਚ 2023 ਨੂੰ 11ਵਾਂ ਫਰੀ ਮੈਡੀਕਲ ਕੈਂਪ ਲੱਗ ਰਿਹਾ ਹੈ ਅਤੇ ਇਸ ਮੌਕੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉੱਘੇ ਸਮਾਜਸੇਵੀ ਕੈਲਗਰੀ ਵਾਸੀ ਪਾਲ ਸੇਖੋਂ ਨੇ ਦੱਸਿਆ ਕਿ 4 ਮਾਰਚ 2023 ਵਾਲੇ ਦਿਨ ਗੁਰਦਵਾਰਾ ਸਿੱਧਸਰ ਸਾਹਿਬ ਵਿਖੇ ਲੜਕੀਆਂ ਦੇ ਵਿਆਹਾਂ ਦੀ ਆਨੰਦਕਾਰਜ ਦੀ ਰਸਮ ਹੋਵੇਗੀ। 5 ਮਾਰਚ 2023 ਵਾਲੇ ਫਰੀ ਮੈਡਕਿਲ ਚੈਕਅੱਪ ਕੈਂਪ ਲੱਗੇਗਾ ਜਿਸ ਦੌਰਾਨ ਅੱਖਾਂ ਦੇ ਮਾਹਿਰ, ਲਿਵਰ ਦੀਆਂ ਬੀਮਾਰੀਆਂ ਦੇ ਮਾਹਿਰ,ਹੱਡੀਆਂ ਦੇ ਮਾਹਿਰ ਅਤੇ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਮਰੀਜਾਂ ਦੀ ਫਰੀ ਚੈਕਅੱਪ ਲਈ ਉੱਥੇ ਹਾਜਿਰ ਰਹਿਣਗੇ। ਚਾਰ ਮਾਰਚ ਵਾਲੇ ਦਿਨ ਪੰਥ ਪ੍ਰਸਿੱਧ ਉੱਘੇ ਢਾਡੀ ਸ: ਰਛਪਾਲ ਸਿੰਘ ਪਮਾਲ,ਪਰਾਈਮ ਏਸ਼ੀਆ ਟੀਵੀ ਤੋਂ ਸਵਰਨ ਸਿੰਘ ਟਹਿਣਾ,ਪਰਮਵੀਰ ਸਿੰਘ ਬਾਠ,ਪੀ ਐਨ ਓ ਮੀਡੀਆ ਗਰੁੱਪ ਵਾਲੇ ਸੁਖਨੈਬ ਸਿੱਧੂ, ਅਤੇ ਕਨੇਡਾ ਤੋਂ ਛਪਦੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਸ: ਹਰਬੰਸ ਸਿੰਘ ਬੁੱਟਰ ਵੀ ਵਿਸੇਸ਼ ਤੌਰ ਤੇ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਪੁੱਜ ਰਹੇ ਹਨ। ਇਸ ਮੌਕੇ ਪਿੰਡ ਭੈਣੀ ਬੜਿੰਗਾਂ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬ੍ਰੇਰੀ ਵੀ ਸਥਾਪਿਤ ਕੀਤੀ ਜਾਵੇਗੀ।




# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 4 ਮਾਰਚ ਨੂੰ ਕੋਸੋ ਹਾਲ ਵਿੱਚ ਹੋਵੇਗੀ




ਕੈਲਗਰੀ, (ਪੰਜਾਬੀ ਅਖਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਪਿਛਲੇ ਲੰਬੇ ਸਮੇਂ ਤੋਂ ਕੈਲਗਰੀ ਵਿੱਚ ਸਮਾਜਿਕ ਤੇ ਸਾਹਿਤਕ ਸਰਗਰਮੀਆਂ ਵਿੱਚ ਸ਼ਾਮਿਲ ਰਹਿੰਦੀ ਹੈ।ਪਿਛਲੇ ਸਮੇਂ ਵਿੱਚ ਅਨੇਕਾਂ ਸਮਾਜਿਕ ਮੁੱਦਿਆਂ, ਨਸ਼ਿਆਂ, ਗੈਂਗਵਾਰ, ਔਰਤਾਂ ਦੇ ਮਸਲੇ, ਤਰਕਸ਼ੀਲਤਾ ਆਦਿ ਵਿਸ਼ਿਆਂ ਤੇ ਸੈਮੀਨਾਰ ਜਾਂ ਮੁਜਾਹਰੇ ਆਯੋਜਤ ਕਰਦੀ ਰਹਿੰਦੀ ਹੈ।ਇਸ ਸੰਸਥਾ ਦੇ ਮੁੱਖ ਪ੍ਰਬੰਧਕ ਮਾਸਟਰ ਭਜਨ ਸਿੰਘ ਸਾਲ ਵਿੱਚ 3-4 ਵਾਰ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਸਮਾਜ ਵਿੱਚ ਪੁਸਤਕ ਕਲਚਰ ਨੂੰ ਉਤਸ਼ਾਹਿਤ ਕਰਨ ਲਈ ਪੁਸਤਕ ਮੇਲੇ ਵੀ ਲਗਾਉਂਦੇ ਹਨ।ਇਸ ਸਾਲ ਦੇ ਪਹਿਲੇ ਮੇਲੇ ਬਾਰੇ ਜਾਣਕਾਰੀ ਜਲਦੀ ਪਾਠਕਾਂ ਨਾਲ ਸਾਂਝੀ ਕੀਤੀ ਜਾਵੇਗੀ।ਹਰ ਮਹੀਨੇ ਇਸ ਸੰਸਥਾ ਵਲੋਂ ਆਪਣਾ ਮਾਸਿਕ ਪ੍ਰੋਗਰਾਮ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਕਵਿਤਾ, ਗੀਤ ਜਾਂ ਭਾਸ਼ਨ ਰਾਹੀਂ ਪੇਸ਼ ਕਰਦੇ ਹਨ।ਪਿਛਲੇ ਕੁਝ ਮਹੀਨਿਆਂ ਤੋਂ ਮੌਸਮ ਜਾਂ ਹੋਰ ਕਾਰਨਾਂ ਕਰਕੇ ਮੀਟਿੰਗ ਨਹੀਂ ਹੋ ਸਕੀ।ਮਾਰਚ ਮਹੀਨੇ ਦੀ ਇਕੱਤਰਤਾ ਮਾਰਚ 4 ਦਿਨ ਐਤਵਾਰ ਨੂੰ ਦੁਪਹਿਰ ਦੋ ਵਜੇ ਕੋਸੋ ਹਾਲ (COSO HAll: 3208 8 Ave NE, Calgary, AB T2A 7V8, Behind Canadian Tire on 36 St NE) ਵਿੱਚ ਸ਼ੁਰੂ ਹੋਵੇਗੀ।ਜਿਸ ਵਿੱਚ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।ਸਭ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਹੋਰਾਂ ਨੂੰ 403-455-4220 ਤੇ ਸੰਪਰਕ ਕਰ ਸਕਦੇ ਹੋ।



















HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

## ਟਰੂਡੋ ਖ਼ੁਦ ਨੂੰ ਕੈਨੇਡਾ ਵਾਸੀਆਂ ਦਾ ਬੌਸ ਸਮਝ ਰਹੇ ਹਨ - ਪੀਅਰੇ ਪੋਲੀਵਰ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਨਿਊ ਫਾਉਂਡਲੈਂਡ ਐਂਡ ਲੈਬਰਾਡੋਰ ਦੇ ਕਲੇਰੇਨਵਿਲ ਵਿਖੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਪਰ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਪ੍ਰਾਈਮ ਮਨਿਸਟਰ ਦਾ ਮਤਲਬ ਹੁੰਦਾ ਹੈ ਪ੍ਰਾਈਮ ਸਰਵੈਂਟ ਪਰ ਜਸਟਿਨ ਟਰੂਡੋ ਇਸ ਤੋਂ ਉਲਟ ਕਰ ਰਹੇ ਹਨ । ਉਹਨਾਂ ਨੂੰ ਲੱਗਦਾ ਹੈ ਕਿ ਉਹ ਬੌਸ ਹਨ ਅਤੇ ਬਾਕੀ ਲੋਕ ਉਨ੍ਹਾਂ ਲਈ ਕੰਮ ਕਰ ਰਹੇ ਹਨ ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਵਿੱਚ ਲੋਕ ਇਸ ਤਰ੍ਹਾਂ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦਾ ਆਪਣੀ ਜ਼ਿੰਦਗੀ ਤੋਂ ਕੰਟਰੋਲ ਹੀ ਖਤਮ ਹੋ ਗਿਆ ਹੋਵੇ । ਉਨ੍ਹਾਂ ਆਖਿਆ ਕਿ ਇਸ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਦੇਸ਼ ਵਿੱਚ ਹੈਲਥ ਸਿਸਟਮ ਬੁਰੀ ਤਰਾਂ ਵਿਗੜ ਚੁੱਕਾ ਹੈ ਅਪਰਾਧ ਦਰ ਵਧ ਰਹੀ ਹੈ। ਨਸ਼ਿਆਂ ਦੀ ?ਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਵੀ ਤੇਜ਼ੀ ਨਾਲ ਵਧਿਆ ਹੈ ਅਤੇ ਮਹਿੰਗਾਈ ਨੇ ਲੋਕਾਂ ਦਾ ਜਿਉਣਾ ਮੁਹਾਲ ਕੀਤਾ ਹੋਇਆ ਹੈ ਅਤੇ ਦੇਸ਼ ਉੱਪਰ ਚੜੇ ਕਰਜ਼ੇ ਦੇ ਸਾਰੇ ਰਿਕਾਰਡ ਰਿਕਾਰਡ ਟੁੱਟ ਚੁਕੇ ਹਨ।

# ਕੈਲਗਰੀ ਦੀ ਪ੍ਰਭਲੀਨ ਕੌਰ ਗਰੇਵਾਲ ਦੀ ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ ਲਈ ਚੋਣ

### ਫਰਾਂਸ ਦੇ ਦੌਰੇ ਤੇ ਜਾਵੇਗੀ ਅੰਡਰ-18 ਟੀਮ, ਨੈਸ਼ਨਲ ਟੀਮ ਵਿੱਚ ਆਉਣ ਵਾਲੀ ਅਲਬਰਟਾ ਦੀ ਪਹਿਲੀ ਪੰਜਾਬਣ ਕੁੜੀ




ਕੈਲਗਰੀ, (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ(ਅੰਡਰ-18)ਲਈ ਹੋ ਗਈ ਹੈ।ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ।ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇੱਰ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ।ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ(ਅੰਡਰ-18) ਵਿੱਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ।ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸਨ ਜਿਸ ਦੇ ਆਧਾਰ ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਪ ਲਈ ਹੋ ਗਈ ਤੇ ਹੁਣ ਫਰਵਰੀ ਦੇ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ ਗਿਆ।
ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ।2011-12 ਵਿੱਚ ਜਦੋਂ ਕੈਲਗਰੀ ਵਿੱਚ ਪੰਜਾਬੀ ਕੁੜੀਆਂ ਦੁਆਰਾ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਇਸ ਹਾਕੀ ਖੇਡਣੀ ਸ਼ੁਰੂ ਕੀਤੀ ਸੀ।ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।
ਪ੍ਰਭਲੀਨ ਦੇ ਪਿਤਾ ਸੁਖਵੀਰ ਗਰੇਵਾਲ ਨੇ ਪੰਜਾਬੀ ਅਖਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਹਨਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਏਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ।ਉਹਨਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।ਉਹਨਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਹਨਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ।ਉਹਨਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਹਨਾਂ ਪਹਿਲਕਦਮੀਆਂ ਤੋਂ ਕੈਨੇਡਾ ਰਹਿੰਦੇ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।

# ਨਾਰਥ ਐਡਮੰਟਨ ਸੀਨੀਅਰਜ਼ ਸੋਸਾਇਟੀ ਨੂੰ ਕਸੀਨੋ ਵੱਲੋਂ 75723 ਡਾਲਰ ਦੀ ਰਾਸ਼ੀ ਮਿਲੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਐਡਮੰਟਨ ਸਹਿਰ ਵਿਖੇ ਸਥਾਪਿਤ ਨਾਰਥ ਐਡਮੰਟਨ ਸੀਨੀਅਰਜ਼ ਸੋਸਾਇਟੀ ਨੂੰ ਅਲਬਰਟਾ ਗੇਮਿੰਗ ਲਿਕਰ ਐਂਡ ਕੈਨਬਿਸ ਵੱਲੋਂ 75723 ਕਨੇਡੀਅਨ ਡਾਲਰ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਹ ਰਾਸ਼ੀ ਇਸ ਸੰਸਥਾ ਨੂੰ ਕਿਸੇ ਗੇਮ ਖੇਡਣ ਕਾਰਣ ਜਿੱਤ ਦੇ ਰੂਪ ਵਿੱਚ ਨਹੀਂ ਮਿਲੀ ਸਗੋਂ ਇਸ ਵਾਲੰਟੀਅਰ ਜੌਬ ਕਰਨ ਕਰਕੇ ਮਿਲੀ ਹੈ। ਅਲਬਰਟਾ ਗੇਮਿੰਗ ਲਿਕਰ ਐਂਡ ਕੈਨਬਿਸ ਵੱਲੋਂ ਸਮਾਜ



ਸੇਵੀ ਸੰਸਥਾਵਾਂ ਨੂੰ ਇੱਕ ਵਿਸੇਸ਼ ਦਿਨ ਮਿਲਦਾ ਹੁੰਦਾ ਹੈ ਜਿਸ ਦਿਨ ਉਸ ਸੰਸਥਾਂ ਦੇ ਮੈਂਬਰਾਂ ਨੇ ਵਾਲੰਟੀਅਰ ਰੂਪ ਵਿੱਚ ਕੈਸ਼ੀਨੋ ਜਾਕੇ ਮੱਦਦ ਕਰਨੀ ਹੁੰਦੀ ਹੈ ਤਾਂ ਉਸ ਦਿਨ ਦਾ ਕੈਸ਼ੀਨੋ ਦੇ ਮੁਨਾਫੇ ਵਿੱਚੋਂ ਇਹ ਰਕਮ ਉਸ ਨੂੰ ਮਿਲਦੀ ਹੈ । ਸੰਸਥਾ ਦੇ ਪ੍ਰਧਾਨ ਹਰਨੇਕ ਸਿੰਘ ਮਠਾੜੂ ਨੇ ਦੱਸਿਆ ਕਿ ਇਹ ਰਕਮ ਸੰਸਥਾ ਵੱਲੋਂ ਸਮਾਜ ਭਲਾਈ ਦੇ ਕੰਮਾਂ ਲਈ ਵਰਤੀ ਜਾਵੇਗੀ। ਉਹਨਾਂ ਕਿਹਾ ਕਿ ਇਸ ਉਪਰਾਲੇ ਲਈ ਸੰਸਥਾ ਦੇ ਸਾਰੇ ਹੀ ਮੈਂਬਰ ਵਧਾਈ ਦੇ ਹੱਕਦਾਰ ਹਨ।

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
(ਮੰਥਲੀ ਪੇਮੈਂਟ ਪਲੈਨਜ਼)
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed-
One year warranty
on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੌਲੋਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction
• Post Stroke Rehabilitation
• Pelvic Floor dysfunction
• Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151
Address: 470, 10980 38St NE AB Calgary

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work
Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਅਲਬਰਟਾ ਵਿੱਚ ਚੋਣਾਂ ਤੋਂ ਪਹਿਲਾਂ ਰਾਜਨੀਤਕ ਵਾਅਦਿਆਂ ਦੀਆਂ ਪੋਟਲੀਆਂ ਖੁੱਲਣ ਲੱਗੀਆਂ

## ਐਨ ਡੀ ਪੀ ਨੇ ਰੈਡਸਟੋਨ ਵਿੱਚ ਸਕੂਲ ਬਣਾਉਣ ਦਾ ਵਾਅਦਾ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ ਸੂਬੇ ਆਮ ਚੋਣਾਂ ਆਉਂਦੇ ਮਹੀਨਿਆਂ ਵਿੱਚ ਹੋਣ ਵਾਲੀਆਂ ਹਨ , ਜਿਸ ਕਰਕੇ ਰਾਜਨੀਤਕ ਲੀਡਰ ਵੀ ਲੋਕਾਂ ਅੱਗੇ ਵਿਰੋਧੀ ਧਿਰ ਦੀਆਂ ਨਕਾਮੀਆਂ ਅਤੇ ਵਾਅਦਿਆਂ ਦੀ ਪੋਟਲੀ ਲੈਕੇ ਆਉਣੇ ਸ਼ੁਰੂ ਹੋ ਗਏ ਹਨ। ਇਸੇ ਤਰਾਂ ਦੀ ਮੁਹਿੰਮ ਤਹਿਤ ਬੀਤੇ ਦਿਨੀ ਕੈਲਗਰੀ ਦੇ ਨਾਰਥ ਈਸਟ ਹਲਕੇ ਵਿੱਚ ਐਨ ਡੀ ਪੀ ਦੇ ਉਮੀਦਵਾਰ ਗੁਰਿੰਦਰ ਬਰਾੜ ਨੇ ਇਲਾਕਾ ਨਿਵਾਸੀਆਂ ਦੀ ਸਕੂਲ ਸਬੰਧੀ ਮੁਸ਼ਕਲ ਨੂੰ ਤਰਜ਼ੀਹ ਦੇ ਅਧਾਰ ਤੇ ਹੱਲ ਕਰਵਾਉਣ ਲਈ ਪਾਰਟੀ ਲੀਡਰ ਤੇ ਸੰਭਾਵਿਤ ਪ੍ਰੀਮੀਅਰ ਰੇਚੈਲ ਨੋਟਲੀ ਪਾਸੋਂ ਰੈਡਸਟੋਨ ਕਮਿਊਨਿਟੀ ਵਿੱਚ ਇੱਕ ਹੋਰ ਸਕੂਲ ਪ੍ਰਵਾਨ ਕਰਵਾਉਣ ਦਾ ਵਾਅਦਾ ਇੱਥੋਂ ਦੇ ਵਸਨੀਕਾਂ ਦੀ ਹਾਜ਼ਰੀ ਵਿੱਚ ਲਿਆ ਗਿਆ ਹੈ। ਐਨ ਡੀ ਪੀ ਉਮੀਂਦਵਾਰ ਦੇ ਇਸ ਐਲਾਨ ਨਾਲ ਇਨ੍ਹਾਂ ਕਮਿਊਨਿਟੀਆਂ ਦੇ ਪ੍ਰੀਵਾਰਾਂ ਵੱਲੋਂ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਹੈ। ਇਸ ਸਬੰਧੀ ਪੰਜਾਬੀ ਅਖ਼ਬਾਰ ਨੂੰ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਕੈਲਗਰੀ ਨੌਰਥ ਈਸਟ ਇਲਾਕੇ ਵਿੱਚ ਆਬਾਦੀ ਲਗਾਤਾਰ ਵੱਧ ਰਹੀ ਹੈ, ਪਰ ਮੁਢਲੀ ਸਿੱਖਿਆ ਸਹੂਲਤਾਂ ਦੀ ਬਹੁਤ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਸਿਟੀਸਕੇਪ , ਰੈਡਸਟੋਨ , ਸਕਾਈਵਿਊ ਤੇ ਕਾਰਨਰਸਟੋਨ ਕਮਿਊਨਿਟੀਆਂ ਵਿੱਚ ਇਸ ਮੌਕੇ ਇੱਕੋ ਇੱਕ ਜੂਨੀਅਰ ਹਾਈ ਸਕੂਲ ਹੈ, ਜਿਹੜਾ ਕੈਥੋਲਿਕ ਬੋਰਡ ਨਾਲ ਸੰਬੰਧਿਤ ਹੈ ਤੇ ਕੇਵਲ ਕੈਥੋਲਿਕ ਧਰਮ ਦੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਮਸਾਂ ਪੂਰੀਆਂ ਕਰਨ ਦੇ ਸਮਰੱਥ ਹੈ।

ਐਨ ਡੀ ਪੀ ਦੀ ਪਿਛਲੀ ਸਰਕਾਰ ਵੱਲੋਂ ਹੀ ਸਾਲ 2018 ਦੌਰਾਨ ਸਕਾਈਵਿਊ ਕਮਿਊਨਿਟੀ ਵਿੱਚ ਇੱਕ ਪਬਲਿਕ ਸਕੂਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਹੁਣ ਉਸ ਸਕੂਲ ਦੀ ਇਮਾਰਤ ਦਾ ਕੰਮ ਮੁਕੰਮਲ ਹੋ ਗਿਆ ਹੈ ਤੇ ਇਸ ਸਾਲ ਤੋਂ ਉਸ ਵਿੱਚ ਪੜਾਈ ਸ਼ੁਰੂ ਹੋ ਜਾਵੇਗੀ। ਮੌਜੂਦਾ ਯੂ ਸੀ ਪੀ ਸਰਕਾਰ ਵੱਲੋਂ ਪਿਛਲੇ ਤਕਰੀਬਨ ਚਾਰ ਸਾਲਾਂ ਦੀ ਟਰਮ ਦੌਰਾਨ ਇਸ ਸੰਬੰਧੀ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਸ ਇਲਾਕੇ ਦੀ ਪ੍ਰਤਿਨਿਧਤਾ ਕਰ ਰਹੇ ਯੂ ਸੀ ਪੀ ਦੇ ਮੌਜੂਦਾ ਐਮ ਐਲ ਏ ਜੋਂ ਕਿ ਸੂਬਾ ਸਰਕਾਰ ਵਿੱਚ ਕੈਬਨਿਟ ਮੰਤਰੀ ਵੀ ਹਨ , ਉਨ੍ਹਾਂ ਨੂੰ ਇੱਥੋਂ ਦੇ ਨਿਵਾਸੀਆਂ ਵੱਲੋਂ ਬਾਰ ਬਾਰ ਸਕੂਲ ਬਣਾਉਣ ਦੀ ਮੰਗੀ ਕੀਤੀ ਜਾਂਦੀ ਰਹੀ ਹੈ। ਅਸਲ ਵਿੱਚ ਯੂ ਸੀ ਪੀ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣ ਦੀ ਬਜਾਏ ਖ਼ਰਚਿਆਂ ਵਿੱਚ ਭਾਰੀ ਕਟੌਤੀਆਂ ਕੀਤੀਆ , ਸਕੂਲੀ ਸਟਾਫ਼ ਦੀਆਂ ਹਜ਼ਾਰਾਂ ਨੌਕਰੀਆਂ ਖ਼ਤਮ ਕੀਤੀਆਂ ਤੇ ਸਕੂਲੀ ਸਿੱਖਿਆ ਨੂੰ ਮਹਿੰਗੀ ਤੇ ਪ੍ਰਾਈਵੇਟ ਸਿਸਟਮ ਵਿੱਚ ਤਬਦੀਲ ਕਰਨ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ ਹੋਏ ਹਨ।

## ਫਲੋਰਿਡਾ 'ਚ ਹੋਈ ਗੋਲੀਬਾਰੀ 'ਚ ਟੀਵੀ ਪੱਤਰਕਾਰ ਅਤੇ ਇੱਕ ਬੱਚੀ ਸਮੇਤ ਤਿੰਨ ਜਣਿਆਂ ਦੀ ਮੌਤ ਹੋਈ



ਫਲੋਰੀਡਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਫਲੋਰੀਡਾ ਵਿੱਚ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ 'ਚ ਕੁੱਲ 3 ਲੋਕ ਮਾਰੇ ਗਏ ਸਨ। ਹੈਰਾਨੀ ਦੀ ਗੱਲ ਹੈ ਕਿ ਇਹ ਦੋਵੇਂ ਘਟਨਾਵਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਦਰਅਸਲ ਉਸ ਦਿਨ ਸਵੇਰੇ ਇੱਕ ਹਮਲਾਵਰ ਨੇ 20 ਸਾਲਾ ਲੜਕੀ ਨੂੰ ਗੋਲੀ ਮਾਰ ਦਿੱਤੀ ਅਤੇ ਫਰਾਰ ਹੋ ਗਿਆ। ਘਟਨਾ ਦੀ ਕਵਰੇਜ ਕਰਨ ਲਈ ਦੋ ਪੱਤਰਕਾਰ ਪਹੁੰਚੇ। ਇਸ ਦੌਰਾਨ ਹਮਲਾਵਰ ਫਿਰ ਆਇਆ ਅਤੇ ਪੱਤਰਕਾਰਾਂ ਸਮੇਤ ਮਾਂ-ਧੀ 'ਤੇ ਗੋਲੀਆਂ ਚਲਾ ਦਿੱਤੀਆਂ। ਹਮਲੇ ਵਿੱਚ ਇੱਕ ਪੱਤਰਕਾਰ ਅਤੇ ਇੱਕ 9 ਸਾਲ ਦੀ ਬੱਚੀ ਦੀ ਮੌਤ ਹੋ ਗਈ ਸੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਘਟਨਾ ਫਲੋਰੀਡਾ ਦੇ ਆਰੇਂਜ ਕਾਊਂਟੀ 'ਚ ਵਾਪਰੀ ਸੀ। ਪੁਲਿਸ ਅਧਿਕਾਰੀ ਜੌਹਨ ਮੀਨਾ ਨੇ ਦੱਸਿਆ- 19 ਸਾਲਾ ਦੋਸ਼ੀ ਕੀਥ ਮੇਲਵਿਨ ਮੂਸ ਨੇ 20 ਸਾਲਾ ਲੜਕੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਉਹ ਫਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ। ਜਿਸ ਦੌਰਾਨ ਸਥਾਨਕ ਮੀਡੀਆ 'ਸਪੈਕਟਰਮ ਨਿਊਜ਼ 13' ਦੇ ਦੋ ਪੱਤਰਕਾਰ ਵੀ ਰਿਪੋਰਟਿੰਗ ਲਈ ਮੌਕੇ 'ਤੇ ਪਹੁੰਚੇ। ਇਸ ਤੋਂ ਬਾਅਦ ਦੋਸ਼ੀ ਫਿਰ ਤੋਂ ਵਾਰਦਾਤ ਵਾਲੀ ਥਾਂ 'ਤੇ ਆਇਆ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਅਧਿਕਾਰੀ ਜੌਹਨ ਨੇ ਦੱਸਿਆ ਕਿ ਇੱਕ ਪੱਤਰਕਾਰ ਅਤੇ ਬੱਚੇ ਦੀ ਮਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਜਿੱਥੇ ਦੋਵਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

























## ਸੰਪਾਦਕੀ



ਪਰਮਾਤਮਾ ਕਹਿੰਦੇ ਨੇ ਕਿ ਸੰਤੁਸ਼ਟ ਮਨ ਇਸ ਦੁਨੀਆ ਦਾ ਸਭ ਤੋਂ ਵੱਡਾ ਧੰਨ ਹੈ।

# ਸਰਕਾਰ ਦੀ ਅਸਫਲਤਾ

ਪੰਜਾਬ ਵਿੱਚ ਵਾਪਰੀ ਇੱਕ ਹੋਰ ਹਿੰਸਕ ਘਟਨਾ ਨੇ ਇੱਕ ਵਾਰ ਫਿਰ ਉਥੋਂ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਤਰਨਤਾਰਨ ਜ਼ਿਲ੍ਹੇ ਦੀ ਗੋਇੰਦਵਾਲ ਕੇਂਦਰੀ ਜੇਲ 'ਚ ਜਿਸ ਤਰ੍ਹਾਂ ਨਾਲ ਦੋ ਅਪਰਾਧਿਕ ਗਿਰੋਹ ਆਪਸ 'ਚ ਭਿੜ ਗਏ ਅਤੇ ਦੋ ਵਿਅਕਤੀਆਂ ਦੀ ਮੌਤ ਹੋ ਗਈ, ਉਸ ਨੂੰ ਲੈ ਕੇ ਚਿੰਤਾ ਪੈਦਾ ਹੋਣੀ ਸੁਭਾਵਿਕ ਹੈ। ਇਸ ਘਟਨਾ ਤੋਂ ਦੋ ਦਿਨ ਪਹਿਲਾਂ ਅੰਮ੍ਰਿਤਸਰ ਦੇ ਅਜਨਾਲਾ ਥਾਣੇ ਦਾ ਘਿਰਾਓ ਕਰਕੇ ਇੱਕ ਵੱਖਵਾਦੀ ਇਕੱਠ ਨੇ ਆਪਣੇ ਇੱਕ ਬੰਦੇ ਦੀ ਰਿਹਾਈ ਲਈ ਪੁਲਿਸ ਨੂੰ ਮਜਬੂਰ ਕਰ ਦਿੱਤਾ ਸੀ। ਹੁਣ ਗਾਇਕ ਮੂਸੇਵਾਲਾ ਦੇ ਕਤਲ ਵਿੱਚ ਸਾਮਲ ਮੰਨੇ ਜਾਂਦੇ ਅਜਿਹੇ ਦੋ ਮੁਲਜਮਾਂ ਦਾ ਕੇਂਦਰੀ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਜੇਲ 'ਚ ਦੋ ਅਪਰਾਧੀ ਗੁੱਟ ਆਪਸ 'ਚ ਭਿੜ ਗਏ ਅਤੇ ਲੋਹੇ ਦੀਆਂ ਰਾਡਾਂ ਅਤੇ ਭਾਂਡਿਆਂ ਤੋਂ ਇਲਾਵਾ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ। ਦੋਵਾਂ ਮ੍ਰਿਤਕਾਂ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ, ਉਨ੍ਹਾਂ ਦੀਆਂ ਲੱਤਾਂ-ਬਾਂਹਾਂ ਤੋੜ ਦਿੱਤੀਆਂ ਗਈਆਂ ਸਨ। ਇੱਕ ਵਿਅਕਤੀ ਗੰਭੀਰ ਜ਼ਖਮੀ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਕੈਦੀਆਂ ਦੀ ਜੇਲ੍ਹ ਦੇ ਅੰਦਰ ਵੱਡੇ ਗੈਂਗਸਟਰਾਂ ਦੀ ਕਿਵੇਂ ਪਹੁੰਚ ਹੋ ਸਕਦੀ ਹੈ। ਫਿਰ ਸਵਾਲ ਇਹ ਹੈ ਕਿ ਕੀ ਜੇਲ੍ਹ ਪ੍ਰਸਾਸਨ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਜਿਨ੍ਹਾਂ ਦੋ ਧੜਿਆਂ ਦੇ ਮੁਲਜਮ ਜੇਲ੍ਹ ਵਿੱਚ ਬੰਦ ਹਨ, ਉਨ੍ਹਾਂ ਦੀ ਪੁਰਾਣੀ ਦੁਸ਼ਮਣੀ ਹੈ ਅਤੇ ਉਹ ਕਿਸੇ ਵੇਲੇ ਵੀ ਇੱਕ ਦੂਜੇ ਨਾਲ ਟਕਰਾ ਸਕਦੇ ਹਨ। ਪੰਜਾਬ ਇੱਕ ਸਰਹੱਦੀ ਸੂਬਾ ਹੈ, ਇਸ ਲਈ ਉੱਥੇ ਸੁਰੱਖਿਆ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ। ਫਿਰ ਸੈਂਟਰਲ ਜੇਲ੍ਹ ਵਿੱਚ ਜਿੱਥੇ ਖੌਫਨਾਕ ਸਮਝੇ ਜਾਂਦੇ ਅਪਰਾਧੀ ਕੈਦ ਹਨ, ਉੱਥੇ ਵਿਸ਼ੇਸ਼ ਚੌਕਸੀ ਦੀ ਉਮੀਦ ਹੈ। ਇਸੇ ਕਰਕੇ ਗੋਇੰਦਵਾਲ ਜੇਲ੍ਹ ਵਿੱਚ ਹੋਈ ਹਿੰਸਕ ਝੜਪ ਤੋਂ ਕਈ ਸਵਾਲ ਉੱਠਦੇ ਹਨ। ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਵਿਦੇਸ਼ਾਂ ਵਿੱਚ ਬੈਠੇ ਲੋਕ ਲੈ ਰਹੇ ਹਨ। ਅਜਿਹੇ ਵਿੱਚ ਸਵਾਲ ਇਹ ਵੀ ਹੈ ਕਿ ਕੀ ਕਾਤਲ ਵਿਦੇਸਾਂ ਵਿੱਚ ਬੈਠ ਕੇ ਗੋਇੰਦਵਾਲ ਜੇਲ੍ਹ ਦੇ ਅੰਦਰ ਸਾਜ਼ਿਸ਼ਾਂ ਨੂੰ ਅੰਜਾਮ ਦੇ ਰਹੇ ਸਨ। ਫਿਰ ਜੇਲ੍ਹ ਪ੍ਰਸ਼ਾਸਨ ਇੰਨਾ ਲਾਪਰਵਾਹ ਕਿਵੇਂ ਹੋ ਗਿਆ ਕਿ ਮੂਸੇਵਾਲਾ ਕਤਲ ਕਾਂਡ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜਮ ਪੁਰਾਣੀ ਦੁਸ਼ਮਣੀ ਵਾਲੇ ਦੋ ਗਰੋਹਾਂ ਦੇ ਮੈਂਬਰ ਹਨ, ਇਹ ਜਾਣਦੇ ਹੋਏ ਵੀ ਉਨ੍ਹਾਂ ਨੂੰ ਆਪਸ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਨ੍ਹਾਂ ਮੁਲਜਮਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕੀਤੇ ਗਏ ਸਨ। ਇਸ ਦੇ ਬਾਵਜੂਦ ਦੋ ਗੁੱਟਾਂ ਵਿਚਕਾਰ ਝੜਪ ਹੋ ਗਈ ਅਤੇ ਦੋ ਵਿਅਕਤੀਆਂ ਦੀ ਮੌਤ ਹੋ ਗਈ, ਇਸ ਲਈ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਅਜਿਹੀਆਂ ਘਟਨਾਵਾਂ ਉਤੇ ਕਾਬੂ ਕਿਵੇਂ ਪਾਇਆ ਜਾਵੇ। ਕੀ ਸੁਰੱਖਿਆ ਮੁਲਾਜਮ ਹੱਥ ਜੋੜ ਕੇ ਦੇਖਦੇ ਰਹੇ ? ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਅਚਾਨਕ ਅਪਰਾਧਿਕ ਗਿਰੋਹ ਅਤੇ ਵੱਖਵਾਦੀ ਤਾਕਤਾਂ ਸਰਗਰਮ ਹੋ ਗਈਆਂ ਹਨ। ਅਪਰਾਧ ਅਤੇ ਨਸ਼ਿਆਂ ਦੇ ਖਾਤਮੇ ਦੇ ਦਾਅਵੇ ਨਾਲ ਸੱਤਾ 'ਚ ਆਈ ਪਾਰਟੀ ਜੇਕਰ ਇਨ੍ਹਾਂ ਮੋਰਚਿਆਂ 'ਤੇ ਫੇਲ੍ਹ ਹੁੰਦੀ ਨਜ਼ਰ ਆ ਰਹੀ ਹੈ ਤਾਂ ਇਸ 'ਤੇ ਸਵਾਲ ਉਠਣੇ ਸੁਭਾਵਿਕ ਹਨ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਅਮਨ-ਕਾਨੂੰਨ ਦੇ ਮਾਮਲੇ ਵਿੱਚ ਬੇਵੱਸ ਸਾਬਤ ਹੋ ਰਹੀ ਹੈ। ਹੁਣ ਉਹ ਇਹ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ ਕਿ ਇਹ ਸਭ ਕੁਝ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਕਿਸੇ ਵੀ ਸਰਕਾਰ ਦੀ ਪਹਿਲੀ ਸਮਰੱਥਾ ਇਸ ਗੱਲ ਤੋਂ ਤੈਅ ਹੁੰਦੀ ਹੈ ਕਿ ਸੱਤਾ ਦੀ ਵਾਗਡੋਰ ਸੰਭਾਲਣ ਦੇ ਨਾਲ-ਨਾਲ ਉਸ ਨੇ ਅਮਨ-ਕਾਨੂੰਨ ਦੇ ਮਾਮਲੇ ਵਿੱਚ ਕੀ ਰਣਨੀਤੀ ਅਪਣਾਈ। ਪੰਜਾਬ ਸਰਕਾਰ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਜੇਕਰ ਇਹ ਸਿਲਸਿਲਾ ਜਾਰੀ ਰਿਹਾ ਤਾਂ ਬਾਹਰੀ ਤਾਕਤਾਂ ਨੂੰ ਵੀ ਆਪਣੀਆਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਜਾਵੇਗਾ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.


-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਅੰਨ੍ਹੇ ਘੋੜੇ ਦਾ ਦਾਨ ਬਨਾਮ ਰੰਗਲਾ ਪੰਜਾਬ

**ਅਸਲ ਵਿੱਚ ਇਹ ਹਾਲਤਾਂ 'ਚ ਦੇਸ਼ ਦੇ ਚਤੁਰ, ਸ਼ਾਤਰ ਹਾਕਮ ਦੀ ਬਦੌਲਤ ਪੰਜਾਬ 'ਚ ਬਣਾਈਆਂ ਗਈਆਂ ਜਾਂ ਹੁਣ ਬਣਾਈਆਂ ਜਾ ਰਹੀਆਂ ਹਨ। ਆਜ਼ਾਦੀ ਦੇ 75 ਸਾਲਾਂ 'ਚ ਸਮੇਂ-ਸਮੇਂ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਜਾਨਾਂ ਦੇਣ ਵਾਲਾ ਤੇ ਵੱਡਾ ਯੋਗਦਾਨ ਪਾਉਣ ਵਾਲਾ ਸੂਬਾ ਪੰਜਾਬ ਬੁਰੀ ਤਰ੍ਹਾਂ ਪੀੜਤ ਹੋਇਆ। '84 ਦੀ ਵੰਡ 'ਚ ਲੱਖਾਂ ਇਧਰਲੇ-ਉਧਰਲੇ ਪੰਜਾਬੀ ਮਰੇ, ਉਜੜੇ, ਪ੍ਰੇਸ਼ਾਨ, ਬਰਬਾਦ ਹੋਏ। ਸੌਖਾ ਸਾਹ ਆਇਆ ਸੀ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਹੋਰ ਹੱਕਾਂ ਲਈ ਪੰਜਾਬੀਆ ਨੂੰ ਸਿਰ ਦੇਣੇ ਪਏ।**



ਗੁਰਮੀਤ ਸਿੰਘ ਪਲਾਹੀ

ਪੰਜਾਬ 'ਚ ਇੱਕੋ ਦਿਨ ਵਿੱਚ ਤਿੰਨ ਅਹਿਮ ਘਟਨਾਵਾਂ ਵਾਪਰੀਆਂ। ਅੰਮ੍ਰਿਤਪਾਲ ਸਿੰਘ ਦੇ ਤਲਵਾਰਾਂ ਅਤੇ ਲਾਠੀਆਂ ਨਾਲ ਲੈਸ ਵੱਡੀ ਗਿਣਤੀ 'ਚ ਸਾਥੀਆਂ ਦਾ ਅੰਮ੍ਰਿਤਸਰ ਦੇ ਕਸਬਾ ਅਜਨਾਲਾ ਵਿੱਚ ਪੁਲਿਸ ਥਾਣੇ ਦੇ ਬਾਹਰ-ਅੰਦਰ ਟਕਰਾਅ ਦਾ ਹੋਣਾ ਪਹਿਲੀ ਘਟਨਾ ਸੀ। ਆਖ਼ਰ ਇਹੋ ਜਿਹੇ ਹਾਲਾਤ ਕਿਉਂ ਬਣੇ ਜਾਂ ਬਣਨ ਦਿੱਤੇ ਗਏ ਕਿ ਰੋਹ ਆਪਸੀ ਟਕਰਾਅ ਤੱਕ ਵਧਣ ਦਿੱਤਾ ਗਿਆ।

ਦੂਜੀ ਘਟਨਾ ਸੂਬੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਵਲੋਂ ਪੰਜਾਬ ਸਰਕਾਰ ਦੀ ਕੈਬਨਿਟ ਵਲੋਂ ਮਤਾ ਪਾਸ ਕਰਕੇ ਪੰਜਾਬ ਅਸੰਬਲੀ ਦਾ ਤਿੰਨ ਮਾਰਚ ਤੋਂ ਬਜ਼ਟ ਇਜਲਾਸ ਸੱਦਣ ਦੀ ਪ੍ਰਵਾਨਗੀ ਨੂੰ ਕਾਨੂੰਨੀ ਸਲਾਹ ਲੈਣ ਦੀ ਆੜ 'ਚ ਲਟਕਾਉਣਾ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੀ ਸਥਿਤੀ ਗੈਰ ਭਾਜਪਾ ਸ਼ਾਸ਼ਤ ਰਾਜਾਂ ਵਿੱਚ ਹੀ ਕਿਉਂ ਹੈ ? ਤੀਜੀ 5ਵੇਂ ਪ੍ਰੋਗਰੈਸਿਵ ਪੰਜਾਬ ਇਨਵੈਸਟਰ ਸਮਿੱਟ 2023 'ਚ ਕੌਮਾਂਤਰੀ ਅਤੇ ਕੌਮੀ ਨਿਵੇਸ਼ਕਾਂ ਵਲੋਂ ਪੰਜਾਬ 'ਚ ਨਿਵੇਸ਼ ਕਰਨ ਲਈ ਲਗਭਗ ਨਾਂਹ ਦੇ ਬਰਾਬਰ ਹੁੰਗਾਰਾ ਅਤੇ ਸੂਬੇ ਦੇ ਸਨਅਤਕਾਰਾਂ ਦੀ ਸੰਪੂਰਨ ਰੂਪ 'ਚ ਗੈਰ ਹਾਜ਼ਰੀ। ਸਵਾਲ ਹੈ ਕਿ ਪੰਜਾਬ 'ਚ ਨਿਵੇਸ਼ ਕਿਉਂ ਨਹੀਂ ਹੋਣ ਦਿੱਤਾ ਜਾ ਰਿਹਾ ? ਘਟਨਾਵਾਂ ਸਧਾਰਨ ਨਹੀਂ। ਇਹ ਦਿੱਲੀ ਹਾਕਮਾਂ ਵਲੋਂ ਸੂਬੇ ਪੰਜਾਬ ਨੂੰ ਅਰਾਜਕਤਾ ਵੱਲ ਧੱਕ ਸੁੱਟਣ ਦਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਉਣ ਦੀ ਦਿਸ਼ਾ 'ਚ ਤਿੱਖਾ ਤੇ ਕੋਝਾ ਯਤਨ ਹਨ। ਪੰਜਾਬ ਦੇ ਹਾਲਾਤ ਇਹੋ ਜਿਹੇ ਬਣਾਏ ਜਾ ਰਹੇ ਹਨ ਕਿ ਪੰਜਾਬ ਨੂੰ ਚੁਣੀ ਹੋਈ ਸਰਕਾਰ ਤੋਂ ਖੋਹ ਕੇ(ਜੋ ਭਾਵੇਂ ਚੰਗਾ ਕੰਮ ਕਰ ਰਹੀ ਹੈ ਜਾਂ ਮਾੜਾ, ਪੰਜਾਬ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ) ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ। ਇਹੋ ਜਿਹੀ ਮੰਗ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਰ ਵੀ ਦਿੱਤੀ ਹੈ।

ਕਿਸੇ ਨਾ ਕਿਸੇ ਬਹਾਨੇ ਸੂਬੇ ਦਾ ਗਵਰਨਰ ਬਨਵਾਰੀ ਲਾਲ ਪ੍ਰੋਹਿਤ ਕਦੇ ਪੰਜਾਬ ਦੇ ਸਰਹੱਦੀ ਜ਼ਿਲਿਆਂ ਦਾ ਦੌਰਾ ਕਰਦਾ ਹੈ, ਕਦੇ ਵੰਨੇ-ਸਵੰਨੇ ਹੁਕਮ ਜਾਰੀ ਕਰਕੇ ਪੰਜਾਬ ਸਰਕਾਰ ਤੋਂ ਸਪਸ਼ਟੀਕਰਨ ਮੰਗ ਰਿਹਾ ਹੈ। ਸੂਬੇ ਦੇ ਲੋਕ ਲਗਾਤਾਰ ਇਸ ਗੱਲ ਲਈ ਸਵਾਲ ਚੁੱਕਦੇ ਹਨ ਕਿ ਕੀ ਗਵਰਨਰ ਪੰਜਾਬ ਦੀ ਇਹ ਭੂਮਿਕਾ ਜਾਇਜ਼ ਹੈ ? ਬਿਨ੍ਹਾਂ ਸ਼ੱਕ ਗਵਰਨਰ ਦੇ ਅਧਿਕਾਰ ਹਨ। ਉਹ ਸਰਕਾਰ ਤੋਂ ਸਪਸ਼ਟੀਕਰਨ ਮੰਗ ਸਕਦੇ ਹਨ। ਪਰ ਸਰਹੱਦੀ ਸੂਬੇ 'ਚ ਸੰਵਿਧਾਨਿਕ ਸੰਕਟ ਪੈਦਾ ਕਰਨਾ, ਕੀ ਚੰਗਾ ਹੈ ?

ਉਪਰੋਂ ਕਦੇ ਗੈਂਗਸਟਰਾਂ ਰਾਹੀਂ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਕੇ ਇਹੋ ਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਸੂਬੇ ਦੇ ਲੋਕ ਚੈਨ ਨਾਲ ਨਾ ਰਹਿਣ। ਕੁਝ ਘਟਨਾਵਾਂ ਇਹੋ ਜਿਹੀਆਂ ਵਾਪਰਨ ਦਿੱਤੀਆਂ ਜਾ ਰਹੀਆਂ ਹਨ ਕਿ ਲੋਕਾਂ 'ਚ ਡਰ ਪੈਦਾ ਹੋਵੇ। ਲੋਕ ਖਾਸ ਕਰਕੇ ਨੌਜਵਾਨ ਮਹਿਸੂਸ ਕਰਨ ਕਿ ਉਹਨਾ ਨੂੰ ਨਿਆ ਨਹੀਂ ਮਿਲ ਰਿਹਾ। ਜਿਵੇਂ 1980ਵਿਆਂ 'ਚ ਵਾਪਰਿਆ ਸੀ ਜਾਂ ਵਾਪਰਨ ਦਿੱਤਾ ਗਿਆ ਸੀ। ਸਿੱਟੇ ਵਜੋਂ ਦੇਸ਼ ਦੀ ਇੱਕ ਵੱਡੀ ਸਿਆਸੀ ਪਾਰਟੀ ਨੇ ਪੰਜਾਬ ਨੂੰ ਮਿੱਧਕੇ ਦੇਸ਼ 'ਚ ਆਪਣੀ ਹਕੂਮਤ ਅੱਗੇ ਵਧਾਈ ਸੀ। ਕੀ ਇਤਿਹਾਸ ਮੁੜ ਤਾਂ ਨਹੀਂ ਦੁਹਰਾਇਆ ਜਾ ਰਿਹਾ ਚਾਰ ਦਹਾਕਿਆਂ ਬਾਅਦ ?

ਜਦੋਂ ਅਗਲੇ ਵਰ੍ਹੇ "ਦੇਸ਼ ਮਹਾਨ" 'ਚ ਚੋਣਾਂ ਹੋਣ ਜਾ ਰਹੀਆਂ ਹਨ, ਦੇਸ਼ ਦੇ ਲੋਕ ਬਦਹਾਲ ਹਨ, ਉਪਰਾਮ ਹਨ, ਗਰੀਬੀ, ਭ੍ਰਿਸ਼ਟਾਚਾਰ ਨਾਲ ਨਪੀੜੇ ਜਾ ਰਹੇ ਹਨ ਅਤੇ ਦੇਸ਼ ਦੀ ਹੁਣ ਦੀ ਸਭ ਤੋਂ ਵੱਡੀ ਪਾਰਟੀ ਸਰਹੱਦੀ ਸੂਬੇ ਪੰਜਾਬ 'ਚ ਉਹੋ ਜਿਹੀ ਸਥਿਤੀ ਪੈਦਾ ਕਰਕੇ 2024 ਦੀਆਂ ਚੋਣਾਂ ਜਿੱਤਣ ਲਈ ਇੱਕ ਸਟੇਜ ਤਿਆਰ ਕਰ ਰਹੀ ਹੈ। ਜਿਸ ਨਾਲ ਦੇਸ਼ ਦੇ ਦੂਜੇ ਰਾਜਾਂ ਦੇ ਲੋਕਾਂ ਨੂੰ ਡਰਾਇਆ ਜਾਵੇ, ਉਹਨਾ 'ਚ ਨਫਰਤੀ ਰੰਗ ਖਿਲਾਰਿਆ ਜਾਵੇ। ਉਹਨਾ ਦਾ ਧਰੁਵੀਕਰਨ ਕਰਕੇ ਲੋਕਾਂ ਨੂੰ ਜਾਤ, ਧਰਮ ਦੇ ਨਾ ਤੇ ਵੰਡਕੇ "ਇਕੋ ਰੰਗ" ਦੀਆਂ ਵੋਟਾਂ ਪ੍ਰਾਪਤ ਕੀਤੀਆਂ ਜਾਣ ਅਤੇ ਅਗਲੇ ਪੰਜ ਸਾਲਾਂ ਲਈ ਆਪਣੀ ਗੱਦੀ ਸੁਰੱਖਿਅਤ ਕਰ ਲਈ ਜਾਵੇ। ਦੇਸ਼ ਦਾ ਹਾਕਮ ਪਿਛਲਾ ਕੁਝ ਸਮਾਂ ਪੰਜਾਬੀਆਂ ਦੇ ਏਕੇ ਤੋਂ ਹਿਤਾਸ਼ ਹੋਇਆ ਹੈ, ਘਬਰਾਇਆ ਹੈ, ਪ੍ਰੇਸ਼ਾਨ ਹੋਇਆ ਹੈ, ਕਿਸਾਨ ਅੰਦੋਲਨ ਨੇ ਉਸਦੇ ਛੱਕੇ ਛੁਡਾਏ ਹਨ, ਉਸਨੂੰ ਲੋਕਾਂ ਦੇ ਕਟਿਹਰੇ 'ਚ ਨਤਮਸਤਕ ਹੋਣ 'ਤੇ ਮਜ਼ਬੂਰ ਹੋਣਾ ਪਿਆ ਹੈ, ਲੋਕ ਵਿਰੋਧੀ ਕਾਨੂੰਨ ਉਸਨੂੰ ਵਾਪਿਸ ਲੈਣੇ ਪਏ ਹਨ। ਇਸ ਗੱਲ ਦਿੱਲੀ ਹਾਕਮ ਦੇ ਸੀਨੇ 'ਚ ਹੈ। ਇਸੇ ਵਜਾਹ ਕਰਕੇ ਉਹ ਪੰਜਾਬ ਨੂੰ ਪ੍ਰੇਸ਼ਾਨ ਕਰਦਾ ਹੈ, ਇਥੇ ਸਮੱਸਿਆਵਾਂ ਖੜੀਆਂ ਕਰਦਾ ਹੈ। ਇਥੋਂ ਦੀ ਆਰਥਿਕਤਾ ਨੂੰ ਖੋਰਾ ਲਾਉਣ ਲਈ ਲਗਾਤਾਰ ਕਦਮ ਚੁੱਕਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀ, ਕੇਂਦਰ ਤੋਂ ਪ੍ਰੇਸ਼ਾਨ ਰਹਿੰਦੇ ਹਨ, ਉਹਨਾ ਨੂੰ ਆਪਣੇ ਪ੍ਰਤੀ ਕੀਤਾ ਜਾਂਦਾ ਦੁਪਰਿਆਰਾ ਸਲੂਕ ਚੁੱਭਦਾ ਹੈ। ਉਹਨਾ ਨੂੰ ਜਾਪਦਾ ਹੈ ਕਿ ਉਹਨਾ ਨਾਲ ਨਿਆਂ ਨਹੀਂ ਹੋ ਰਿਹਾ। ਉਹ ਆਪਣੇ ਹੱਕਾਂ ਤੋਂ ਬਾਂਝੇ ਕੀਤੇ ਜਾ ਰਹੇ ਹਨ। ਤਦੇ ਉਬਾਲ ਬਣਕੇ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆਉਂਦਾ ਹੈ।

ਪ੍ਰਸਿੱਧ ਵਿਚਾਰਵਾਨ ਅਤੇ ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਸਵਰਾਜਬੀਰ 26 ਫਰਵਰੀ 2023 ਦੀ ਸੰਪਾਦਕੀ 'ਚ ਲਿਖਦੇ ਹਨ, "ਇਹਨਾ ਸਮਿਆਂ ਵਿੱਚ ਸਮਾਜ ਵਿੱਚ ਜਿਹੜਾ ਵਰਤਾਰਾ ਵੱਡੇ ਰੂਪ ਵਿੱਚ ਹਾਜ਼ਰ ਹੈ, ਉਹ ਹੈ ਨਿਆਂ ਦੀ ਗੈਰਹਾਜ਼ਰੀ। ਸਿਆਸੀ ਆਗੂਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਨਾਲ ਧ੍ਰੋਹ ਕੀਤਾ, ਜਿਸ ਕਾਰਨ 1984 ਵਿੱਚ ਫੌਜ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਈ। 1984 ਵਿੱਚ ਹੀ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ, ਕਾਨਪੁਰ ਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਦੋਸ਼ੀਆਂ ਨੂੰ ਕੋਈ ਸਜ਼ਾ ਨਾ ਹੋਈ ਅਤੇ ਕਤਲੇਆਮ ਕਰਾਉਣ ਵਾਲੇ ਆਗੂ ਸੱਤਾ ਭੋਗਦੇ ਰਹੇ। 7-8 ਸਾਲ ਪਹਿਲਾਂ ਪੰਜਾਬ ਵਿੱਚ ਧਰਮ ਅਧਾਰਿਤ ਸਿਆਸਤ ਦਾ ਦਖ਼ਲ ਦੁਬਾਰਾ ਹੋਇਆ। ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ, ਬੇਅਦਬੀ ਦਾ ਵਿਰੋਧ ਕਰ ਰਹੇ ਨਿਹੱਥੇ ਲੋਕਾਂ 'ਤੇ ਗੋਲੀ ਚਲਾਈ ਗਈ। ਸਰਕਾਰਾਂ ਬਦਲੀਆਂ ਪਰ ਕੋਈ ਵੀ ਸਰਕਾਰ ਇਹਨਾ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਅਜਿਹੀ ਕਰਵਾਈ ਨਾ ਕਰ ਸਕੀ, ਜਿਸ ਨਾਲ ਲੋਕਾਂ ਦੇ ਦਿਲਾਂ ਤੇ ਲੱਗੇ ਜ਼ਖਮਾਂ ਉਤੇ ਮਲ੍ਹਮ ਲੱਗਦੀ। ਇਹਨਾ ਸਮਿਆਂ ਵਿੱਚ ਹੀ ਨਸ਼ਿਆਂ ਦਾ ਫੈਲਾਅ ਹੋਇਆ, ਬਦਮਾਸ਼ਾਂ ਦੇ ਟੋਲੇ (ਗੈਂਗ) ਉਭਾਰੇ ਤੇ ਪਰਵਾਸ ਦੇ ਰੁਝਾਨ ਨੇ ਜ਼ੋਰ ਫੜਿਆ"।

ਅਸਲ ਵਿੱਚ ਇਹ ਹਾਲਤਾਂ 'ਚ ਦੇਸ਼ ਦੇ ਚਤੁਰ, ਸ਼ਾਤਰ ਹਾਕਮ ਦੀ ਬਦੌਲਤ ਪੰਜਾਬ 'ਚ ਬਣਾਈਆਂ ਗਈਆਂ ਜਾਂ ਹੁਣ ਬਣਾਈਆਂ ਜਾ ਰਹੀਆਂ ਹਨ। ਆਜ਼ਾਦੀ ਦੇ 75 ਸਾਲਾਂ 'ਚ ਸਮੇਂ-ਸਮੇਂ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਜਾਨਾਂ ਦੇਣ ਵਾਲਾ ਤੇ ਵੱਡਾ ਯੋਗਦਾਨ ਪਾਉਣ ਵਾਲਾ ਸੂਬਾ ਪੰਜਾਬ ਬੁਰੀ ਤਰ੍ਹਾਂ ਪੀੜਤ ਹੋਇਆ। '84 ਦੀ ਵੰਡ 'ਚ ਲੱਖਾਂ ਇਧਰਲੇ-ਉਧਰਲੇ ਪੰਜਾਬੀ ਮਰੇ, ਉਜੜੇ, ਪ੍ਰੇਸ਼ਾਨ, ਬਰਬਾਦ ਹੋਏ। ਸੌਖਾ ਸਾਹ ਆਇਆ ਸੀ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਹੋਰ ਹੱਕਾਂ ਲਈ ਪੰਜਾਬੀਆ ਨੂੰ ਸਿਰ ਦੇਣੇ ਪਏ। ਕੌਣ ਭੁੱਲ ਜਾਏਗਾ 1984 ਦੇ ਦੇਸ਼ ਭਰ 'ਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਅਤੇ ਉਹਨਾ ਵਿਰੁੱਧ ਫੈਲਾਈ ਨਫ਼ਰਤ ਨੂੰ। ਇਸ ਨਫ਼ਰਤੀ ਵਰਤਾਰੇ ਨਾਲ ਪੰਜਾਬੀਆਂ 'ਚ ਰੋਸ ਵਧਿਆ। ਦੁਪਰਿਆਰਾਪਨ ਪਨਪਿਆ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਹੋਏ। ਰੋਹ ਵਧੇ। ਇਹੋ ਰੋਹ ਅਤੇ ਸੂਬੇ 'ਚ ਫੈਲੀ ਅਸੁਰੱਖਿਆ ਅਤੇ ਸਾਜ਼ਿਸ਼ਨ ਪੰਜਾਬ ਦੀ ਜੁਆਨੀ ਦੀ ਤਬਾਹੀ ਲਈ ਨਸ਼ਿਆਂ ਦਾ ਹਮਲਾ ਅਤੇ ਫਿਰ ਬੇਰੁਜ਼ਗਾਰੀ ਪੈਦਾ ਕਰਕੇ ਪੰਜਾਬੀਆਂ ਦਾ ਲੱਕ ਭੰਨਣ ਦੀਆਂ ਸਾਜ਼ਿਸ਼ਾਂ ਨੇ ਪੰਜਾਬ ਕੰਗਾਲ ਬਣਾ ਛੱਡਿਆ। ਹੱਸਦੇ, ਰਸਦੇ, ਪੰਜਾਬ ਨੂੰ, ਦੇਸ਼ 'ਚ ਮੋਹਰੀ ਪੰਜਾਬ ਦੀ ਆਰਥਿਕਤਾ ਨੂੰ, ਰੋਕਾਂ ਪਾਉਣ ਲਈ "ਦਿੱਲੀ ਸਰਕਾਰਾਂ" ਨੇ ਕਸਰ ਨਹੀਂ ਛੱਡੀ।

ਰਾਜਧਾਨੀ ਖੋਹੀ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਖੋਹੇ। ਪੰਜਾਬ ਦੇ ਦਰਿਆਈ ਪਾਣੀਆਂ ਤੇ ਡਾਕਾ ਮਾਰਿਆ। ਹਰੀ ਕ੍ਰਾਂਤੀ ਦੇ ਨਾਂਅ ਤੇ ਪੰਜਾਬ ਦੀ ਜਰਖੇਜ਼ ਜ਼ਮੀਨ ਤੇ ਧਰਤੀ ਹੇਠਲਾ ਪਾਣੀ ਦੇਸ਼ ਦੇ ਅੰਨ ਦੀ ਘਾਟ ਪੂਰੀ ਕਰਨ ਦੇ ਲੇਖੇ ਲਾ ਦਿੱਤਾ। ਪੰਜਾਬ ਦਾ ਪਾਕਿਸਤਾਨ ਨਾਲ ਵਪਾਰ, ਸਰਹੱਦੀ ਲੜਾਈਆਂ ਦੀ ਭੇਂਟ ਚੜ੍ਹਾ, ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਇਆ। ਪੰਜਾਬ 'ਚ ਕੋਈ ਵੱਡਾ ਉਦਯੋਗ ਪਸਰਨ ਨਹੀਂ ਦਿੱਤਾ ਗਿਆ। ਪ੍ਰਸਿੱਧ ਅਰਥਸ਼ਾਸ਼ਤਰੀ ਸੁੱਚਾ ਸਿੰਘ ਗਿੱਲ ਅਨੁਸਾਰ "ਅਸਲ ਵਿੱਚ ਉਦਯੋਗਿਕ ਇਕਾਈਆਂ ਨੂੰ 1982-92 ਦੌਰਾਨ ਪੰਜਾਬ 'ਚ ਕੋਈ ਹਿੰਸਾ ਨੇ ਐਸੀ ਮਾਰ ਮਾਰੀ ਕਿ ਇਹ ਮੁੜ ਉੱਠ ਹੀ ਨਹੀਂ ਸਕੀਆਂ। ਰਹਿੰਦੀ ਕਸਰ ਗੁਆਂਢੀ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਸੂਬਿਆਂ ਨੂੰ ਕੇਂਦਰ ਸਰਕਾਰ ਵਲੋਂ ਉਦਯੋਗਿਕ ਇਕਾਈਆਂ ਨੂੰ ਵਿਸ਼ੇਸ਼ ਟੈਕਸ ਰਿਆਇਤਾਂ/ਸਹੂਲਤਾਂ ਦੇਣ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ ਤੇ ਮਾੜਾ ਅਸਰ ਪਿਆ ਹੈ"।

ਹੁਣ ਜਦੋਂ ਪੰਜਾਬ 'ਚ ਖੇਤੀ ਘਾਟੇ ਦਾ ਧੰਦਾ ਹੈ। ਉਦਯੋਗ ਖੇਤਰ ਖਿਲਰਿਆ ਪੁਲਰਿਆ ਹੈ। ਰੁਜ਼ਗਾਰ ਦੇ ਸਾਧਨ ਘੱਟ ਗਏ ਹਨ ਜਾਂ ਨਿੱਤ ਘੱਟ ਰਹੇ ਹਨ। ਜਦੋਂ ਪੰਜਾਬ ਨਿੱਤ ਵੱਡਾ ਕਰਜਾਈ ਹੋ ਰਿਹਾ ਹੈ ਆਰਥਿਕ ਪੱਖੋਂ ਕੰਮਜ਼ੋਰ ਹੋ ਰਿਹਾ ਹੈ। ਤੇ ਜਦੋਂ ਦੇਸ਼ ਦੇ ਹਾਕਮ ਪੰਜਾਬ ਦੀ ਵਰਤੋਂ ਸਿਰਫ ਆਪਣੇ "ਲਾਹੇ" ਜਾਂ ਕੁਰਸੀ ਪ੍ਰਾਪਤੀ ਦੇ ਇੱਕ ਟੂਲ ਵਜੋਂ ਵਰਤ ਰਹੇ ਹਨ ਤਾਂ ਪੰਜਾਬ ਆਖ਼ਿਰ ਪੰਜਾਬ ਬਣਿਆ ਕਿਵੇਂ ਰਹੇਗਾ ?

ਦਿੱਲੀ ਹਾਕਮਾਂ ਦੀ ਨਜ਼ਰ ਪੰਜਾਬ ਦੀ ਸੱਤਾ ਹਥਿਆਉਣ ਦੀ ਹੈ। ਨਿੱਤ ਸੂਬੇ ਦੇ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ "ਭਾਜਪਾ 'ਚ ਭਰਤੀ" ਕਰਕੇ ਉਹਨਾ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਸੂਬੇ ਦੀਆਂ ਨਾਮਵਾਰ ਸਖ਼ਸ਼ੀਅਤਾਂ, ਕਥਿਤ ਬੁੱਧੀਜੀਵੀਆਂ ਨੂੰ ਆਪਣੀ ਧਿਰ 'ਚ ਸ਼ਾਮਲ ਕੀਤਾ ਜਾ ਰਿਹਾ ਹੈ। ਦੇਸ਼ ਦੀ ਹਾਕਮ ਧਿਰ ਜਿਹੜੀ ਕਿ ਧਰਮ ਅਧਾਰਤ ਸਿਆਸਤ ਕਰਨ ਲਈ ਜਾਣੀ ਲੱਗ ਪਈ ਹੈ, ਸਾਮ, ਦਾਮ, ਦੰਡ ਵਰਤਕੇ ਜੰਮੂ ਕਸ਼ਮੀਰ ਵਾਂਗਰ ਪੰਜਾਬ ਨੂੰ ਵੀ ਆਪਣੇ ਅਧੀਨ ਕਰਨ ਦੇ ਰੌਅ 'ਚ ਜਾਪਦੀ ਹੈ ਅਤੇ ਇਥੇ ਵੀ ਧਰਮ ਦੀ ਸਿਆਸਤ ਦੀ ਖੇਡ ਖੇਡਣ ਦੇ ਰਾਹ ਹੈ। ਜਾਪਦਾ ਪੰਜਾਬ ਗ੍ਰਹਿਣਿਆ ਜਾ ਰਿਹਾ ਹੈ। ਕੁਝ ਲੋਕ ਆਖਦੇ ਹਨ ਕਿ ਆਪਣੇ ਰੰਗਲੇ ਪੰਜਾਬ ਨੂੰ ਬਚਾਉਣ ਲਈ ਅੰਨ੍ਹੇ ਘੋੜੇ ਦਾ ਦਾਨ ਕਰਨਾ ਪਏਗਾ।

ਪਰ ਜ਼ਮਹੂਰੀ ਹੱਕਾਂ ਲਈ ਲੜਨ ਵਾਲੇ ਪੰਜਾਬੀ ਆਪਣੇ ਵਿਰੁੱਧ ਖੇਡੀ ਜਾ ਰਹੀ ਖੇਡ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਹਨਾ ਦੇ ਧੁਰ ਅੰਦਰ ਤਾਂ ਸੱਚ, ਹੱਕ ਲਈ ਲੜਨ ਅਤੇ ਜ਼ੁਲਮ ਵਿਰੁੱਧ ਖੜਨਾ ਕਣ-ਕਣ 'ਚ ਸਮਾਇਆ ਹੋਇਆ ਹੈ।

# ਕੈਨੇਡਾ ਵਿੱਚ ਘਰਾਂ ਦੀ ਰਿਕਾਰਡ ਕੀਮਤ ਅਤੇ ਆਮ ਆਦਮੀ ਦੀ ਘੁੰਮਣਘੇਰੀ




**ਕੋਰੋਨਾ ਸ਼ੁਰੂ ਹੋਣ ਤੋਂ ਪਹਿਲਾਂ ਇਹ ਦਰ 2300 ਡਾਲਰ ਸੀ। ਜੇ ਮੌਰਗੇਜ ਕਿਸ਼ਤ ਇਸ ਪੱਧਰ 'ਤੇ ਲਿਆਉਣੀ ਹੋਵੇ ਤਾਂ ਘਰਾਂ ਦੀਆਂ ਕੀਮਤਾਂ ਵਿੱਚ ਹੋਰ ਇਕ ਤਿਹਾਈ ਕਮੀ ਕੀਤੇ ਜਾਣ ਦੀ ਲੋੜ ਹੈ; ਭਾਵ 30% ਕੀਮਤਾਂ ਹੋਰ ਡਿੱਗਣੀਆਂ ਚਾਹੀਦੀਆਂ ਹਨ। ਇਸ ਦਾ ਮਤਲਬ ਹੋਇਆ ਕਿ ਘਰਾਂ ਦੀਆਂ ਕੀਮਤਾਂ 15% ਡਿੱਗ ਚੁੱਕੀਆਂ ਹਨ ਤੇ 30% ਕੀਮਤਾਂ ਹੋਰ ਡਿੱਗਣ ਅਤੇ ਕੁੱਲ 45% ਕਮੀ ਆਵੇ ਤਾਂ ਇਕ ਘਰ ਕਿਸੇ ਨਵੇਂ ਕੈਨੇਡੀਅਨ ਵਾਸਤੇ ਉਸ ਦੀ ਪਹੁੰਚ ਅੰਦਰ ਹੋ ਸਕਦਾ ਹੈ। ਇਸ ਮਗਰੋਂ ਇਹ ਕੀਮਤਾਂ 10 ਸਾਲ ਪਹਿਲਾਂ ਦੇ ਪੱਧਰ 'ਤੇ ਆਉਣਗੀਆਂ। ਇਸ ਦੇ ਨਾਲ ਹੀ ਇਕ ਗੱਲ ਹੋਰ ਧਿਆਨ ਰੱਖਣ ਯੋਗ ਹੈ ਕਿ ਟੈਕਸ ਕਟੌਤੀ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਤਨਖਾਹ ਘੱਟੋ ਘੱਟ 4800 ਡਾਲਰ ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ।**




ਯੁਨਿਵਰਸਿਟੀ ਔਫ ਕੈਲਗਰੀ ਦੇ ਇਕ ਅਰਥਸ਼ਾਸਤਰੀ, ਪ੍ਰੋਫੈਸਰ ਡਾ. ਟ੍ਰੈਵਰ ਟੂਮ ਨੇ ਆਪਣੇ ਇਕ ਲੇਖ ਵਿੱਚ ਲਿਖਿਆ ਹੈ ਕਿ ਘਰ ਖਰੀਦਣਾ ਕੈਨੇਡਾ ਵਿੱਚ ਅਜੇ ਵੀ ਬਹੁਤ ਮੁਸ਼ਕਿਲ ਬਣਿਆ ਹੋਇਆ ਹੈ ਤੇ ਘਰਾਂ ਦੀਆਂ ਕੀਮਤਾਂ ਨੂੰ ਅਜੇ ਹੋਰ ਠੀਕ ਕੀਤੇ ਜਾਣ ਦੀ ਲੋੜ ਹੈ। ਵਿਆਜ ਦਰਾਂ ਵਿੱਚ ਚੋਖੇ ਵਾਧੇ ਮਗਰੋਂ ਵੀ ਘਰਾਂ ਦੀ ਕੀਮਤਾਂ ਇਤਿਹਾਸਕ ਤੌਰ 'ਤੇ ਸਭ ਤੋਂ ਉੱਪਰਲੇ ਪੱਧਰ 'ਤੇ ਪਹੁੰਚ ਚੁੱਕੀਆਂ ਹਨ। ਪਿਛਲੇ ਮਹੀਨਿਆਂ ਤੋਂ ਜਿੰਨੀਆਂ ਕੀਮਤਾਂ ਹੇਠਾਂ ਡਿੱਗੀਆਂ ਹਨ, ਅਝੇ ਹੋਰ ਡਿੱਗਣ ਦੀ ਲੋੜ ਹੈ; ਨਹੀਂ ਤਾਂ ਘਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੀ ਰਹੇਗਾ।

ਪਿਛਲੇ ਹਫਤੇ 'ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ' (ਕ੍ਰੀਆ) ਨੇ ਅੰਕੜੇ ਜਾਰੀ ਕਰਦਿਆਂ ਦੱਸਿਆ ਹੈ ਕਿ ਕੋਰੋਨਾ ਕਾਲ ਦੌਰਾਨ ਰਿਕਾਰਡ ਕੀਮਤਾਂ ਉੱਪਰ ਜਿੰਨੇ ਘਰ ਵਿਕੇ ਸਨ, ਮੌਜੂਦਾ ਵੇਲੇ ਇਹ ਵਿਕਰੀ ਲਗਪੱਗ ਅੱਧੀ ਰਹਿ ਗਈ ਹੈ। ਘਰਾਂ ਦੀਆਂ ਕੀਮਤਾਂ ਦਾ ਫੁੱਲਿਆ ਗੁਬਾਰਾ ਹੁਣ ਲੀਕ ਹੋਣ ਲੱਗਿਆ ਹੈ ਅਤੇ ਇਸ ਦੀ ਕਾਫੀ ਹਵਾ ਨਿੱਕਲ ਵੀ ਗਈ ਹੈ ਪਰ ਪਹਿਲੀ ਵਾਰ ਅਤੇ ਨਵੇਂ ਆਏ ਕੈਨੇਡੀਅਨ ਵਾਸਤੇ ਘਰ ਖਰੀਦ ਸਕਣਾ ਉਸ ਦੀ ਪਹੁੰਵਚ ਤੋਂ ਬਾਹਰ ਬਣਿਆ ਹੋਇਆ ਹੈ। ਘਰਾਂ ਦੀਆਂ ਡਿੱਗੀਆਂ ਕੀਮਤਾਂ ਦੇਸ਼ ਦੇ ਅਰਥਚਾਰੇ ਵਾਸਤੇ ਕਈ ਸੰਕਟ ਪੈਦਾ ਕਰ ਸਕਦੀਆਂ ਹਨ ।

ਸਾਲ ਦਰ ਸਾਲ ਦੇ ਹਿਸਾਬ ਨਾਲ ਵੇਖਦਿਆਂ, ਘਰਾਂ ਦੀਆਂ ਕੀਮਤਾਂ ਵਿੱਚ ਲਗਪਗ 13% ਕਮੀ ਆਈ ਹੈ। ਫਰਬਰੀ, 2022 ਦੇ ਮੁਕਾਬਲੇ ਇਹ ਕਮੀ 15% ਹੈ। ਗੁਆਂਢੀ ਮੁ8ਲਕ ਅਮੈਰਿਕਾ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 12.8% ਦੀ ਗਿਰਾਵਟ ਦਰਜ ਹੋ ਰਹੀ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਅਜੇ ਅੱਧੀਆਂ ਕੀਮਤਾਂ ਡਿੱਗੀਆਂ ਹਨ।

'ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ' (ਕ੍ਰੀਆ) ਨੂੰ ਆਸ ਹੈ ਕਿ 2023 ਵਿੱਚ, ਸਾਲ 2022 ਦੇ ਮੁਕਾਬਲੇ ਔਸਤਨ 5.9% ਕੀਮਤਾਂ ਡਿੱਗ ਸਕਦੀਆਂ ਹਨ। ਰੌਇਲ ਬੈਂਕ ਔਫ ਕੈਨੇਡਾ ਆਰ.ਬੀ.ਸੀ. ਦੇ ਮੁਤਾਬਕ ਇਹ ਦਰ 8.5% ਅਤੇ ਟੀ.ਡੀ. ਬੈਂਕ ਮੁਤਾਬਕ ਇਹ ਦਰ 10.7% ਤੱਕ ਜਾ ਸਕਦੀ ਹੈ; ਭਾਵ ਕੀਮਤਾਂ ਵਿੱਚ ਇੰਨੀ ਹੋਰ ਕਮੀ ਹੋ ਸਕਦੀ ਹੈ। ਮਹਿੰਗਾਈ ਨੂੰ ਠੀਕ ਕਰਨ ਵਾਸਤੇ ਘਰਾਂ ਦੀਆਂ ਕੀਮਤਾਂ ਦਾ ਇਸ ਪੱਧਰ ਤੱਕ ਹੇਠਾਂ ਡਿੱਗਣਾ ਇਤਿਹਾਸਕ ਹੋਵੇਗਾ।

ਇਸ ਦੌਰਾਨ ਇਹ ਕਹਿਣਾ ਵੀ ਵਾਜਬ ਹੈ ਕਿ ਵੈਨਕੂਵਰ ਅਤੇ ਟੋਰੰਟੋ ਏਰੀਆ ਵਿੱਚ ਘਰਾਂ ਦੀਆਂ ਕੀਮਤਾਂ ਦਾ ਆਕਾਸ਼ ਨੂੰ ਛੂਹ ਜਾਣਾ ਵੀ ਤਾਂ ਇਤਿਹਾਸਕ ਹੀ ਸੀ ਪਰ ਇਸ ਵਿੱਚ ਰੀਅਲ ਇਸਟੇਟ ਕਾਰੋਬਾਰੀ ਅਤੇ ਮੌਰਗੇਜ ਕਾਰੋਬਾਰੀਆਂ ਦੀ ਮਿਲੀਭੁਗਤ ਵੀ ਘੱਟ ਨਹੀਂ ਸੀ ਤੇ ਸਰਕਾਰ ਨੂੰ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਉਸ ਨੇ ਇਸ ਪਾਸਿਓਂ ਅੱਖਾਂ ਮੀਟੀ ਰੱਖੀਆਂ, ਇਹ ਵੀ ਕਹਿਣਾ ਗ਼ਲਤ ਨਹੀਂ ਹੈ।

ਨਵੇਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਵਾਸਤੇ ਅਜੇ ਵੀ ਸਥਿਤੀ ਸੁਧਰਦੀ ਜਾਪਦੀ ਨਹੀਂ ਹੈ। ਘਰਾਂ ਦੀਆਂ 15% ਕੀਮਤਾਂ ਡਿੱਗਣ ਦੇ ਬਾਵਜੂਦ, ਮਹੀਨਾਵਾਰ ਮੌਰਗੇਜ ਦਰ ਅਜੇ ਵੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੈ। ਇਸ ਦਾ ਕਾਰਨ ਵਿਆਜ ਦਰਾਂ ਵਿੱਚ ਵਾਧਾ ਹੈ।

ਜੇ ਕੋਈ ਵਿਅਕਤੀ ਐਵਰੇਜ ਜਾਂ ਔਸਤ ਘਰ ਖਰੀਦਣ ਵਾਸਤੇ 10% ਡਾਊਨ ਪੇਅਮੈਂਟ ਦਿੰਦਾ ਹੈ ਅਤੇ ਉਸ ਨੂੰ ਲਗਪਗ 6% ਵਿਆਜ ਦਰ 'ਤੇ ਕਰਜ਼ਾ ਮਿਲ ਜਾਂਦਾ ਹੈ ਤਾਂ ਉਸ ਦੀ ਮਹੀਨਾਵਾਰ ਕਿਸ਼ਤ 4100 ਡਾਲਰ 'ਤੇ ਪਹੁੰਚ ਜਾਵੇਗੀ। ਪਿਛਲੇ ਸਾਲ ਇਹੀ ਦਰ 3800 ਡਾਲਰ ਸੀ। ਜੇ ਕੋਈ ਜਣਾ 20% ਡਾਊਨ ਪੇਅਮੈਂਟ ਦਿੰਦਾ ਹੈ ਤਾਂ ਕਿਸ਼ਤ ਦੀ ਦਰ 3600 ਡਾਲਰ ਦੇ ਆਸਪਾਸ ਹੋਵੇਗੀ।

ਕੋਰੋਨਾ ਸ਼ੁਰੂ ਹੋਣ ਤੋਂ ਪਹਿਲਾਂ ਇਹ ਦਰ 2300 ਡਾਲਰ ਸੀ। ਜੇ ਮੌਰਗੇਜ ਕਿਸ਼ਤ ਇਸ ਪੱਧਰ 'ਤੇ ਲਿਆਉਣੀ ਹੋਵੇ ਤਾਂ ਘਰਾਂ ਦੀਆਂ ਕੀਮਤਾਂ ਵਿੱਚ ਹੋਰ ਇਕ ਤਿਹਾਈ ਕਮੀ ਕੀਤੇ ਜਾਣ ਦੀ ਲੋੜ ਹੈ; ਭਾਵ 30% ਕੀਮਤਾਂ ਹੋਰ ਡਿੱਗਣੀਆਂ ਚਾਹੀਦੀਆਂ ਹਨ। ਇਸ ਦਾ ਮਤਲਬ ਹੋਇਆ ਕਿ ਘਰਾਂ ਦੀਆਂ ਕੀਮਤਾਂ 15% ਡਿੱਗ ਚੁੱਕੀਆਂ ਹਨ ਤੇ 30% ਕੀਮਤਾਂ ਹੋਰ ਡਿੱਗਣ ਅਤੇ ਕੁੱਲ 45% ਕਮੀ ਆਵੇ ਤਾਂ ਇਕ ਘਰ ਕਿਸੇ ਨਵੇਂ ਕੈਨੇਡੀਅਨ ਵਾਸਤੇ ਉਸ ਦੀ ਪਹੁੰਚ ਅੰਦਰ ਹੋ ਸਕਦਾ ਹੈ।

ਇਸ ਮਗਰੋਂ ਇਹ ਕੀਮਤਾਂ 10 ਸਾਲ ਪਹਿਲਾਂ ਦੇ ਪੱਧਰ 'ਤੇ ਆਉਣਗੀਆਂ। ਇਸ ਦੇ ਨਾਲ ਹੀ ਇਕ ਗੱਲ ਹੋਰ ਧਿਆਨ ਰੱਖਣ ਯੋਗ ਹੈ ਕਿ ਟੈਕਸ ਕਟੌਤੀ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਤਨਖਾਹ ਘੱਟੋ ਘੱਟ 4800 ਡਾਲਰ ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ।

ਸਾਲ 2000 ਅਤੇ ਉਸ ਤੋਂ ਪਹਿਲਾਂ ਘਰਾਂ ਦੀਆਂ ਕੀਮਤਾਂ ਘੱਟ ਹੁੰਦੀਆਂ ਸਨ ਤੇ ਵਿਆਜ ਦਰਾਂ ਬਹੁਤ ਜ਼ਿਆਦਾ ਸਨ ਪਰ ਉਸ ਸਮੇਂ ਵੀ ਲੋਕ ਘਰ ਖਰੀਦ ਸਕਣ ਦੇ ਸਮਰੱਥ ਸਨ। ਇਸ ਸਾਲ (2023) ਇਹ ਮਾਰਗ ਹੁਣ ਉਸ ਪਾਸੇ ਜਾ ਰਿਹਾ ਜਾਪਦਾ ਹੈ ਜਿਸ ਪਾਸੇ ਤਨਖਾਹ ਦੇ ਮੁਕਾਬਲੇ ਮੌਰਗੇਜ ਦਰਾਂ ਦਾ ਪੱਧਰ ਬਹੁਤ ਜ਼ਿਆਦਾ ਹੋਵੇਗਾ; ਸਾਲ 1981 ਵਿੱਚ ਵੀ ਅਜਿਹਾ ਕੁਝ ਹੀ ਸੀ।

ਹੁਣ ਉਹਨਾਂ ਬਾਰੇ ਸੋਚੋ ਜਿਹਨਾਂ ਨੇ ਸਾਲ 2022 ਵਿੱਚ ਟੋਰੰਟੋ ਜਾਂ ਵੈਨਕੂਵਰ ਵਿੱਚ ਘਰ ਖਰੀਦਿਆ ਹੋਵੇਗਾ। ਅਜ ਉਸ ਘਰ ਦੀ ਕੀਮਤ 15 ਤੋਂ 20% ਘਟ ਗਈ ਹੈ। ਜਿੰਨੀ ਕੀਮਤ ਘਟੀ ਹੈ, ਉਸ ਤੋਂ ਘੱਟ ਜੇ ਉਹਨਾਂ ਨੇ ਡਾਊਨ ਪੇਅਮੈਂਟ ਦਿੱਤੀ ਹੈ ਤਾਂ ਉਹ ਪਹਿਲਾਂ ਹੀ ਡੁੱਬਣ ਦੇ ਕਿਨਾਰੇ ਹਨ। ਹੁਣ ਉਹਨਾਂ ਦੀ ਮੌਰਗੇਜ, ਘਰ ਦੀ ਕੁੱਲ ਕੀਮਤ ਤੋਂ ਵੀ ਜ਼ਿਆਦਾ ਹੋ ਚੁੱਕੀ ਹੈ।

ਕੁਝ ਮਾਹਿਰ ਰਿਸੈਸ਼ਨ ਜਾਂ ਮੰਦੀ ਦੀ ਗੱਲ ਕਰ ਰਹੇ ਹਨ ਅਤੇ ਜੇ ਇਹ ਸੱਚਮੁਚ ਆਉਂਦੀ ਹੈ ਤਾਂ ਇਹਨਾਂ ਘਰਾਂ ਨੂੰ ਸੰਭਾਲ ਰਖਣਾ ਮੁਸ਼ਕਿਲ ਹੋ ਜਾਵੇਗਾ। ਬੈਂਕਾਂ ਨੇ ਪਹਿਲਾਂ ਹੀ ਆਪਣੇ ਦਿੱਤੇ ਕਰਜ਼ਿਆਂ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ। ਤੁਹਾਡੀਆਂ ਜਾ ਰਹੀਆਂ ਮੌਰਗੇਜ ਕਿਸ਼ਤਾਂ, ਮੂਲਧਨ ਵੱਲ ਘੱਟ ਅਤੇ ਵਿਆਜ ਵੱਲ ਵੱਧ ਜਾ ਰਹੀਆਂ ਹਨ।


ਹੁਣ ਸਿਰਫ ਸਪਲਾਈ ਵਧੇ ਤਾਂ ਕੰਮ ਸੂਤ ਆਵੇ। ਜਿੰਨੇ ਨਵੇਂ ਘਰ ਬਣਨਗੇ, ਉੰਨੀ ਸਥਿਤੀ ਮਾਕੂਲ ਹੋਵੇਗੀ। ਹੋਮ ਬਿਲਡਰ ਜੇ ਆਪਣਾ ਮੁਨਾਫਾ ਥੋੜ੍ਹਾ ਘੱਟ ਰੱਖਣ, ਰੀਅਲ ਇਸਟੇਟ ਕਾਰੋਬਾਰੀ ਅਤੇ ਮੌਰਗੇਜ ਮਾਹਿਰ ਆਪਣਾ ਹੱਥ ਢਿੱਲਾ ਰੱਖਣ ਤੇ ਸਰਕਾਰ ਪੂਰੀ ਨਿਗ੍ਹਾ ਰੱਖੇ, ਮਾਮਲਾ ਪਕੜ ਵਿਚੋਂ ਬਾਹਰ ਨਹੀਂ ਹੋ ਸਕਦਾ ਪਰ ਇੰਨਾ ਕੁਝ ਹੋ ਸਕਣ ਦੀ ਵੀ ਆਸ ਨਹੀਂ ਹੈ। ਇਹ ਅਸੰਭਵ ਵੀ ਨਹੀਂ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਜਿਹੜੇ ਚਰਖੜੀਆਂ 'ਤੇ ਚੜ੍ਹੇ

## ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ






ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062


।ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਸਿੱਖ ਪੰਥ ਦੇ ਉਹ ਅਣਮੋਲ ਹੀਰੇ ਹਨ, ਜਿਹਨਾਂ ਨੂੰ ਪੰਥ ਵੱਲੋਂ ਲੱਖਾਂ ਅਰਦਾਸਾਂ ਰਾਹੀਂ ਰੋਜ਼ਾਨਾ ਯਾਦ ਕੀਤਾ ਜਾਂਦਾ ਹੈ। ਭਾਈ ਸੁਬੇਗ ਸਿੰਘ ਦਾ ਜਨਮ ਲਾਹੌਰ ਜਿਲ੍ਹੇ ਦੇ ਜੰਬਰ ਪਿੰਡ ਦੇ ਸਿਰ ਕੱਢ ਜ਼ਿੰਮੀਦਾਰ ਰਾਏ ਭਾਗਾ ਦੇ ਘਰ ਹੋਇਆ ਸੀ। ਭਾਈ ਸਾਹਿਬ ਦੀ ਸਹੀ ਜਨਮ ਮਿਤੀ ਮੁਹੱਈਆ ਨਹੀਂ ਹੈ। ਭਾਈ ਸੁਬੇਗ ਸਿੰਘ ਨੇ ਪਿੰਡ ਤੋਂ ਹੀ ਅਰਬੀ ਅਤੇ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ ਜੋ ਅਗਲੇ ਜੀਵਨ ਵਿੱਚ ਉਹਨਾਂ ਦੇ ਬਹੁਤ ਕੰਮ ਆਈ ਕਿਉਂਕਿ ਫਾਰਸੀ ਲਾਹੌਰ ਅਤੇ ਦਿੱਲੀ ਦਰਬਾਰ ਦੀ ਸਰਕਾਰੀ ਭਾਸ਼ਾ ਸੀ। ਜਵਾਨ ਹੋਣ 'ਤੇ ਉਹ ਲਾਹੌਰ ਚਲੇ ਗਏ ਤੇ ਸਰਕਾਰੀ ਠੇਕੇਦਾਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਘਰ ਇੱਕ ਪੁੱਤਰ ਸ਼ਾਹਬਾਜ਼ ਸਿੰਘ ਨੇ ਜਨਮ ਲਿਆ।

ਉਸ ਵੇਲੇ ਲਾਹੌਰ ਦਾ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਸੀ ਤੇ ਸਿੱਖ ਮੁਗਲ ਸੰਘਰਸ਼ ਸਿਖਰਾਂ 'ਤੇ ਸੀ। ਨਿੱਤ ਦੀਆਂ ਲੜਾਈਆਂ ਅਤੇ ਲੁੱਟ ਮਾਰ ਕਾਰਨ ਪੰਜਾਬ ਦੀ ਆਰਥਿਕਤਾ ਇੱਕ ਤਰਾਂ ਨਾਲ ਤਬਾਹ ਹੋ ਗਈ ਸੀ। ਮੱਧ ਏਸ਼ੀਆ ਤੋਂ ਭਾਰਤ ਆਉਣ ਵਾਲੇ ਵਪਾਰੀ ਪੰਜਾਬ ਵਿੱਚ ਵੜਨ ਤੋਂ ਕਤਰਾਉਣ ਲੱਗ ਪਏ ਸਨ ਤੇ ਚੁੰਗੀ ਅਤੇ ਹੋਰ ਟੈਕਸ ਪ੍ਰਾਪਤ ਨਾ ਹੋਣ ਕਾਰਨ ਸਰਕਾਰੀ ਖਜ਼ਾਨਾ ਖਾਲੀ ਹੋ ਗਿਆ ਸੀ। ਫੌਜ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਸੀ ਮਿਲੀ ਅਤੇ ਉੱਪਰੋਂ ਦਿੱਲੀ ਦਰਬਾਰ ਦਾ ਪੰਜ ਸਾਲ ਦਾ ਖਿਰਾਜ਼ (ਟੈਕਸ) ਦੇਣਾ ਬਾਕੀ ਸੀ। 1730 ਈਸਵੀ ਵਿੱਚ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੇ ਜਰਨੈਲ ਹੈਬਤ ਖਾਂ ਅਤੇ ਸਲਾਬਤ ਖਾਨ ਨੂੰ ਦੋ ਹਜ਼ਾਰ ਰੋਹੀਲਾ ਫੌਜ ਦੇ ਕੇ ਖਿਰਾਜ਼ ਉਗਰਾਹੁਣ ਲਈ ਲਾਹੌਰ ਭੇਜ ਦਿੱਤਾ। ਉਹਨਾਂ ਨੇ ਲਾਹੌਰ ਆਣ ਡੇਰੇ ਲਗਾਏ ਤੇ ਤਿੰਨ ਕਰੋੜ ਰੁਪਏ ਖਿਰਾਜ਼ ਤੋਂ ਇਲਾਵਾ ਆਪਣੇ ਖਰਚੇ ਵਾਸਤੇ ਪੰਜ ਹਜ਼ਾਰ ਰੋਜ਼ਾਨਾਂ ਅਲੱਗ ਤੋਂ ਮੰਗ ਕੀਤੀ। ਜ਼ਕਰੀਆ ਖਾਨ ਨੂੰ ਆਪਣੀ ਸੂਬੇਦਾਰੀ ਖਤਰੇ ਵਿੱਚ ਦਿਸਣ ਲੱਗ ਪਈ ਕਿਉਂਕਿ ਉਸ ਕੋਲ ਤਾਂ ਨਿੱਤ ਪ੍ਰਤੀ ਦੇ ਖਰਚਿਆਂ ਵਾਸਤੇ ਵੀ ਪੈਸੇ ਨਹੀਂ ਸਨ।

ਸੂਬੇਦਾਰ ਨੇ ਆਪਣੀ ਜਾਨ ਬਚਾਉਣ ਲਈ ਦਿੱਲੀ ਦੇ ਜਰਨੈਲਾਂ ਨਾਲ ਧੋਖਾ ਕੀਤਾ ਤੇ ਬੋਰੀਆਂ ਵਿੱਚ ਮੋਹਰਾਂ ਭਰ ਕੇ ਇਹ ਕਹਿ ਦਿੱਤਾ ਕਿ ਤਿੰਨ ਕਰੋੜ ਰੁਪਏ ਹਨ,ਪਰ ਅਸਲ ਵਿੱਚ ਰਕਮ ਬਹੁਤ ਘੱਟ ਸੀ। ਜਰਨੈਲਾਂ ਨੇ ਪੈਸੇ ਨਾ ਗਿਣੇ ਤੇ ਸੂਬੇਦਾਰ 'ਤੇ ਯਕੀਨ ਕਰ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਸੂਬੇਦਾਰ ਨੂੰ ਫਿਕਰ ਪੈ ਗਿਆ ਕਿ ਜੇ ਬਾਦਸ਼ਾਹ ਨੂੰ ਇਸ ਧੋਖੇ ਦਾ ਪਤਾ ਚੱਲ ਗਿਆ ਤਾਂ ਗੱਦੀ ਤਾਂ ਜਾਵੇਗੀ ਹੀ, ਸਿਰ ਵੀ ਧੜ ਨਾਲੋਂ ਅਲੱਗ ਹੋ ਸਕਦਾ ਹੈ। ਉਸ ਨੇ ਇੱਕ ਚਾਲ ਚੱਲੀ ਤੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਦਿੱਲੀ ਜਾ ਰਹੇ ਖਜ਼ਾਨੇ ਬਾਰੇ ਖਬਰ ਭੇਜ ਦਿੱਤੀ। ਜਦੋਂ ਦਿੱਲੀ ਦੀ ਫੌਜ ਦਰਿਆ ਬਿਆਸ ਦੇ ਕਿਨਾਰੇ ਪਹੁੰਚੀ ਤਾਂ ਰਾਤ ਨੂੰ ਸਿੱਖਾਂ ਨੇ ਉਹਨਾਂ ਦੇ ਕੈਂਪ 'ਤੇ ਹਮਲਾ ਕਰ ਦਿੱਤਾ ਤੇ ਖਜ਼ਾਨਾ ਲੁੱਟ ਕੇ ਚਲਦੇ ਬਣੇ। ਮੁਗਲ ਲੁੱਟੇ ਪੁੱਟੇ ਰੋਂਦੇ ਕੁਰਲਾਉਂਦੇ ਦਿੱਲੀ ਨੂੰ ਚਲੇ ਗਏ। ਸੂਬੇਦਾਰ ਨੇ ਦੂਸਰੀ ਚਾਲ ਇਹ ਖੇਡੀ ਕਿ ਖਜ਼ਾਨੇ ਦੀ ਲੁੱਟ ਸਬੰਧੀ ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖਾਂ ਦੇ ਹੌਂਸਲੇ ਬਹੁਤ ਜਿਆਦਾ ਵਧ ਗਏ ਹਨ, ਇਸ ਲਈ ਉਸ ਨੂੰ ਹੋਰ ਫੌਜੀ ਮਦਦ ਭੇਜੀ ਜਾਵੇ। ਬਾਦਸ਼ਾਹ ਨੇ ਉਸ ਦੀ ਗੱਲ ਮੰਨ ਲਈ ਤੇ ਵੀਹ ਹਜ਼ਾਰ ਫੌਜ ਨਜ਼ੀਬ ਖਾਨ, ਸਫਦਰ ਖਾਨ ਅਤੇ ਜ਼ਾਫਰ ਖਾਨ ਦੀ ਕਮਾਂਡ ਹੇਠ ਉਸ ਦੀ ਮਦਦ ਲਈ ਭੇਜ ਦਿੱਤੀ। ਪਰ ਸਾਰੀ ਵਾਹ ਲਗਾਉਣ ਦੇ ਬਾਵਜੂਦਜ਼ਕਰੀਆ ਖਾਨ ਸਿੱਖਾਂ ਨੂੰ ਬਲ ਨਾਲ ਦਬਾ ਨਾ ਸਕਿਆ ਤਾਂ ਉਸ ਨੇ ਕੂਟਨੀਤੀ ਰਾਹੀਂ ਸ਼ਾਂਤੀ ਸਥਾਪਿਤ ਕਰਨੀ ਚਾਹੀ।ਉਹ ਸਮਝ ਗਿਆ ਸੀ ਕਿਸਿੱਖਾਂ ਨੂੰ ਸੰਤੁਸ਼ਟ ਕੀਤੇ ਬਿਨਾਂ ਪੰਜਾਬ ਦੀ ਆਰਥਿਕਤਾ ਮੁੜ ਲੀਹਾਂ 'ਤੇ ਨਹੀਂ ਲਿਆਂਦੀ ਜਾ ਸਕਦੀ। 1733 ਈਸਵੀ ਦੀ ਦੀਵਾਲੀ ਮਨਾਉਣ ਲਈ ਸਾਰੇ ਸਿੱਖ ਜਥੇ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਇਸ ਮੌਕੇ ਜ਼ਕਰੀਆ ਖਾਨ ਨੇ ਭਾਈ ਸੁਬੇਗ ਸਿੰਘ ਨੂੰ ਦੂਤ ਬਣਾ ਕੇ ਪੰਥ ਨਾਲ ਸੁਲ੍ਹਾ ਕਰਨ ਲਈ ਲੰਗਰ ਵਾਸਤੇ ਪੰਜ ਹਜ਼ਾਰ ਰੁਪਏ, ਇੱਕ ਲੱਖ ਰੁਪਏ ਸਲਾਨਾ ਦੀ ਜਾਗੀਰ ਅਤੇ ਨਵਾਬੀ ਦੀ ਖਿਲ੍ਹਤ ਭੇਜੀ। ਉਸ ਵੇਲੇ ਪੰਥ ਦਾ ਪ੍ਰਧਾਨ ਸੈਨਾਪਤੀ ਅਤੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਸੀ। ਜਦੋਂ ਉਸ ਨੇ ਪੰਥ ਦੀ ਰਾਏ ਪੁੱਛੀ ਤਾਂ ਬਹੁਤਿਆਂ ਨੇ ਇਹ ਪੇਸ਼ਕਸ਼ ਨਾਮੰਜ਼ੂਰ ਕਰਨ ਦੀ ਸਲਾਹ ਦਿੱਤੀ।

ਪਰ ਭਾਈ ਸੁਬੇਗ ਸਿੰਘ ਨੇ ਬਹੁਤ ਹੀ ਸਿਆਣਪ ਵਾਲੀ ਬੇਨਤੀ ਕੀਤੀ, "ਨੀਤੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਘਰ ਆਈ ਅਜਿਹੀ ਪੇਸ਼ਕਸ਼ ਮੋੜੀ ਨਾ ਜਾਵੇ। ਸੁਲ੍ਹਾ ਵਾਸਤੇ ਪੰਥ ਨੇ ਦਰਖਾਸਤ ਨਹੀਂ ਕੀਤੀ, ਸਗੋਂ ਲਾਹੌਰ ਸਰਕਾਰ ਨੇ ਡਰ ਕੇ ਕੀਤੀ ਹੈ। ਇਸ ਵਿੱਚ ਪੰਥ ਦੀ ਸ਼ਾਨ ਹੈ, ਨਿਰਾਦਰੀ ਨਹੀਂ। ਸੋ ਸਭ ਕੁਝ ਪ੍ਰਵਾਨ ਕਰ ਲੈਣਾ ਚਾਹੀਦਾ ਹੈ।"ਭਾਈ ਸਾਹਿਬ ਦੀ ਸਲਾਹ ਸਰਬ ਸੰਮਤੀ ਨਾਲ ਮੰਨ ਲਈ ਗਈ ਤੇ ਸ. ਕਪੂਰ ਸਿੰਘ ਨੂੰ ਨਵਾਬ ਥਾਪ ਦਿੱਤਾ ਗਿਆ। ਭਾਈ ਸਾਹਿਬ ਦੀ ਇਸ ਸੇਵਾ ਬਦਲੇ ਜ਼ਕਰੀਆ ਖਾਨ ਨੇ ਉਸ ਨੂੰ ਲਾਹੌਰ ਦਾ ਕੋਤਵਾਲ ਥਾਪ ਦਿੱਤਾ। ਕੋਤਵਾਲ ਬਣ ਕੇ ਭਾਈ ਸੁਬੇਗ ਸਿੰਘ ਨੇ ਪੰਥ ਦੀ ਬਹੁਤ ਸੇਵਾ ਕੀਤੀ। ਚਰਖੀ ਅਤੇ ਸੂਲੀ ਆਦਿ ਸਜ਼ਾਵਾਂ ਬੰਦ ਕਰਵਾ ਦਿੱਤੀਆਂ ਅਤੇਦਰਵਾਜ਼ਿਆਂ ਉੱਪਰ ਚਿਣੇ ਹੋਏ ਅਤੇ ਖੂਹਾਂ ਖੱਡਾਂ ਵਿੱਚ ਸੁੱਟੇ ਹੋਏ ਸਿੰਘਾਂ ਦੇ ਸਿਰ ਅਤੇਹੋਰ ਅਵਸ਼ੇਸ਼ ਲੱਭ ਕੇ ਗੁਰ ਮਰਿਆਦਾ ਅਨੁਸਾਰ ਅੰਤਿਮ ਸੰਸਕਾਰ ਕਰਵਾਇਆ। ਇਸ ਤੋਂ ਇਲਾਵਾ ਉਸ ਨੇ ਸਖਤੀ ਨਾਲ ਲਾਹੌਰ ਵਿੱਚ ਅਮਨ ਕਾਨੂੰਨ ਦੀ ਸਥਾਪਨਾ ਕੀਤੀ।

ਪਰ ਸਿੱਖਾਂ ਨਾਲ ਸ਼ਾਂਤੀ ਸੰਧੀ ਬਹੁਤਾ ਚਿਰ ਨਿਭ ਨਾ ਸਕੀ। 1735 ਈਸਵੀ ਵਿੱਚ ਜਾਗੀਰ ਜ਼ਬਤ ਕਰ ਲਈ ਗਈ ਪਰ ਭਾਈ ਸਾਹਿਬ ਲਾਹੌਰ ਦੇ ਕੋਤਵਾਲ ਬਣੇ ਰਹੇ। ਪਹਿਲੀ ਜੁਲਾਈ 1745 ਈਸਵੀ ਨੂੰ ਜ਼ਕਰੀਆ ਖਾਨ ਦੀ ਪਿਸ਼ਾਬ ਦਾ ਬੰਨ੍ਹ ਪੈਣ ਕਰਨ ਮੌਤ ਹੋ ਗਈ ਤੇ ਲਾਹੌਰ ਦੀ ਸੂਬੇਦਾਰੀ ਉਸ ਦੇ ਪੁੱਤਰ ਯਾਹੀਆ ਖਾਨ ਨੂੰ ਮਿਲ ਗਈ। ਯਾਹੀਆ ਖਾਨ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਥਾਪ ਦਿੱਤਾ ਤੇ ਸਿੱਖਾਂ ਦੇ ਖਿਲਾਫ ਸਖਤੀ ਦਾ ਦੌਰ ਦੁਬਾਰਾ ਸ਼ੁਰੂ ਹੋ ਗਿਆ।ਫਰਵਰੀ 1746 ਈਸਵੀਨੂੰ ਸਿੱਖਾਂ ਦਾ ਇੱਕ ਜਥਾ ਸ਼ਾਹੀ ਫੌਜਾਂ ਨਾਲ ਝੜਪ ਤੋਂ ਬਾਅਦ ਏਮਨਾਬਾਦ ਦੇ ਇਲਾਕੇ ਵਿੱਚ ਪਹੁੰਚ ਗਿਆ। ਏਮਨਾਬਾਦ ਦਾ ਫੌਜਦਾਰ ਜਸਪਤ ਰਾਏ, ਦੀਵਾਨ ਲਖਪਤ ਰਾਏ ਦਾ ਛੋਟਾ ਭਰਾ ਸੀ। ਉਸ ਨੂੰ ਸਿੱਖਾਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਉਸ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖ ਲੜਨਾ ਨਹੀਂ ਸਨ ਚਾਹੁੰਦੇ, ਪਰ ਲੜਾਈ ਬਦੋਬਦੀ ਉਹਨਾਂ ਦੇ ਗਲ ਪੈ ਗਈ। ਜਸਪਤ ਰਾਏ ਹਾਥੀ 'ਤੇ ਬੈਠਾ ਆਪਣੀ ਫੌਜ ਦੀ ਅਗਵਾਈ ਕਰ ਰਿਹਾ ਸੀ ਕਿ ਇੱਕ ਸਿੱਖ ਨਿਬਾਹੂ ਸਿੰਘ ਦੀ ਨਜ਼ਰੇ ਪੈ ਗਿਆ। ਨਿਬਾਹੂ ਸਿੰਘ ਪੂਛ ਪਕੜ ਕੇ ਹਾਥੀ 'ਤੇ ਜਾ ਚੜ੍ਹਿਆ ਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਫੌਜਦਾਰ ਦੇ ਡਿੱਗਦੇ ਸਾਰ ਨਿਖੱਸਮੀਆਂ ਫੌਜਾਂ ਹਰਨ ਹੋ ਗਈਆਂ।

> ਪਰ ਸਿੱਖਾਂ ਨਾਲ ਸ਼ਾਂਤੀ ਸੰਧੀ ਬਹੁਤਾ ਚਿਰ ਨਿਭ ਨਾ ਸਕੀ। 1735 ਈਸਵੀ ਵਿੱਚ ਜਾਗੀਰ ਜ਼ਬਤ ਕਰ ਲਈ ਗਈ ਪਰ ਭਾਈ ਸਾਹਿਬ ਲਾਹੌਰ ਦੇ ਕੋਤਵਾਲ ਬਣੇ ਰਹੇ। ਪਹਿਲੀ ਜੁਲਾਈ 1745 ਈਸਵੀ ਨੂੰ ਜ਼ਕਰੀਆ ਖਾਨ ਦੀ ਪਿਸ਼ਾਬ ਦਾ ਬੰਨ੍ਹ ਪੈਣ ਕਰਨ ਮੌਤ ਹੋ ਗਈ ਤੇ ਲਾਹੌਰ ਦੀ ਸੂਬੇਦਾਰੀ ਉਸ ਦੇ ਪੁੱਤਰ ਯਾਹੀਆ ਖਾਨ ਨੂੰ ਮਿਲ ਗਈ। ਯਾਹੀਆ ਖਾਨ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਥਾਪ ਦਿੱਤਾ ਤੇ ਸਿੱਖਾਂ ਦੇ ਖਿਲਾਫ ਸਖਤੀ ਦਾ ਦੌਰ ਦੁਬਾਰਾ ਸ਼ੁਰੂ ਹੋ ਗਿਆ।ਫਰਵਰੀ 1746 ਈਸਵੀਨੂੰ ਸਿੱਖਾਂ ਦਾ ਇੱਕ ਜਥਾ ਸ਼ਾਹੀ ਫੌਜਾਂ ਨਾਲ ਝੜਪ ਤੋਂ ਬਾਅਦ ਏਮਨਾਬਾਦ ਦੇ ਇਲਾਕੇ ਵਿੱਚ ਪਹੁੰਚ ਗਿਆ। ਏਮਨਾਬਾਦ ਦਾ ਫੌਜਦਾਰ ਜਸਪਤ ਰਾਏ, ਦੀਵਾਨ ਲਖਪਤ ਰਾਏ ਦਾ ਛੋਟਾ ਭਰਾ ਸੀ। ਉਸ ਨੂੰ ਸਿੱਖਾਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਉਸ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ

ਆਪਣੇ ਭਰਾ ਦੇ ਕਤਲ ਦੀ ਖਬਰ ਸੁਣ ਕੇ ਲਖਪਤ ਰਾਏ ਨੂੰ ਅੱਗ ਲੱਗ ਗਈ। ਉਸ ਨੇ ਪੱਗ ਯਾਹੀਆ ਖਾਨ ਦੇ ਪੈਰਾਂ ਵਿੱਚ ਸੁੱਟ ਕੇ ਸਹੁੰ ਖਾਧੀ ਕਿ ਜਦ ਤੱਕ ਪੰਥ ਖਤਮ ਨਹੀਂ ਹੋ ਜਾਂਦਾ,ਉਹ ਪੱਗ ਨਹੀਂ ਬੰਨ੍ਹੇਗਾ। ਉਸ ਨੇ ਯਾਹੀਆ ਖਾਨ ਕੋਲੋਂ ਸਿੱਖਾਂ ਦੇ ਕਤਲੇਆਮ ਦਾ ਹੁਕਮ ਲੈ ਲਿਆ। ਇਸ ਤੋਂ ਪਹਿਲਾਂ ਸਿਰਫ ਜੰਗੀ ਸਿੱਖ ਹੀ ਸਰਕਾਰ ਦੇ ਬਾਗੀ ਸਮਝੇ ਜਾਂਦੇ ਸਨ, ਪਰ ਲਖਪਤ ਨੇ ਇੱਕ ਪਾਸਿਉਂ ਹੀ ਵਾਢਾ ਰੱਖ ਲਿਆ। ਲਾਹੌਰ ਅਤੇ ਆਸ ਪਾਸ ਅਮਨ ਅਮਾਨ ਨਾਲ ਵੱਸਦੇ ਤੇ ਸਰਕਾਰੀ ਨੌਕਰੀ ਕਰਦੇ ਸਾਰੇ ਸਿੱਖ ਗ੍ਰਿਫਤਾਰ ਕਰ ਲਏ ਗਏ। ਉਹਨਾਂ ਨੂੰ ਇਸਲਾਮ ਜਾਂ ਮੌਤ ਚੁਣਨ ਲਈ ਪੁੱਛਿਆ ਗਿਆ, ਪਰ ਇੱਕ ਵੀ ਸਿੱਖ ਨੇ ਧਰਮ ਨਾ ਛੱਡਿਆ।

ਇਹਨਾਂ ਵਿੱਚ ਭਾਈ ਸੁਬੇਗ ਸਿੰਘ ਤੇ ਉਸ ਦਾ ਬੇਟਾ ਸ਼ਾਹਬਾਜ਼ ਸਿੰਘ ਵੀ ਸ਼ਾਮਲ ਸਨ। ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਹਿੰਦੂਆਂ ਨੇ ਦੀਵਾਨ ਕੌੜਾ ਮੱਲ ਦੀ ਅਗਵਾਈ ਹੇਠ ਲਖਪਤ ਨੂੰ ਇਹ ਜ਼ੁਲਮ ਨਾ ਕਰਨ ਦੀ ਬੇਨਤੀ ਕੀਤੀ, ਪਰ ਉਸ ਨੇ ਕਿਸੇ ਦੀ ਨਾ ਮੰਨੀ। ਭਾਈ ਸੁਬੇਗ ਸਿੰਘ ਸਮੇਤ ਸਾਰੇ ਸਿੱਖ ਮੱਸਿਆ ਵਾਲੇ ਦਿਨ 10 ਮਾਰਚ 1746 ਈਸਵੀ ਨੂੰ ਸ਼ਹੀਦ ਕੀਤੇ ਗਏ। ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਭਾਈ ਸਾਹਿਬ ਦੀ ਸ਼ਹੀਦੀ ਸਿੱਖ ਪੰਥ ਦੇ ਇਤਿਹਾਸ ਵਿੱਚ ਸੁਨਿਹਰੀ ਅੱਖਰਾਂ ਵਿੱਚ ਲਿਖੀ ਗਈ ਹੈ।

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਪਰਿਵਾਰਕ ਹਿੰਸਾ ਅਤੇ ਦੁਰਵਿਹਾਰ ਸਬੰਧੀ ਜਾਗਰੂਕਤਾ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਫ਼ਰਵਰੀ ਮਹੀਨੇ ਦੀ ਮੀਟਿੰਗ 18 ਫ਼ਰਵਰੀ 2023 ਨੰ ਜੈਨੇਸਸ ਸੈਂਟਰ ਕੈਲਗਰੀ ਵਿੱਚ ਕੀਤੀ ਗਈ। ਸਭਾ ਦੀ ਸ਼ੁਰੂਆਤ ਸਭਾ ਸਕੱਤਰ ਸੁਖਜੀਤ ਸੈਣੀ ਵੱਲੋਂ ਹਾਜ਼ਰੀਨ ਨੂੰ ਜੀ ਆਇਆ ਆਖਦਿਆਂ ਹੋਈ। ਸਭਾ ਪਧ੍ਰਾਨਬਲਵਿੰਦਰ ਕੌਰ ਬਰਾੜ ਨੇ ਤੁਰਕੀ ਵਿੱਚ ਆਏ ਭੁਚਾਲ ਬਾਰੇ ਗੱਲ-ਬਾਤ ਕਰਦਿਆਂ ਉੱਥੋਂ ਦੀ ਦਰਦਨਾਕ ਜੀਵਨ ਸਥਿੱਤੀ ਸੰਬੰਧੀ ਦੁੱਖ ਪਗ੍ਰਟ ਕੀਤਾ। ਸੁਖਵੰਤ ਪਰਮਾਰ ਨੇ ਪਰਵਾਰਿਕ ਹਿੰਸਾ ਅਤੇ ਦੁਰਵਿ ਹਾਰ ,ਪੀੜਤਾਂ ਦੀ ਮਦਦ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਭਾਵਨਾਤਮਕ,ਮਨੋਵਿਗਿਆਨਿਕ ਅਤੇ ਜ਼ੁਬਾਨੀ ਦੁਰਵਿਹਾਰ ਬਾਰੇ ਵਿਸਥਾਰ ਪੂਰਵਕ ਦੱਸਦਿਆਂ ਪੀੜਤਾਂ ਦੀ ਸਹਾਇਤਾ ਲਈ " ਕੈਲਗਰੀ ਵੂਮੇਨਜ਼ ਐਮਰਜੇਨਸੀ ਸ਼ੈਲਟਰ" ਵੱਲੋਂ ਦਿੱਤੇ ਜਾਣ ਵਾਲੇ ਪੋਗ੍ਰਾਮ ਅਤੇ ਸੇਵਾਵਾਂ ਨੂੰ ਵਿਸਥਾਰ ਨਾਲ ਭੈਣਾਂ ਅੱਗੇ ਰੱਖਿਆ। ਪਰਿਵਾਰਕ ਹਿੰਸਾ ਅਤੇ ਪਰਿਵਾਰਕ ਨਕਾਰਾਤਮਕ ਵਰਤਾਰੇ ਅੱਗੇ ਅੜ੍ਹਨ ਦੀ ਸਮਰੱਥਾ ਬਣਾਉਣ ਲਈ ਪਹਿਲ ਕਦਮੀ ਅਤੇ ਪੀੜਤਦੀ ਮਦਦ ਕਰਨ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਗਈ। ਮੈਂਬਰਾਂ ਵੱਲੋਂ ਪ੍ਰਸ਼ਨ ਅਤੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਬਲਵਿੰਦਰ ਕੌਰ ਬਰਾੜ, ਬਲਜਿੰਦਰ ਗਿੱਲ, ਹਰਦੇਵ ਬਰਾੜ ਅਤੇ ਸਿੰਮੀ ਚੀਮਾ ਨੇ ਆਪਣੇ ਜੀਵਨ ਦੇ ਤਜ਼ਰਬਿਆਂ ਨੂੰ ਸਾਂਝੇ ਕਰਦਿਆਂ ਸਵੈਮਾਨ ਨਾਲ ਜ਼ਿੰਦਗੀ ਜਿਉਣ ਲਈ ਪੇਰ੍ਰਿਆ। ਔਰਤਾਂ ਨਾਲ ਹੋ ਰਹੇ ਸੱਭਿਆਚਾਰਕ ਅਤੇ ਆਤਮਿਕ ਦੁਰਵਿਹਾਰ ਬਾਰੇ ਵੀ ਗੱਲ-ਬਾਤ ਕੀਤੀ ਗਈ।ਸਭਾ ਮੈਂਬਰਾਂ ਨੇ ਵੀ ਇਸ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ।ਅਮਰਜੀਤ ਗਰੇਵਾਲ਼ ਵੱਲੋਂ " ਪੀ-ਆਰ", ਗੁਰਦੀਸ਼ ਗਰੇਵਾਲ਼ ਵੱਲੋ " ਵੈਲਨਟਾਈਨ ਡੇ", ਸੁਰਜੀਤ ਢਿੱਲੋਂ ਵੱਲੋਂ " ਗਣਤੰਤਰ ਦਿਵਸ"ਕਵਿਤਾ ਸੁਣਾਈ ਗਈ। ਜੋਗਿੰਦਰ ਪੁਰਬਾ, ਸਤਵਿੰਦਰ ਕੌਰ ਪਰਵਾਨ, ਦਵਿੰਦਰ ਕੌਰ ਗੋਤਰਾ, ਹਰਬੰਸ ਕੌਰ ਵੱਲੋ ਬੋਲੀਆਂ,ਸੁਹਾਗ ਅਤੇ ਗੀਤ ਪੇਸ਼ ਕੀਤੇ ਗਏ। ਸਭਾ ਵਿੱਚ ਪਧਾਰੇ ਨਵੇਂ ਮੈਂਬਰਾਂ ਸਿਮੀ ਚੀਮਾ, ਰਾਣੀ ਅਤੇ ਹਰਪਾਲ ਜੌਹਲ ਦਾ ਸੁਆਗਤ ਕੀਤਾ ਗਿਆ।

# ਜ਼ਿੰਦਾ ਜ਼ਮੀਰ


ਮੁਹੰਮਦ ਅੱਬਾਸ ਧਾਲੀਵਾਲ
9855259650




ਸੁਨੀਤਾ ਤੇ ਸਨੇਹ ਲਤਾ ਦੋਵੇਂ ਪਟਿਆਲਾ ਦੀਆਂ ਰਹਿਣ ਵਾਲੀਆਂ ਸਨ ਅਤੇ ਉਹ ਸ਼ਹਿਰ ਤੋਂ ਕਰੀਬ ਵੀਹ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਇੱਕ ਪਿੰਡ ਦੇ ਸਰਕਾਰੀ ਹਾਈ ਸਕੂਲ ਚ ਅਧਿਆਪਕਾਵਾਂ ਸਨ। ਉਨ੍ਹਾਂ ਦਾ ਸਕੂਲ ਪਿੰਡ ਦੇ ਬਸ ਸਟੈਂਡ ਨੇੜੇ ਮੁੱਖ ਮਾਰਗ ਤੇ ਹੀ ਸਥਿਤ ਸੀ। ਨਤੀਜੇ ਵਜੋਂ ਹਰ ਸਰਕਾਰੀ ਤੇ ਪ੍ਰਾਈਵੇਟ ਬਸ ਉੱਥੇ ਰੁਕਦੀ ਸੀ।

ਇਧਰ ਸੁਨੀਤਾ ਤੇ ਸਨੇਹ ਲਤਾ ਨੇ ਜਦੋਂ ਤੋ ਸਕੂਲ ਵਿਖੇ ਜੁਆਇਨ ਕੀਤਾ ਸੀ। ਉਹ ਦੋਵੇਂ ਉਸੇ ਦਿਨ ਤੋਂ ਬਸ ਰਾਹੀਂ ਹੀ ਸਕੂਲ ਆਉਂਦੀਆਂ ਜਾਂਦੀਆਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਬਸ ਦਾ ਸਫਰ ਆਪਣੀ ਟੂ ਵੀਲ੍ਹਰ ਬਾਈਕ ਨਾਲੋਂ ਜ਼ਿਆਦਾ ਸੁਰੱਖਿਅਤ ਤੇ ਆਰਾਮਦਾਇਕ ਸੀ। ਉਨ੍ਹਾਂ ਦੇ ਇਸ ਤਰਕ ਚ ਸੱਚਾਈ ਵੀ ਸੀ। ਕਿਉਂਕਿ ਮੀਂਹ ਕਣੀ ਤੇ ਧੁੰਦ ਦੇ ਮੌਸਮ ਵਿੱਚ ਜਿੱਥੇ ਬਸ ਦ ਸੁਰੱਖਿਅਤ ਸੀ ਉੱਥੇ ਹੀ ਵਧਦੀ ਟ੍ਰੈਫਿਕ ਦੇ ਮੱਦੇਨਜ਼ਰ ਵੀ ਬਸ ਦਾ ਸਫਰ ਸੁਰੱਖਿਅਤ ਸੀ।

ਉਧਰ ਇਲੈਕਸ਼ਨ ਦਾ ਨੇੜ ਸੀ ਜਿਸ ਦੇ ਚਲਦਿਆਂ ਕੱਲ੍ਹ ਸਰਕਾਰ ਵੱਲੋਂ ਮਹਿਲਾ ਦਿਵਸ ਮੌਕੇ ਸੂਬੇ ਵਿੱਚ ਔਰਤਾਂ ਨੂੰ ਬਸ ਚ ਮੁਫਤ ਸਫਰ ਦੀ ਸਹੂਲਤ ਦਾ ਐਲਾਨ ਕੀਤਾ ਗਿਆ ਸੀ। ਇਸ ਸਹੂਲਤ ਦੇ ਅਨੁਸਾਰ ਕੋਈ ਵੀ ਸੂਬੇ ਦੀ ਵਸਨੀਕ ਔਰਤ ਸਰਕਾਰੀ ਬਸ ਚ ਆਧਾਰ ਕਾਰਡ ਵਿਖਾ ਕੇ ਹੁਣ ਮੁਫਤ ਸਫਰ ਕਰ ਸਕਦੀ ਸੀ।ਇਸ ਤੋਂ ਬਾਅਦ ਦੂਜੇ ਦਿਨ ਸੁਨੀਤਾ ਤੇ ਸਨੇਹ ਲਤਾ ਸਕੂਲ ਜਾਣ ਲਈ ਰੋਜ਼ਾਨਾ ਦੀ ਤਰ੍ਹਾਂ ਪੀ.ਆਰ.ਟੀ.ਸੀ. ਦੀ ਇੱਕ ਬਸ ਚ ਸਵਾਰ ਹੋਈਆਂ ਤਾਂ ਉਨ੍ਹਾਂ ਵੇਖਿਆ ਬਸ ਵਿਚ ਅੱਜ ਆਮ ਦਿਨਾਂ ਨਾਲੋਂ ਵਧੇਰੇ ਭੀੜ ਸੀ ਤੇ ਸਵਾਰੀਆਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਕੰਡਕਟਰ ਨੇ ਆਪਣੀ ਰੂਟੀਨ ਚ ਟਿਕਟਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ। ਔਰਤਾਂ ਕੰਡਕਟਰ ਨੂੰ ਆਪਣਾ ਆਧਾਰ ਕਾਰਡ ਵਿਖਾਉਂਦੇ ਹੋਏ ਜ਼ੀਰੋ ਬਿਲ ਵਾਲੀਆਂ ਟਿਕਟਾਂ ਹਾਸਲ ਕਰ ਰਹੀਆਂ ਸਨ। ਔਰਤਾਂ ਦੇ ਚਿਹਰੇ ਤੇ ਇੱਕ ਵੱਖਰੀ ਕਿਸਮ ਦੀ ਮੁਸਕਾਨ ਸੀ ਉਨ੍ਹਾਂ ਦੀ ਇਸ ਖੁਸ਼ੀ ਦਾ ਵੱਡਾ ਕਾਰਨ ਸ਼ਾਇਦ ਬਸ ਚ ਮਿਲ ਰਹੀ ਮੁਫਤ ਸਫਰ ਦੀ ਸਹੂਲਤ ਸੀ ।

ਟਿਕਟਾਂ ਕੱਟਦਿਆਂ ਕੰਡਕਟਰ ਜਦੋਂ ਸੁਨੀਤਾ ਤੇ ਸਨੇਹ ਲਤਾ ਕੋਲ ਆਇਆ ਤਾਂ ਸੁਨੀਤਾ ਨੇ ਝੱਟ ਆਪਣਾ ਆਧਾਰ ਕਾਰਡ ਕੱਢ ਕੰਡਕਟਰ ਦੇ ਮੂਹਰੇ ਕਰ ਜ਼ੀਰੋ ਅਮਾਊਂਟ ਵਾਲਾ ਇੱਕ ਟਿਕਟ ਹਾਸਲ ਕਰ ਆਪਣੇ ਪਰਸ ਦੀ ਜੇਬ ਚ ਸਾਂਭ ਲਿਆ। ਪਰ ਉਹਦੇ ਨਾਲ ਬੈਠੀ ਸਨੇਹ ਲਤਾ ਨੇ ਪੰਜਾਹ ਦਾ ਇੱਕ ਨੋਟ ਪਰਸ ਚੋਂ ਕੱਢ ਕੰਡਕਟਰ ਵੱਲ ਕਰਦਿਆਂ ਜਿਹੜੇ ਪਿੰਡ ਉਹ ਪੜਾਉਂਦੀ ਸੀ ਉਸ ਦੀ ਇੱਕ ਟਿਕਟ ਕਟਾਈ । ਇਧਰ ਸਨੇਹ ਲਤਾ ਨੂੰ ਟਿਕਟ ਲੈਂਦੀ ਵੇਖ ਸੁਨੀਤਾ ਨੇ ਟੋਕਿਆ

"ਕਿਉਂ ਤੇਰੇ ਕੋਲ ਆਧਾਰ ਕਾਰਡ ਨਹੀਂ ਹੈ?"

ਸਨੇਹ ਲਤਾ ਸਕੂਨ ਨਾਲ " ਆਧਾਰ ਕਾਰਡ ਤਾਂ ਹੈ ਮੇਰੇ ਕੋਲੇ। "

ਸੁਨੀਤਾ ਹੈਰਾਨੀ ਨਾਲ " ਫੇਰ ਤੈਨੂੰ ਪੈਸੇ ਦੇ ਕੇ ਟਿਕਟ ਕਟਾਉਣ ਦੀ ਕੀ ਲੋੜ ਪਈ ਹੈ।"

ਸਨੇਹ ਲਤਾ ਆਤਮ ਵਿਸ਼ਵਾਸ ਭਰੇ ਅੰਦਾਜ਼ ਚ "ਨਹੀਂ! ਸੁਨੀਤਾ! ਦਰਅਸਲ ਮੈਂ ਆਧਾਰ ਕਾਰਡ ਨੂੰ ਲੋੜ ਪੈਣ ਤੇ ਇਕ ਆਈ ਡੀ ਪਰੂਫ ਵਜੋਂ ਈ ਵਰਤਦੀ ਹਾਂ। "

ਸੁਨੀਤਾ " ਪਰ ਸਰਕਾਰੀ ਬੱਸਾਂ ਵਿਚ ਮੁਫਤ ਸਹੂਲਤ ਤਾਂ ਸਰਕਾਰ ਨੇ ਸਭਨਾਂ ਮਹਿਲਾਵਾਂ ਨੂੰ ਸਮਾਨ ਰੂਪ ਚ ਦਿੱਤੀ ਹੈ ਫਿਰ ਅਸੀਂ ਕਿਉਂ ਨਾ ਫਾਇਦਾ ਉਠਾਈਏ ।"

ਸਨੇਹ ਲਤਾ " ਇਹ ਤਾਂ ਆਪੋ ਅਪਣੀ ਸੋਚ ਏ..ਮੈਂ ਸਮਝਦੀ ਹਾਂ ਕਿ ਜਦੋਂ ਅਸੀਂ ਚੰਗੀਆਂ ਤਨਖਾਹ ਲੈਂਦੇ ਹਾਂ ਤਾਂ ਸਾਡਾ ਹੱਕ ਬਣਦਾ ਹੈ ਕਿ ਜਿਹੜੀਆਂ ਸਹੂਲਤਾਂ ਦਾ ਅਸੀਂ ਆਨੰਦ ਮਾਣਦੇ ਹਾਂ ਉਨ੍ਹਾਂ ਦਾ ਬਣਦੀ ਪੇਮੈਂਟ ਅਦਾ ਕਰੀਏ। ਵੈਸੇ ਵੀ ਮੈਂ ਕਦੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਅਣਗੌਲਿਆ ਨਹੀਂ ਕਰਦੀ। ਮੇਰਾ ਜ਼ਮੀਰ ਨਹੀਂ ਮੰਨਦਾ ਮੁਫ਼ਤ ਸਫਰ ਕਰਨ ਨੂੰ... ਮੈਂ ਨਹੀਂ ਕਰਦੀ! "

ਦੋਵਾਂ ਦੀ ਪਿਛਲੀ ਸੀਟ ਤੇ ਬੈਠਾ ਇੱਕ ਅਧੇੜ ਉਮਰ ਆਦਮੀ ਉਕਤ ਤਮਾਮ ਵਾਰਤਾਲਾਪ ਸੁਣ ਰਿਹਾ ਸੀ। ਇਸੇ ਦੌਰਾਨ ਕੰਡਕਟਰ ਨੇ ਉੱਚੀ ਦੇ ਕੇ ਵਿਸਲ ਮਾਰੀ ਤੇ ਬਸ ਸਕੂਲ ਸਾਹਮਣੇ ਰੁੱਕੀ । ਦੋਵੇਂ ਅਧਿਆਪਕਾਵਾਂ ਆਪਣੀ ਚਰਚਾ ਵਿਚਾਲੇ ਹੀ ਛੱਡ ਬਸ ਚੋਂ ਉਤਰ ਗਈਆਂ । ਉਹਨਾਂ ਦੀ ਪਿਛਲੀ ਸੀਟ ਤੇ ਬੈਠਾ ਆਦਮੀ ਸਨੇਹ ਲਤਾ ਜਦੋਂ ਬਸ ਦੀ ਖਿੜਕੀ ਵਿਚੋਂ ਦੀ ਵੇਖ ਰਿਹਾ ਸੀ ਤਾਂ ਉਹਦਾ ਦਿਲ ਜਿਵੇਂ ਸਨੇਹ ਲਤਾ ਦੀ ਜ਼ਮੀਰ ਨੂੰ ਵਾਰ ਵਾਰ ਸਲਾਮ ਪੇਸ਼ ਕਰ ਰਿਹਾ ਸੀ।

# ਪ੍ਰਵਾਸੀ ਸਾਹਿਤਕਾਰਾਂ ਨਾਲ ਮਿਲਣੀ ਸਮੇ ਪਵਿਤਰ ਕੌਰ ਮਾਟੀ ਅਤੇ ਜੋਧ ਸਿੰਘ ਮੋਗਾ ਦਾ ਸਨਮਾਨ

## ਪ੍ਰਵਾਸੀ ਸਾਹਿਤਕਾਰਾਂ-ਸੇਖਾ, ਧਾਲੀਵਾਲ, ਬਾਠ, ਮਾਟੀ ਅਤੇ ਮਾਨ ਨਾਲ ਮਿਲਣੀ, ਜੋਧ ਸਿੰਘ ਮੋਗਾ, ਪ੍ਰਵਾਸੀ ਕਹਾਣੀਕਾਰ ਪਵਿੱਤਰ ਕੌਰ ਮਾਟੀ ਦਾ ਸਨਮਾਨ ਅਤੇ ਕਵੀ ਦਰਬਾਰ



ਮੋਗਾ, (ਪੰਜਾਬੀ ਅਖਬਾਰ ਬਿਊਰੋ) ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵਲੋਂ ਕਨੇਡਾ ਰਹਿੰਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਵਲਕਾਰ ਮਹਿੰਦਰਪਾਲ ਧਾਲੀਵਾਲ (ਯੂ ਕੇ), ਪ੍ਰਸਿੱਧ ਵਾਰਤਕਕਾਰ ਜੋਗਿੰਦਰ ਬਾਠ (ਹਾਲੈਂਡ), ਕਹਾਣੀਕਾਰ ਪਵਿੱਤਰ ਕੌਰ ਮਾਟੀ (ਯੂ ਐਸ ਏ) ਅਤੇ ਕਨੇਡਾ ਰਹਿੰਦੇ ਪ੍ਰਸਿੱਧ ਗ਼ਜ਼ਲਗੋ ਹਰਦਮ ਮਾਨ ਨਾਲ ਮਿਲਣੀ ਕਰਨ ਲਈ ਸਥਾਨਕ ਸੁਤੰਤਰਤਾ ਸੰਗਰਾਮੀ ਭਵਨ ਵਿਚ ਸਾਹਿਤਕ ਸਮਾਗਮ ਕਰਵਾਇਆ ਗਿਆ। ਮੰਚ ਵਲੋਂ ਮੋਗੇ ਦੇ ਸਭ ਤੋਂ ਵੱਡੀ ਉਮਰ ਦੇ ਸਾਹਿਤਕਾਰ ਜੋਧ ਸਿੰਘ ਮੋਗਾ ਅਤੇ ਕਹਾਣੀਕਾਰ ਪਵਿੱਤਰ ਕੌਰ ਮਾਟੀ ਨੂੰ ਉਹਨਾਂ ਦੀਆਂ ਸਾਹਿਤਕ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਬਹੁਵਿਧਾਈ ਸਾਹਿਤਕਾਰ ਕੇ ਐਲ ਗਰਗ ਨੇ ਆਖਿਆ ਕਿ ਮੰਚ ਨੇ ਮਰਹੂਮ ਸ਼ਾਇਰ ਮਹਿੰਦਰ ਸਾਥੀ ਦੀ ਨੂੰ ਜਿਉਂਦਾ ਰੱਖਿਆ ਹੈ। ਉਹਨਾਂ ਜੋਧ ਸਿੰਘ ਮੋਗਾ ਦੇ ਸਿਰੜ ਦੀ ਸ਼ਲਾਘਾ ਕੀਤੀ ਜੋ ਉਮਰ ਦੇ ਚੁਰਾਨਵੇਂ ਵਰ੍ਹੇ ਵਿਚ ਵੀ ਸਾਹਿਤਕ ਖੇਤਰ 'ਚ ਸਰਗਰਮ ਹਨ। ਜਿਲ੍ਹਾ ਭਾਸ਼ਾ ਅਫਸਰ ਫਰੀਦਕੋਟ ਤੇ ਉੱਚ ਕੋਟੀ ਦੇ ਸ਼ਾਇਰ ਮਨਜੀਤ ਪੁਰੀ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਲੋਕਾਂ ਅੰਦਰਲੀ ਸੰਵੇਦਨਾ ਨੂੰ ਜਗਾਈ ਰੱਖਣ ਦੀ ਜਿੰਮੇਵਾਰੀ ਸਾਹਿਤਕਾਰਾਂ ਦੀ ਹੈ। ਜਰਨੈਲ ਸਿੰਘ ਸੇਖਾ ਨੇ ਇਹ ਸਾਹਿਤਕ ਸਮਾਗਮ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਕਰਦਿਆਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਮਾਂ-ਬੋਲੀ ਦੇ ਸਤਿਕਾਰ ਲਈ ਹਰ ਸੰਭਵ ਕੋਸ਼ਿਸ਼ ਕਰਨ।

ਨਿਥਾਵੇਂ, ਸੋਫੀਆ ਅਤੇ ਭੁੱਲਿਆ ਪਿੰਡ ਗਰਾਂ ਵਰਗੇ ਚਰਚਿਤ ਨਾਵਲਾਂ ਦੇ ਲੇਖਕ ਮਹਿੰਦਰਪਾਲ ਧਾਲੀਵਾਲ ਨੇ ਕਿਹਾ ਕਿ ਮੌਜੂਦਾ ਦੌਰ ਅਸ਼ਿਹਣਸ਼ੀਲਤਾ ਦਾ ਦੌਰ ਹੈ। ਇਸ ਦੌਰ 'ਚ ਕੱਟੜਤਾ ਅਤੇ ਜਾਤੀਵਾਦ ਜਿਹੀਆਂ ਬੁਰਾਈਆਂ ਖਿਲਾਫ ਬੋਲਣਾ ਤੇ ਲਿਖਣਾ ਸਾਹਿਤਕਾਰਾਂ ਦਾ ਇਖ਼ਲਾਕੀ ਫਰਜ਼ ਹੈ। ਜੱਟ ਮਕੈਨੀਕਲ ਦੇ ਰਚੇਤਾ ਜੋਗਿੰਦਰ ਬਾਠ ਨੇ ਦੁਨੀਆ ਦੇ ਬਦਲ ਰਹੇ ਹਾਲਾਤ ਦੀ ਗੱਲ ਕਰਦਿਆਂ ਕੱਟੜਤਾ ਤੋਂ ਬਚਣ ਦੀ ਅਪੀਲ ਕੀਤੀ। ਸ਼ਾਇਰ ਹਰਦਮ ਮਾਨ ਨੇ ਕਿਹਾ ਸ਼ਾਇਰ ਦੁਨੀਆ ਨੂੰ ਖ਼ੂਬਸੂਰਤ ਵੇਖਣ ਦਾ ਚਾਹਵਾਨ ਹੁੰਦਾ ਹੈ। ਉਹਨਾਂ ਨੇ ਆਪਣੀਆਂ ਗ਼ਜ਼ਲਾਂ ਨਾਲ ਆਪਣੀ ਸ਼ਾਇਰੀ ਦੇ ਖ਼ੂਬਸੂਰਤ ਰੰਗ ਪੇਸ਼ ਕੀਤੇ।

ਨੌਜਵਾਨ ਚਿੰਤਕ ਡਾ ਗੁਰਜੀਤ ਸੰਧੂ ਨੇ ਲਿਖੇ ਜਾ ਰਹੇ ਪ੍ਰਵਾਸੀ ਸਾਹਿਤ ਬਾਰੇ ਵਿਚਾਰ ਪੇਸ਼ ਕੀਤੇ। ਉਹਨਾਂ ਕਿਹਾ ਕਿ ਸਾਹਿਤ ਦੀ ਮੁੱਖ ਧਾਰਾ 'ਚ ਪ੍ਰਵਾਸੀ ਸਾਹਿਤ ਨੂੰ ਬਣਦਾ ਸਥਾਨ ਨਹੀਂ ਦਿੱਤਾ ਗਿਆ। ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਦਿਆਂ ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਸੇਖਾ, ਧਾਲੀਵਾਲ, ਬਾਠ, ਮਾਨ ਅਤੇ ਪਵਿੱਤਰ ਕੌਰ ਮਾਟੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਮੰਚ ਦੇ ਉਦੇਸ਼ਾਂ ਅਤੇ ਕੀਤੇ ਗਏ ਕਾਰਜਾਂ ਦਾ ਬਿਉਰਾ ਪੇਸ਼ ਕੀਤਾ।

ਇਸ ਮੌਕੇ ਸਨਮਾਨਿਤ ਲੇਖਕਾਂ, ਜੋਧ ਸਿੰਘ ਮੋਗਾ ਅਤੇ ਪਵਿੱਤਰ ਕੌਰ ਮਾਟੀ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ। ਜੋਧ ਸਿੰਘ ਬਾਰੇ ਸਨਮਾਨ ਪੱਤਰ ਪ੍ਰਦੀਪ ਰੱਖਰਾ ਅਤੇ ਮਾਟੀ ਬਾਰੇ ਸਨਮਾਨ ਪੱਤਰ ਕਹਾਣੀਕਾਰ ਜਸਬੀਰ ਕਲਸੀ ਨੇ ਪੜ੍ਹਿਆ। ਲੋਕ ਸਾਹਿਤ ਅਕਾਦਮੀ ਮੋਗਾ ਦੇ ਪ੍ਰਧਾਨ ਗੁਰਚਰਨ ਸਿੰਘ ਸੰਘਾ, ਮੰਚ ਦੇ ਸੀਨੀਅਰ ਮੀਤ ਪ੍ਰਧਾਨ ਨਵਨੀਤ ਸਿੰਘ ਸੇਖਾ, ਮੀਤ ਪ੍ਰਧਾਨ ਗੁਰਦੀਪ ਲੋਪੋ, ਸਕੱਤਰ ਧਾਮੀ ਗਿੱਲ, ਸਰਬਜੀਤ ਕੌਰ ਮਾਹਲਾ ਅਤੇ ਸੋਨੀ ਮੋਗਾ ਨੇ ਆਏ ਸਾਹਿਤਕਾਰਾਂ ਦਾ ਸਵਾਗਤ ਕੀਤਾ।

ਇਸ ਮੌਕੇ ਹੋਏ ਕਵੀ ਦਰਬਾਰ 'ਚ ਨੌਜਵਾਨ ਸ਼ਾਇਰਾਂ ਨੇ ਖ਼ੂਬਸੂਰਤ ਸ਼ਾਇਰੀ ਦੇ ਰੰਗ ਬਿਖੇਰੇ। ਫਰੀਦਕੋਟ ਤੋਂ ਆਏ ਸ਼ਾਇਰ ਨਿਰਮੋਹੀ ਫਰੀਦਕੋਟੀ, ਹੈਰੀ ਭੋਲੂਵਾਲਾ, ਗੁਰਤੇਜ ਸਫ਼ਰ, ਗੁਰਜੰਟ ਰਾਜਿਆਣਾ, ਸੁੱਖ ਜ਼ੀਰਾ, ਦੀਪ ਜ਼ੀਰਵੀ, ਗੁਰਬਿੰਦਰ ਕੌਰ ਗਿੱਲ, ਪ੍ਰਿੰਸੀਪਲ ਦਲਜੀਤ ਕੌਰ ਹਠੂਰ, ਰਾਜਬੀਰ ਮੱਤਾ, ਦਰਸ਼ਨ ਦੋਸਾਂਝ, ਲਾਲ ਸਿੰਘ ਸੁਲਹਾਣੀ, ਸ਼ੀਰਾ ਗਰੇਵਾਲ, ਹਰਵਿੰਦਰ ਬਿਲਾਸਪੁਰ, ਕਮਲਜੀਤ ਕੌਰ ਧਾਲੀਵਾਲ ਅਤੇ ਲਾਲੀ ਹਰੀ ਨੈਂ ਨੇ ਆਪਣੇ ਆਪਣੇ ਕਲਾਮ ਨਾਲ ਸਰੋਤਿਆਂ ਨੂੰ ਸ਼ਰਸ਼ਾਰ ਕੀਤਾ। ਮੰਚ ਵਲੋਂ ਕਵੀਆਂ ਨੂੰ ਯਾਦ ਚਿਨ੍ਹ ਦਿੱਤੇ ਗਏ। ਜੋਧ ਸਿੰਘ ਮੋਗਾ ਵਲੋਂ ਬਣਾਏ ਚਿਤਰ ਮਹਿਮਾਨ ਸਾਹਿਤਕਾਰਾਂ ਨੂੰ ਭੇਟ ਕੀਤੇ ਗਏ।

ਪ੍ਰਿੰਸੀਪਲ ਅਵਤਾਰ ਸਿੰਘ ਕਰੀਰ, ਪਰਮਜੀਤ ਕੌਰ ਹਾਲੈਂਡ , ਸ਼ਾਇਰ ਪਵਨ ਗਿੱਲਾਂ ਵਾਲਾ (ਕਨੇਡਾ) ਗਾਇਕ ਚਰਨਜੀਤ ਸਿੰਘ ਸਲੀਣਾ, ਕਹਾਣੀਕਾਰ ਰਾਜਵਿੰਦਰ ਰਾਜਾ, ਅੰਮ੍ਰਿਤਪਾਲ ਸਿੰਘ ਔਲਖ, ਗੁਰਬਚਨ ਕਮਲ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਪ੍ਰਿੰਸੀਪਲ ਨਛੱਤਰ ਸਿੰਘ ਸੇਖਾ, ਬਲਜੀਤ ਸਿੰਘ, ਹਰਕਿਰਪਾਲ ਸਿੰਘ ਸਮੇਤ ਬਹੁਤ ਸਾਰੇ ਸਾਹਿਤ ਪ੍ਰੇਮੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਤਰਾਸ਼ਿਆ ਪੱਥਰ

ਡਾ. ਮਲਹੋਤਰਾ ਸਵੇਰੇ ਮੰਦਿਰੋਂ ਪਰਤੇ ਤਾਂ ਉਹਨਾਂ ਦੇ ਮਾਤਾ ਜੀ ਦਹਿਲੀਜ਼ 'ਤੇ ਖੜ੍ਹੇ ਸੀ। ਹੱਥ ਵਿਚ ਅਖਬਾਰ, ਦਮਕਦਾ ਚਿਹਰਾ ਤੇ ਪੂਰੇ ਖੁਸ਼। ਉਹਨਾਂ ਮਾਂ ਨੂੰ ਏਨਾ ਖੁਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ, ਝਟਪਟ ਕਾਰ ਖੜੀ ਕਰਕੇ ਉਸ ਵੱਲ ਵਧੇ।



ਵੇ ਪੁੱਤ! ਵਧਾਈਆਂ, ਭਗਵਾਨ ਨੇ ਮੇਰੀ ਝੋਲੀ 'ਚ ਬਹੁਤ ਵੱਡੀ ਖੁਸ਼ੀ ਪਾਈ ਐ, ਵੇ ਜਿਉਂਦਾ ਰਹੁ ਬੱਚਿਆ!

"ਕੁਝ ਦੱਸੋਂ ਵੀ, ਕਿਹੜੀ ਖੁਸ਼ੀ ਨੇ ਮੇਰੀ ਮਾਂ ਨੂੰ"

"ਲੈ ਜਿਵੇਂ ਪਤਾ ਈ ਨੀ ਆਪਣੀ ਕਮਲ" ਸਾਹੋ-ਸਾਹ ਹੋਈ ਮਾਂ ਨੇ ਪੁੱਤ ਨੂੰ ਫਿਰ ਜੱਫੀ ਵਿੱਚ ਲੈ ਲਿਆ, ਆਪਣੀ ਕਮਲ ਆਈ.ਏ.ਐਸ. ਵਿਚ ਸੈਕਿੰਡ ਆਈ ਐ' ਪੋਤੀ ਦੀ ਪ੍ਰਾਪਤੀ ਉੱਤੇ ਦਾਦੀ ਲਗਭਗ ਚਣ ਹੀ ਲੱਗ ਪਈ।

ਬੀ ਜੀ! ਤੁਹਾਨੂੰ ਵੀ ਬਹੁਤ ਵਧਾਈਆਂ..ਸਭ ਤੁਹਾਡੀਆਂ ਅਸੀਸਾਂ ਦਾ ਫਲ ਐ? ਡਾਕਟਰ ਤੇ ਮਿਸਿਜ਼ ਮਲਹੋਤਰਾ ਮਾਂ ਦੇ ਪੈਰਾਂ ਉਤੇ ਝੁਕ ਗਏ।

ਮਾਂ ਨੇ ਫਿਰ ਪੁੱਤਰ ਨੂੰ ਜੱਫੀ ਪਾ ਲਈ, ਪੁੱਤਰ ਨੇ ਹੌਲੀ ਜਿਹੀ ਮਾਂ ਦੇ ਕੰਨ ਵਿਚ ਕਿਹਾ, ਜਿਸ ਦਿਨ ਕਮਲ ਜੰਮੀ ਸੀ, ਉਸ ਦਿਨ ਤਾਂ ਬੀ ਜੀ! ਤੁਸੀਂ ਕਿਹਾ ਸੀ ਕਿ ਬਹੂ ਨੇ ਪੱਥਰ ਜੰਮ ਦਿੱਤਾ ਯਾਦ ਐ?

ਪਰ ਮਾਂ ਉਸੇ ਲੋਰ ਵਿਚ ਬੋਲੀ, ਭਗਵਾਨ ਵੀ ਪਹਿਲਾਂ ਪੱਥਰ ਹੀ ਹੁੰਦੈ, ਉਸ ਨੂੰ ਘੜਤਰਾਸ਼ ਕੇ ਪੂਜਣਯੋਗ ਬਣਾ ਲਿਆ ਜਾਂਦੈ।

ਡਾ. ਬਲਦੇਵ ਸਿੰਘ ਖਹਿਰਾ

# ਮਾਂ ਜੀ ਤੇਰੇ ਦੋ ਪਿੰਡ ਆ ! ! ?



ਲਖਵਿੰਦਰ ਜੌਹਲ 'ਧੱਲੇਕੇ'



ਵੱਡੀ ਨਾਨੀ 'ਮਾਂ ਜੀ' ਮੁਖ਼ਤਿਆਰ ਕੌਰ ਜੀ



ਖੱਬੇ ਪਾਸੇ 'ਮਾਂ ਜੀ' ਤੇ ਸੱਜੇ ਪਾਸੇ ਨਾਨੀ 'ਗੁਰਨਾਮ ਕੌਰ' ਜੀ

ਨਿੱਕੇ ਹੁੰਦੇ ਨਾਨਕਿਆਂ ਦੇ ਪਿੰਡ ਜਦੋਂ ਕਦੇ ਜਾਣਾ ਤਾਂ ਬੜਾ ਚਾਅ ਚੜ੍ਹਨਾ। ਨਾਨਕੇ ਘਰ ਵਿੱਚ ਦੋਹਤਵਾਨਾਂ ਦੇ ਆਉਣ ਦਾ ਚਾਅ ਭਾਂਵੇ ਟੱਬਰ ਦੇ ਹਰੇਕ ਜੀਅ ਨੂੰ ਹੁੰਦਾ ਏ, ਪਰ ਨਾਨੇ ਨਾਨੀਆਂ ਨੂੰ ਸਭ ਨਾਲ਼ੋਂ ਵੱਖਰਾ ਹੀ ਚਾਅ ਹੁੰਦਾ ਹੈ। ਮੇਰੇ ਨਾਨੇ ਹੁਰੀਂ ਤਿੰਨ ਭਰਾ ਸਨ ਤੇ ਉਨ੍ਹਾਂ ਵਿੱਚੋਂ ਸਭ ਤੋਂ ਛੋਟੇ ਮੇਰੇ ਨਾਨਾ ਸ੍ਰ ਬਲਦੇਵ ਸਿੰਘ ਜੀ ਸਨ। ਸਭ ਤੋਂ ਵੱਡੇ ਨਾਨਾ ਸ੍ਰ ਬਲਵੀਰ ਸਿੰਘ ਜੀ ਪਿੰਡ ਦੇ ਸਰਪੰਚ ਹੁੰਦੇ ਸਨ ਤੇ ਉਨ੍ਹਾਂ ਦੀ ਘਰਵਾਲ਼ੀ ਮੁਖ਼ਤਿਆਰ ਕੌਰ ਤੇ ਮੇਰੀ ਨਾਨੀ ਗੁਰਨਾਮ ਕੌਰ ਦੋਵੇਂ ਸਕੀਆਂ ਭੈਣਾਂ ਸਨ। ਇਸ ਤਰ੍ਹਾਂ ਮੈਨੂੰ ਨਾਨਕਿਆਂ ਦੇ ਪਿੰਡ ਵਿੱਚ ਦੋ ਦੋ ਨਾਨੀਆਂ ਦਾ ਪਿਆਰ ਮਿਲਿਆ। ਵਿਚਕਾਰਲੇ ਨਾਨਾ ਸ੍ਰ ਨਿਰੰਜਣ ਸਿੰਘ ਤੇ ਨਾਨੀ ਕਰਤਾਰ ਕੌਰ ਦੀ ਮੈਨੂੰ ਬੱਸ ਧੁੰਦਲੀ ਜਿਹੀ ਯਾਦ ਹੈ ਕਿਉਂਕਿ ਉਹ ਮੇਰੇ ਨਿੱਕੇ ਹੁੰਦੇ ਹੀ ਇਸ ਦੁਨੀਆਂ ਤੋਂ ਚਲੇ ਗਏ ਸਨ। ਆਪਣੀ ਨਾਨੀ ਨੂੰ ਮਾਤਾ ਜੀ ਦੀ ਰੀਸੋ ਰੀਸ ਅਸੀਂ 'ਬੀਬੀ' ਕਹਿੰਦੇ ਹਾਂ ਜਦੋਂਕਿ ਵੱਡੀ ਨਾਨੀ ਨੂੰ ਬਾਕੀ ਸਾਰਿਆਂ ਵਾਂਗ 'ਮਾਂ ਜੀ' ਕਹਿ ਕੇ ਬੁਲਾਉਂਦੇ। ਵੱਡੀ ਨਾਨੀ ਰਿਸ਼ਤੇ ਵਿੱਚ ਭਾਵੇਂ ਵੱਡੀ ਸੀ ਪਰ ਉਮਰ ਵਿੱਚ ਮੇਰੀ ਨਾਨੀ ਤੋਂ ਕੋਈ ਦੋ ਸਾਲ ਛੋਟੀ ਸੀ। ਪਰ ਵਿਆਹ ਉਨ੍ਹਾਂ ਦਾ ਪਹਿਲਾ ਹੋਇਆ ਸੀ, ਕਿਉਂਕਿ ਉਹ ਆਪਣੇ ਨਾਨਕੇ ਰਹਿੰਦੇ ਸੀ ਤੇ ਉਨ੍ਹਾਂ ਦਾ ਵਿਆਹ ਨਾਨਕਿਆਂ ਨੇ ਕੀਤਾ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਹੀ ਮੇਰੀ ਨਾਨੀ ਦਾ ਰਿਸ਼ਤਾ ਏਸੇ ਘਰ ਲਿਆਂਦਾ ਸੀ।

ਸਮੇਂ ਦੇ ਬਦਲਾਅ ਨਾਲ ਅੱਗੇ ਨਾਨੇ ਹੁਰੀਂ ਅੱਡੋ ਅੱਡ ਹੋ ਗਏ। ਵੱਡੇ ਦੋਵੇਂ ਭਾਈਆਂ ਨੇ ਪਿੰਡ ਹੀ ਰਿਹਾਇਸ਼ ਰੱਖੀ ਤੇ ਮੇਰੇ ਨਾਨਾ ਜੀ ਆਪਣੀ ਰਿਹਾਇਸ਼ ਪਿੰਡ ਤੋਂ ਕੋਈ ਮੀਲ ਕੁ ਦੀ ਵਿੱਥ ਤੇ ਪਿੰਡੋਂ ਬਾਹਰਵਾਰ ਲੈ ਆਏ। ਮੇਰਾ ਜਨਮ ਵੀ ਮੇਰੇ ਨਾਨਕਿਆਂ ਦੇ ਇਸੇ ਘਰ ਵਿੱਚ ਹੋਇਆ। ਮੈਂ 'ਬੀਬੀ' ਤੇ 'ਮਾਂ ਜੀ' ਦੋਵੇਂ ਭੈਣਾਂ ਦਾ ਆਪਸ ਵਿੱਚ ਬਹੁਤ ਪਿਆਰ ਵੀ ਦੇਖਿਆ ਤੇ ਮਾੜੀ ਮੋਟੀ ਕਦੇ ਕਦੇ ਨੋਕ ਝੋਕ ਵੀ ਹੁੰਦੀ ਦੇਖੀ। ਬੀਬੀ ਸਾਡੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਕਦੇ ਦੋ ਚਾਰ ਸਾਡੇ ਕੰਨਾਂ ਤੇ ਧਰ ਵੀ ਦਿੰਦੀ, ਪਰ 'ਮਾਂ ਜੀ' ਨੇ ਸਾਨੂੰ ਕਦੇ ਕੁਝ ਨਾ ਕਹਿਣਾ ਸਗੋਂ ਸਾਡਾ ਬਚਾਅ ਕਰਨਾ। ਕਦੇ ਕਦੇ ਆਪਣਾ ਸਾਰਾ ਜ਼ੋਰ ਲਾ ਕੇ ਬੁੱਕਲ਼ ਵਿੱਚ ਘੁੱਟ ਲੈਣਾ। ਦੋਵੇਂ ਭੈਣਾਂ ਇੱਕ ਦੂਜੀ ਨੂੰ ਮਿਲਣ ਆਉਂਦੀਆਂ ਜਾਂਦੀਆਂ ਰਹਿੰਦੀਆਂ। ਦੋਵਾਂ ਦੀ ਗੱਲ-ਬਾਤ ਵਿੱਚ ਕਦੇ ਕਦੇ ਬਹਾਵਲਪੁਰੀ ਲਫ਼ਜ਼ਾਂ ਦੀ ਛੋਹ ਵੀ ਹੁੰਦੀ ਕਿਉਂਕਿ ਦੋਵਾਂ ਦਾ ਜਨਮ ਵੰਡ ਤੋਂ ਪਹਿਲਾਂ ਬਹਾਵਲਪੁਰ ਰਿਆਸਤ ਵਿੱਚ ਹੋਇਆ ਸੀ। ਦੋਵਾਂ ਦੀ ਉਮਰ ਉਨ੍ਹਾਂ ਦੇ ਹੀ ਦੱਸਣ ਮੁਤਾਬਕ ਦਸ-ਬਾਰਾਂ ਸਾਲ ਦੀ ਹੋਵੇਗੀ ਜਦੋਂ ਉਹ ਆਪਣੇ ਮਾਂ ਬਾਪ, ਹੋਰ ਛੇ ਭੈਣ-ਭਾਈਆਂ ਅਤੇ ਚਾਚੇ-ਤਾਇਆਂ ਦੇ ਟੱਬਰਾਂ ਨਾਲ ਬਹਾਵਲਪੁਰ ਤੋਂ ਪੈਦਲ ਚੱਲਕੇ ਚੜ੍ਹਦੇ ਪੰਜਾਬ ਵੱਲ ਆਈਆਂ ਸਨ। ਉਧਰੋਂ ਆਉਂਦੇ ਸ਼ਰੀਕੇ ਪਰਿਵਾਰ ਦੇ ਕੁਝ ਜੀਆਂ ਦਾ ਜਾਨੀ ਨੁਕਸਾਨ ਵੀ ਹੋਇਆ ਤੇ ਰਾਹ ਵਿੱਚ ਕੁਝ ਹੋਰ ਹੌਲਨਾਕ ਮੰਜ਼ਰ ਵੀ ਦੇਖੇ। ਜਿਸ ਕਰਕੇ ਮੇਰੇ ਪੁੱਛਣ ਤੇ ਵੀ ਕਦੇ ਜਿਆਦਾ ਕੁਝ ਨਾਂਹ ਦੱਸਦੀਆਂ।

ਇੱਕ ਵਾਰ ਨਿੱਕੇ ਹੁੰਦੇ ਮੈਂ ਨਾਨਕੇ ਘਰ ਗਿਆ ਤਾਂ ਅੱਗੋਂ 'ਮਾਂ ਜੀ' ਬੀਬੀ ਨੂੰ ਮਿਲਣ ਆਈ ਹੋਈ ਸੀ। ਥੋੜ੍ਹਾ ਚਿਰ ਤਾਂ 'ਮਾਂ ਜੀ' ਉੱਥੇ ਬੈਠੀ ਰਹੀ ਤੇ ਫੇਰ ਆਪਣੇ ਪਿੰਡ ਵਾਲੇ ਘਰ ਚਲੀ ਗਈ। ਅਗਲੇ ਦਿਨ ਸ਼ਾਮ ਵੇਲੇ ਮੈਂ ਮਾਤਾ ਜੀ ਤੇ 'ਬੀਬੀ' ਨਾਲ ਪਿੰਡ ਵਾਲੇ ਘਰ ਚਲਿਆ ਗਿਆ। ਜਾਂਦਿਆਂ ਸਾਰ ਹੀ 'ਮਾਂ ਜੀ' ਨੂੰ ਉੱਥੇ ਦੇਖਕੇ ਮੇਰੇ ਮੂੰਹੋਂ ਨਿਕਲਿਆ, ਮਾਂ ਜੀ, ਤੇਰੇ ਕੋਈ ਦੋ ਪਿੰਡ ਆ ! ? 'ਮਾਂ ਜੀ' ਨੇ ਮੁਸਕਰਾਉਂਦੇ ਹੋਏ ਪੁੱਛਿਆ, ਕਿਉਂ ਬਈ ਮੇਰੇ ਦੋ ਪਿੰਡ ਕਿਵੇਂ ਹੋਏ ? ਮੈਂ ਕਿਹਾ, ਕੱਲ੍ਹ ਤੂੰ ਉੱਥੇ ਓਸ ਘਰੇ ਸੀ ਤੇ ਅੱਜ ਐਥੇ, ਹੁਣ ਦੱਸ ਤੇਰੇ ਦੋ ਪਿੰਡ ਆ ! ਮੇਰੀ ਗੱਲ ਸੁਣਕੇ ਸਾਰੇ ਹੱਸ ਪਏ ਤੇ 'ਮਾਂ ਜੀ' ਨੇ ਵੀ ਪਿਆਰ ਨਾਲ ਬੁੱਕਲ਼ ਵਿੱਚ ਲੈ ਕੇ ਕਿਹਾ, ਹਾਂ ਪੁੱਤ, ਮੇਰੇ ਦੋ ਪਿੰਡ ਆ। ਉਸ ਸਮੇਂ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ 'ਮਾਂ ਜੀ' ਤੇ 'ਬੀਬੀ' ਦੋਵੇਂ ਭੈਣਾਂ ਨੇ ਤੇ ਇੱਕ ਦੂਜੀ ਨੂੰ ਮਿਲਣ ਗਈਆਂ ਸਾਰਾ ਸਾਰਾ ਦਿਨ ਕਿਉਂ ਇਕੱਠੀਆਂ ਬੈਠੀਆਂ ਰਹਿੰਦੀਆਂ ਨੇ। ਉਦੋਂ ਇਹ ਗੱਲ ਕਿਸੇ ਭੇਦ ਵਰਗੀ ਲੱਗਦੀ, ਕੁਝ ਵੱਡੇ ਹੋਣ ਤੇ ਹੀ ਇਸ ਭੇਦ ਦਾ ਪਤਾ ਲੱਗਾ। ਫੇਰ 'ਮਾਂ ਜੀ' ਦੇ ਦੋ ਪਿੰਡਾਂ ਵਾਲੀ ਇਹ ਗੱਲ ਵੀ ਮੈਨੂੰ ਹੌਲੀ ਹੌਲੀ ਭੁੱਲ ਗਈ।

ਮਾਤਾ ਜੀ ਦੱਸਦੇ ਹੁੰਦੇ ਸਨ ਕਿ 'ਮਾਂ ਜੀ' ਦਾ ਇੱਕ ਪੁੱਤ ਤੇ ਇੱਕ ਧੀ ਛੋਟੀ ਉਮਰੇ ਹੀ ਹਾਦਸਿਆਂ ਨਾਲ ਚੱਲ ਵੱਸੇ ਸਨ। ਉਸ ਤੋਂ ਬਾਅਦ ਦੋ ਧੀਆਂ ਹੋਈਆਂ। ਫੇਰ ਉਨ੍ਹਾਂ ਨੇ ਨਾਨਾ ਨਿਰੰਜਣ ਸਿੰਘ ਦੇ ਵੱਡੇ ਪੁੱਤਰ ਨੂੰ ਆਪਣੇ ਪੁੱਤ ਵਜੋਂ ਪਾਲਿਆ। ਪਰ ਰੱਬ ਦੀ ਕਰਨੀ ਵੇਖੋ ਕਿ 'ਮਾਂ ਜੀ' ਤੋਂ ਪਹਿਲਾਂ ਹੀ ਉਨ੍ਹਾਂ ਦਾ ਇਹ ਪੁੱਤ ਤੇ ਇੱਕ ਧੀ ਵੀ ਆਪਣੇ ਭਰੇ ਭਰਾਏ ਟੱਬਰ ਛੱਡਕੇ ਦੁਨੀਆਂ ਤੋਂ ਰੁਖ਼ਸਤ ਹੋ ਗਏ। ਪਰ ਸਾਡੀ ਜ਼ਿੰਦਾ-ਦਿਲ 'ਮਾਂ ਜੀ' ਨੇ ਰੱਬ ਦੀ ਰਜ਼ਾ ਵਿੱਚ ਹੀ ਰਾਜ਼ੀ ਰਹਿਣਾ ਸਿੱਖਿਆ ਹੋਇਆ ਸੀ। ਸਖ਼ਤ ਜਾਨ 'ਮਾਂ ਜੀ' ਹਮੇਲਾਂ ਹੌਂਸਲੇ ਵਿੱਚ ਰਹਿੰਦੇ ਤੇ ਘਰ ਹਰ ਆਏ ਗਏ ਦਾ ਆਦਰ ਮਾਣ ਕਰਦੇ। ਸਾਡੇ ਵੱਡੇ ਹੋਣ ਤੱਕ ਵੀ ਸਾਨੂੰ ਓਵੇਂ ਹੀ ਬੁੱਕਲ਼ ਵਿੱਚ ਘੁੱਟਕੇ ਅਸੀਸਾਂ ਦੀ ਝੜੀ ਲਾ ਦਿੰਦੇ, ਜਿਵੇਂ ਸਾਨੂੰ ਛੋਟੇ ਹੁੰਦਿਆਂ ਲਾਡ ਕਰਦੇ ਸਨ। 'ਮਾਂ ਜੀ' ਦੀ ਸਭ ਤੋਂ ਪਹਿਲੀ ਚੰਗੀ ਗੱਲ ਜੋ ਮੈਨੂੰ ਲੱਗਦੀ ਉਨ੍ਹਾਂ ਦਾ ਗੋਰਾ ਨਿਛੋਹ ਰੰਗ ਤੇ ਮਿੱਠੀ ਬੋਲੀ ਬਾਣੀ, ਜਿਸ ਨਾਲ ਅਗਲੇ ਬੰਦੇ ਦਾ ਧਿਆਨ ਸੁਭਾਵਿਕ ਹੀ ਉਨ੍ਹਾਂ ਵੱਲ ਖਿੱਚਿਆ ਜਾਂਦਾ। ਦੂਜਾ ਉਨ੍ਹਾਂ ਦਾ ਲਿਬਾਸ, ਗਲਾਂਵੇ ਤੱਕ ਬੰਦ ਬਟਨਾਂ ਵਾਲੀ ਕੁੜਤੀ ਅਤੇ ਸਲਵਾਰ, ਸਿਰ ਤੇ ਚੁੰਨੀ ਜਿਸਨੂੰ ਕੋਈ ਕੰਮ ਕਰਦੇ ਵਕਤ ਸਿਰ ਤੇ ਰੱਖਕੇ ਪਿੱਛੇ ਲਮਕਾ ਲੈਣਾ ਤੇ ਨਿੱਕੇ ਨਿੱਕੇ ਕੰਮ ਧੰਦੇ ਕਰਦੇ ਰਹਿਣਾ।

ਹੁਣ ਪਿਛਲੇ ਕੁਝ ਸਾਲਾਂ ਤੋਂ ਆਪਣੇ ਅੱਠਾਂ ਭੈਣ ਭਾਈਆਂ ਵਿੱਚੋਂ ਵੀ ਸਿਰਫ 'ਬੀਬੀ' ਤੇ 'ਮਾਂ ਜੀ' ਹੀ ਰਹਿ ਗਈਆਂ, ਬਾਕੀ ਸਭ ਅਗਲੇ ਜਹਾਨ ਚਲੇ ਗਏ। ਵੱਧਦੀ ਉਮਰ ਦੇ ਨਾਲ ਨਾਲ ਤੁਰਨਾ ਫਿਰਨਾ ਵੀ ਕੁਝ ਘੱਟ ਗਿਆ। ਹੁਣ ਜਦੋਂ ਕਦੇ ਦੋਵੇਂ ਭੈਣਾਂ ਨੇ ਮਿਲਣਾ ਵੀ ਤਾਂ ਇੱਕ ਦੂਜੀ ਨੂੰ ਕਹਿਣਾ ਕਿ ਪਹਿਲਾਂ ਤੂੰ ਮੈਨੂੰ ਮਿਲਣ ਕਿਉਂ ਨਾ ਆਉਂਦੀ, ਮੇਰਾ ਪਤਾ ਨਹੀਂ ਲੈਂਦੀ। ਪਰ ਬਾਅਦ ਵਿੱਚ ਫਿਰ ਉਹੋ ਜਿਹੀਆਂ ਹੋ ਜਾਂਦੀਆਂ। ਪਿਛਲੇ ਸਾਲ ਮੈਂ ਨਾਨਕੇ ਗਿਆ ਤਾਂ ਪਤਾ ਲੱਗਾ ਕਿ 'ਮਾਂ ਜੀ' ਹੁਣ ਠੀਕ ਨਹੀਂ ਰਹਿੰਦੇ। ਅਗਲੇ ਹੀ ਦਿਨ ਸ਼ਾਮ ਵੇਲੇ ਮੈਂ ਨਾਨਕਿਆਂ ਦੇ ਪਿੰਡ ਵਾਲੇ ਘਰ ਚਲਾ ਗਿਆ ਤਾਂ ਮੈਨੂੰ ਵੇਖਕੇ ਜਿਵੇਂ 'ਮਾਂ ਜੀ' ਨੂੰ ਚਾਅ ਜਿਹਾ ਚੜ੍ਹ ਗਿਆ। ਮੈਂ ਪੁੱਛਿਆਂ, ਮਾਂ ਜੀ, ਪਛਾਣ ਲਿਆ ? ਅੱਗੋਂ ਮਾਂ ਜੀ ਨੇ ਜਵਾਬ ਦਿੱਤਾ, ਹਾਂ.. ਪਛਾਣ ਲਿਆ, ਹੁਣ ਤੈਨੂੰ ਥੋੜ੍ਹਾ ਭੁੱਲ ਸਕਦੀ ਆ ਭਲਾ ਜੀਹਨੇ ਮੇਰੇ ਦੋ ਪਿੰਡ ਬਣਾ ਦਿੱਤੇ ਸੀ ਤੇ 'ਮਾਂ ਜੀ' ਥੋੜ੍ਹਾ ਹੱਸ ਪਈ। ਮੈਨੂੰ ਵੀ ਭੁੱਲੀ ਵਿੱਸਰੀ ਉਹੀ ਗੱਲ ਯਾਦ ਆਈ ਤੇ ਮੇਰਾ ਵੀ ਹਾਸਾ ਨਿਕਲ ਗਿਆ। ਕਾਫੀ ਚਿਰ ਤੱਕ ਮੈਂ ਉੱਥੇ ਬੈਠਾ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ। ਇਨ੍ਹਾਂ ਗੱਲਾਂ ਬਾਤਾਂ ਵਿੱਚ ਹੀ ਉਨ੍ਹਾਂ ਨੇ ਆਪਣੇ ਵਿੱਛੜੇ ਭੈਣ ਭਾਈਆਂ ਨੂੰ ਯਾਦ ਕੀਤਾ। ਮੇਰੇ ਉੱਥੋਂ ਤੁਰਨ ਲੱਗਿਆਂ ਉਨ੍ਹਾਂ ਨੇ ਮੈਨੂੰ ਗਲ ਨਾਲ ਲਾ ਘੁੱਟਕੇ ਪਿਆਰ ਦਿੱਤਾ ਤੇ ਅਸੀਸਾਂ ਦਿੱਤੀਆਂ। ਪਰ ਮੈਨੂੰ ਤੇ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਹੁਣ ਇਹ ਸਾਡੀ ਆਖਰੀ ਮਿਲਣੀ ਹੋਵੇਗੀ। ਉਸਤੋਂ ਬਾਅਦ ਨਾ ਮੇਰਾ ਕਦੇ ਨਾਨਕਿਆਂ ਦਾ ਗੇੜਾ ਲੱਗਾ ਤੇ ਨਾ ਹੀ 'ਮਾਂ ਜੀ' ਨੂੰ ਮਿਲਿਆ ਗਿਆ।ਅੱਜ ਪਤਾ ਲੱਗਾ ਕਿ 'ਮਾਂ ਜੀ' ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ, ਉਹ ਸਾਨੂੰ ਸਭ ਨੂੰ ਛੱਡਕੇ ਚਲੇ ਗਏ। ਇਹ ਖ਼ਬਰ ਸੁਣਕੇ ਬਚਪਨ ਤੋਂ ਲੈ ਕੇ ਹੁਣ ਤੱਕ 'ਮਾਂ ਜੀ' ਦੀਆਂ ਸਾਰੀਆਂ ਯਾਦਾਂ ਇੱਕ ਫ਼ਿਲਮ ਵਾਂਗ ਅੱਖਾਂ ਅੱਗੇ ਆ ਗਈਆਂ। 'ਮਾਂ ਜੀ' ਦੇ ਦੋ ਪਿੰਡਾਂ ਵਾਲੀ ਗੱਲ ਵੀ ਯਾਦ ਆ ਗਈ ਤੇ ਸੋਚਿਆ ਕਿ ਇਸਨੂੰ ਲਿਖਕੇ ਸਭ ਨੂੰ ਦੱਸਿਆ ਜਾਵੇ। ਹੁਣ ਭਾਂਵੇ ਨਾਨਕਿਆਂ ਦੇ ਕਿੰਨੇ ਹੀ ਗੇੜੇ ਲੱਗਣ ਪਰ 'ਮਾਂ ਜੀ' ਨੇ ਕਦੇ ਨਹੀਂ ਮਿਲਣਾ, ਜੋ ਪਿੱਛੇ ਰਹਿ ਗਈਆਂ ਤਾਂ ਬੱਸ ਉਨ੍ਹਾਂ ਦੀਆਂ ਮਿੱਠੀਆਂ ਯਾਦਾਂ ! 'ਮਾਂ ਜੀ' ਦੇ ਚਲੇ ਜਾਣ ਨਾਲ ਹੀ ਨਾਨਕੇ ਜਾਣ ਦੀ ਖਿੱਚ ਦੀਆਂ ਤੰਦਾਂ ਵਿੱਚੋਂ ਵੀ ਇੱਕ ਤੰਦ ਅੱਜ ਸਦਾ ਲਈ ਟੁੱਟ ਗਈ।



ਪਿਛਲੇ ਸਾਲ ਆਖਰੀ ਮਿਲਣੀ ਵੇਲੇ ਮੈਂ ਤੇ 'ਮਾਂ ਜੀ'

# ਪਾਕਿਸਤਾਨ ਆਪਣੀਆਂ ਮੁਸ਼ਕਿਲਾਂ ਲਈ ਖੁਦ ਜ਼ਿੰਮੇਵਾਰ - ਐਸ ਜੈਸ਼ੰਕਰ




ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਆਖਿਆ ਕਿ ਪਾਕਿਸਤਾਨ ਆਪਣੀਆਂ ਮੁਸ਼ਕਿਲਾਂ ਲਈ ਖੁਦ ਜ਼ਿੰਮੇਵਾਰ ਹੈ। ਇੱਕ ਪ੍ਰੋਗਰਾਮ ਦੌਰਾਨ ਵਿਦੇਸ਼ ਮੰਤਰੀ ਨੇ ਕਿਹਾ- ਜੇਕਰ ਤੁਸੀਂ ਅੱਤਵਾਦ ਉਦਯੋਗ ਨੂੰ ਚਲਾਉਂਦੇ ਹੋ ਤਾਂ ਅਜਿਹੀਆਂ ਵੱਡੀਆਂ ਸਮੱਸਿਆਵਾਂ ਜ਼ਰੂਰ ਆਉਣਗੀਆਂ। ਜਿੱਥੋਂ ਤੱਕ ਪਾਕਿਸਤਾਨ ਦੀ ਮੱਦਦ ਕਰਨ ਦਾ ਸਵਾਲ ਹੈ, ਅਸੀਂ ਪਹਿਲਾਂ ਦੇਖਾਂਗੇ ਕਿ ਭਾਰਤ ਦੇ ਲੋਕ ਇਸ ਬਾਰੇ ਕੀ ਸੋਚਦੇ ਹਨ। ਵਰਨਣਯੋਗ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਨੇ ਲੰਬੇ ਸਮੇਂ ਬਾਅਦ ਪਾਕਿਸਤਾਨ ਬਾਰੇ ਬਿਆਨ ਦਿੱਤਾ ਹੈ। ਅਸਲ ਵਿੱਚ ਜੈਸ਼ੰਕਰ ਏਸ਼ੀਆ ਇਕਨਾਮਿਕ ਡਾਇਲਾਗ 'ਚ ਮੀਡੀਆ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਇਸ ਸਮਾਗਮ ਦਾ ਆਯੋਜਨ ਖੁਦ ਵਿਦੇਸ਼ ਮੰਤਰਾਲੇ ਨੇ ਕੀਤਾ ਸੀ। ਇਸ ਸਮਾਗਮ ਵਿੱਚ ਪਾਕਿਸਤਾਨ ਨੂੰ ਛੱਡ ਕੇ ਸਾਰੇ ਗੁਆਂਢੀ ਦੇਸ਼ਾਂ ਦੇ ਵਫ਼ਦ ਅਤੇ ਮੰਤਰੀ ਮੌਜੂਦ ਸਨ। ਇਸੇ ਦੌਰਾਨ ਵਿਦੇਸ਼ ਮੰਤਰੀ ਨੂੰ ਪੁੱਛਿਆ ਗਿਆ ਸੀ ਕਿ ਪਾਕਿਸਤਾਨ ਦੀ ਆਰਥਿਕਤਾ ਬਹੁਤ ਖਰਾਬ ਹੈ ਅਤੇ ਕੀ ਭਾਰਤ ਨੂੰ ਇਸ ਸਮੇਂ ਪਾਕਿਸਤਾਨ ਦੀ ਮਦਦ ਨਹੀਂ ਕਰਨੀ ਚਾਹੀਦੀ। ਤਾਂ ਇਸੇ ਦੇ ਜਵਾਬ 'ਚ ਮੰਤਰੀ ਨੇ ਕਿਹਾ ਸੀ ਕਿ ਇਸ ਸਥਿੱਤੀ ਲਈ ਪਾਕਿਸਤਾਨ ਖੁਦ ਜ਼ਿੰਮੇਵਾਰ ਹੈ।

# ਦੋ ਜਣਿਆਂ ਨੇ ਗੇਮ ਕਾਹਦੀ ਹਾਰੀ, ਉਹਨਾਂ ਦੀ ਹਾਰ ਦੀ ਨਮੋਸ਼ੀ 7 ਜਣਿਆਂ ਦੀ ਜਾਨ ਲੈ ਬੈਠੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਾਜ਼ੀਲ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵਿੱਚ ਦੋ ਵਿਅਕਤੀ ਗੋਲੀਬਾਰੀ ਕਰਦੇ ਨਜ਼ਰ ਆ ਰਹੇ ਹਨ। ਇਸ ਘਟਨਾ 'ਚ 7 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਇੱਕ 12 ਸਾਲਾ ਬੱਚੀ ਵੀ ਸ਼ਾਮਲ ਹੈ। ਹਮਲੇ ਤੋਂ ਬਾਅਦ ਦੋਵੇਂ ਦੋਸ਼ੀ ਫਰਾਰ ਹੋ ਗਏ। ਘਟਨਾ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਦੋਵੇਂ ਦੋਸ਼ੀ ਪੂਲ ਗੇਮ 'ਚ ਹਾਰ ਗਏ ਸਨ। ਹਾਰਨ ਤੋਂ ਬਾਅਦ ਹਾਲ 'ਚ ਮੌਜੂਦ ਬਾਕੀ ਲੋਕ ਉਸ 'ਤੇ ਹੱਸਣ ਲੱਗੇ। ਮੁਲਜ਼ਮ ਇਹ ਗੱਲ ਬਰਦਾਸ਼ਤ ਨਾ ਕਰ ਸਕੇ ਅਤੇ ਗੁੱਸੇ ਵਿੱਚ ਦੋਵਾਂ ਨੇ ਗੋਲੀਆਂ ਚਲਾ ਦਿੱਤੀਆਂ। ਹੁਣ ਪੁਲਿਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ। ਵੀਡੀ? 'ਚ ਦੇਖਿਆ ਜਾ ਸਕਦਾ ਹੈ ਕਿ ਗੇਮ ਤੋਂ ਬਾਅਦ ਸਾਰੇ ਹਾਲ 'ਚ ਬੈਠੇ ਹਨ। ਉਦੋਂ ਹੀ ਇੱਕ ਆਦਮੀ ਬੰਦੂਕ ਲੈ ਕੇ ਉੱਥੇ ਆਉਂਦਾ ਹੈ ਅਤੇ ਸਾਰੇ ਲੋਕਾਂ ਨੂੰ ਹੱਥ ਖੜ੍ਹੇ ਕਰਨ ਲਈ ਕਹਿੰਦਾ ਹੈ। ਉਹ ਸਾਰਿਆਂ ਨੂੰ ਕੰਧ ਦੇ ਸਾਹਮਣੇ ਇੱਕ ਲਾਈਨ ਵਿੱਚ ਖੜ੍ਹੇ ਹੋਣ ਲਈ ਕਹਿੰਦਾ ਹੈ। ਇੱਕ ਹੋਰ ਆਦਮੀ ਸ਼ਾਟਗਨ ਲੈ ਕੇ ਕਾਰ ਵਿੱਚੋਂ ਬਾਹਰ ਆਉਂਦਾ ਹੈ। ਦੋਵੇਂ ਫਾਇਰਿੰਗ ਸ਼ੁਰੂ ਕਰ ਦਿੰਦੇ ਹਨ।ਜਿਸ ਵਿੱਚ 7 ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਨੂੰ ਜ਼ਮੀਨ 'ਤੇ ਡਿੱਗਦੇ ਦੇਖਿਆ ਜਾ ਸਕਦਾ ਹੈ। ਕੁੱਝ ਲੋਕ ਆਪਣੀ ਜਾਨ ਬਚਾਉਣ ਲਈ ਭੱਜਦੇ ਵੀ ਦੇਖੇ ਜਾ ਸਕਦੇ ਹਨ। ਇਸ ਮਾਮਲੇ ਚ ਪੁਲਿਸ ਦੋਹਾਂ ਦੋਸ਼ੀਆਂ ਐਡਗਰ ਰਿਕਾਰਡੋ ਡੀ ਓਲੀਵੀਰਾ ਅਤੇ ਈਜ਼ੇਕੀਆਸ ਸੂਜ਼ਾ ਰਿਬੇਰੋ ਦੀ ਸਰਗਰਮੀ ਨਾਲ ਤਲਾਸ਼ ਕਰ ਰਹੀ ਹੈ।

# ਲਾਹੌਰ ਪਹੁੰਚੇ ਗੀਤਕਾਰ ਜਾਵੇਦ ਅਖ਼ਤਰ ਦਾ ਬਿਆਨ ਕਿ ਮੁੰਬਈ ਹਮਲਿਆਂ ਦੀ ਸਾਜਿਸ਼ ਕਰਨ ਵਾਲੇ ਪਾਕਿਸਤਾਨ ਵਿੱਚ ਖੁੱਲ੍ਹੇਆਮ ਘੁੰਮ ਰਹੇ ਹਨ



ਲਾਹੌਰ (ਪੰਜਾਬੀ ਅਖ਼ਬਾਰ ਬਿਊਰੋ) ਗੀਤਕਾਰ ਤੇ ਸ਼ਾਇਰ ਜਾਵੇਦ ਅਖ਼ਤਰ ਨੇ ਕਿਹਾ ਕਿ ਪਾਕਿਸਤਾਨ ਵਿੱਚ 26/11 ਮੁੰਬਈ ਹਮਲਿਆਂ ਦੇ ਦਹਿਸ਼ਤਗਰਦ ਅਜੇ ਵੀ ਖੁੱਲ੍ਹੇਆਮ ਘੁੰਮ ਰਹੇ ਹਨ। ਉਰਦੂ ਕਵੀ ਫੈਜ਼ ਅਹਿਮਦ ਫੈਜ਼ ਦੀ ਯਾਦ 'ਚ ਲਾਹੌਰ ਵਿਖੇ ਕਰਵਾਏ ਗਏ ਸੱਤਵੇਂ ਫੈਜ਼ ਫੈਸਟੀਵਲ ਸਬੰਧੀ ਵਾਇਰਲ ਹੋਈ ਵੀਡੀਓ ਵਿੱਚ ਲੇਖਕ ਨੇ ਇਹ ਟਿਪਣੀਆਂ ਉਦੋਂ ਕੀਤੀਆਂ ਜਦੋਂ ਇਕ ਦਰਸ਼ਕ ਨੇ ਜਾਵੇਦ ਅਖਤਰ ਨੂੰ ਭਾਰਤੀਆਂ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਆਖਿਆ ਕਿ ਪਾਕਿਸਤਾਨ ਹਾਂ-ਪੱਖੀ, ਮਿੱਤਰਤਾਪੂਰਨ ਤੇ ਪਿਆਰਾ ਮੁਲਕ ਹੈ। ਗੀਤਕਾਰ ਨੇ ਕਿਹਾ, 'ਸਾਨੂੰ ਇਕ ਦੂਜੇ ਉਤੇ ਦੋਸ਼ ਮੜ੍ਹਨ ਨਾਲ ਕੁੱਝ ਨਹੀਂ ਮਿਲਣਾ। ਤਣਾਅਪੂਰਨ ਮਾਹੌਲ ਨੂੰ ਘਟਾਉਣ ਬਾਰੇ ਸੋਚਣਾ ਚਾਹੀਦਾ ਹੈ।' ਕਵੀ ਫੈਜ਼ ਦੇ ਪੋਤੇ ਆਦਿਲ ਹਾਸ਼ਮੀ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿੱਚ ਅਖਤਰ ਨੇ ਕਿਹਾ, 'ਅਸੀਂ ਮੁੰਬਈ ਦੇ ਬਾਸ਼ਿੰਦੇ ਹਾਂ, ਆਪਣੇ ਸ਼ਹਿਰ 'ਤੇ ਹਮਲਿਆਂ ਦਾ ਸੰਤਾਪ ਭੋਗਿਆ ਹੈ, ਉਹ ਹਮਲਾਵਰ ਨਾਰਵੇ ਜਾਂ ਮਿਸਰ ਤੋਂ ਨਹੀਂ ਆਏ ਸਨ। ਉਹ ਤੁਹਾਡੇ ਮੁਲਕ ਵਿੱਚ ਖੁੱਲ੍ਹੇਆਮ ਘੁੰਮ ਰਹੇ ਹਨ। ਜੇ ਹਿੰਦੁਸਤਾਨੀ ਦੇ ਦਿਲ ਵਿੱਚ ਕੋਈ ਦੁੱਖ ਹੈ ਤਾਂ ਤੁਹਾਨੂੰ ਨਾਰਾਜ਼ ਨਹੀਂ ਹੋਣਾ ਚਾਹੀਦਾ। ਅਖਤਰ ਨੇ ਇਹ ਵੀ ਕਿਹਾ ਕਿ ਪਾਕਿਸਤਾਨੀ ਕਲਾਕਾਰਾਂ ਨੁਸਰਤ ਫਤਿਹ ਅਲੀ ਖਾਨ ਅਤੇ ਮਹਿੰਦੀ ਹਸਨ ਦਾ ਭਾਰਤ ਵਿੱਚ ਵੱਡੇ ਪ੍ਰੋਗਰਾਮ ਕਰਵਾਏ ਗਏ ਸੀ ਪਰ ਪਾਕਿਸਤਾਨ 'ਚ ਲਤਾ ਮੰਗੇਸ਼ਕਰ ਦਾ ਕੋਈ ਪ੍ਰੋਗਰਾਮ ਨਹੀਂ ਕਰਵਾਇਆ ਗਿਆ।
















ਚਾਨਣ ਦੀਪ ਸਿੰਘ ਔਲਖ

# ਸੋਸ਼ਲ ਮੀਡੀਆ ਦੀ ਵਧ ਰਹੀ ਲਤ ਇੱਕ ਚਿੰਤਾ ਦਾ ਵਿਸ਼ਾ

**ਸੋਸ਼ਲ ਮੀਡੀਆ ਦੀ ਲਤ ਤੋਂ ਛੁਟਕਾਰਾ ਪਾਉਣ ਲਈ, ਇਨ੍ਹਾਂ ਪਲੇਟਫਾਰਮਾਂ ‘ਤੇ ਬਿਤਾਏ ਸਮੇਂ ਦਾ ਧਿਆਨ ਰੱਖਣਾ ਜਰੂਰੀ ਹੈ। ਆਪਣੇ ਲਈ ਸੀਮਾਵਾਂ ਨਿਰਧਾਰਤ ਕਰੋ ਅਤੇ ਸੋਸ਼ਲ ਮੀਡੀਆ ‘ਤੇ ਆਪਣਾ ਸਮਾਂ ਸੀਮਤ ਕਰਨ ਲਈ ਸੁਚੇਤ ਕੋਸ਼ਿਸ ਕਰੋ।**

(ਹੋਰ ਗਤੀਵਿਧੀਆਂ ਵਿੱਚ ਸਾਮਲ ਹੋਣਾ ਵੀ ਮਹੱਤਵਪੂਰਨ ਹੈ ਜੋ ਤੁਹਾਨੂੰ ਸੰਤੁਸਟੀ ਅਤੇ ਖੁਸੀ ਪ੍ਰਦਾਨ ਕਰਦੀਆਂ ਹਨ)

ਅੱਜ ਦੇ ਸਮੇਂ ਵਿੱਚ, ਸੋਸਲ ਮੀਡੀਆ ਸਾਡੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ। ਦੋਸਤਾਂ ਅਤੇ ਪਰਿਵਾਰ ਨਾਲ ਜੁੜੇ ਰਹਿਣ ਤੋਂ ਲੈ ਕੇ ਤਾਜਾ ਖਬਰਾਂ ਅਤੇ ਰੁਝਾਨਾਂ ਬਾਰੇ ਸੂਚਿਤ ਰਹਿਣ ਤੱਕ, ਸੋਸਲ ਮੀਡੀਆ ਪਲੇਟਫਾਰਮ ਬਹੁਤ ਸਾਰੇ ਲਾਭਾਂ ਦੀ ਪੇਸਕਸ ਕਰਦੇ ਹਨ। ਹਾਲਾਂਕਿ, ਇਹਨਾਂ ਪਲੇਟਫਾਰਮਾਂ ਦੀ ਬਹੁਤ ਜ਼ਿ?ਆਦਾ ਵਰਤੋਂ ਇੱਕ ਖਤਰਨਾਕ ਲਤ ਦਾ ਕਾਰਨ ਬਣ ਸਕਦੀ ਹੈ, ਜਿਸਦਾ ਸਾਡੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ‘ਤੇ ਮਹੱਤਵਪੂਰਣ ਪ੍ਰਭਾਵ ਪੈ ਸਕਦਾ ਹੈ।

ਸੋਸਲ ਮੀਡੀਆ ਦੀ ਲਤ ਸੋਸਲ ਮੀਡੀਆ ਪਲੇਟਫਾਰਮਾਂ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਦਰਸਾਉਂਦੀ ਹੈ, ਜੋ ਕਿਸੇ ਵਿਅਕਤੀ ਦੇ ਰੋਜਾਨਾ ਜੀਵਨ ਦੀਆਂ ਗਤੀਵਿਧੀਆਂ ਵਿੱਚ ਦਖਲਅੰਦਾਜੀ ਕਰਦਾ ਹੈ। ਜੋ ਲੋਕ ਸੋਸਲ ਮੀਡੀਆ ਦੇ ਆਦੀ ਹਨ, ਉਹ ਅਣਗਿਣਤ ਘੰਟੇ ਆਪਣੀਆਂ ਫੀਡਾਂ ਰਾਹੀਂ ਬ੍ਰਾਊਜ਼ ਕਰਨ, ਸੂਚਨਾਵਾਂ ਦੀ ਜਾਂਚ ਕਰਨ, ਅਤੇ ਆਪਣੀ ਸਮਾਂ-ਸੀਮਾਵਾਂ ਰਾਹੀਂ ਸਕ੍ਰੋਲ ਕਰਨ ਲਈ ਬਿਤਾਉਂਦੇ ਹਨ। ਇਸ ਬਹੁਤ ਜ਼ਿ?ਆਦਾ ਵਰਤੋਂ ਨਾਲ ਨਕਾਰਾਤਮਕ ਨਤੀਜੇ ਨਿਕਲ ਸਕਦੇ ਹਨ, ਜਿਸ ਵਿੱਚ ਉਤਪਾਦਕਤਾ ਵਿੱਚ ਕਮੀ, ਨੀਂਦ ਦੀ ਕਮੀ ਅਤੇ ਸਰੀਰਕ ਸਿਹਤ ਵਿੱਚ ਗਿਰਾਵਟ ਸਾਮਲ ਹੈ।

ਸੋਸਲ ਮੀਡੀਆ ਦੀ ਲਤ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਕਾਰਕਾਂ ਵਿੱਚੋਂ ਇੱਕ ਹੈ ਤਤਕਾਲ ਸੰਤੁਸਟੀ ਦੀ ਨਿਰੰਤਰ ਲੋੜ। ਸੋਸਲ ਮੀਡੀਆ ਪਲੇਟਫਾਰਮਾਂ ‘ਤੇ ਪ੍ਰਾਪਤ ਕੀਤੇ ਤਤਕਾਲ ਫੀਡਬੈਕ, ਲਾਈਕ ਅਤੇ ਟਿੱਪਣੀਆਂ ਬਹੁਤ ਜ਼ਿ?ਆਦਾ ਆਦੀ ਬਣਾ ਸਕਦੀਆਂ ਹਨ, ਜਿਸ ਨਾਲ ਜਾਂਚ ਅਤੇ ਸਕ੍ਰੋਲਿੰਗ ਦਾ ਕਦੇ ਨਾ ਖਤਮ ਹੋਣ ਵਾਲਾ ਚੱਕਰ ਸੁਰੂ ਹੁੰਦਾ ਹੈ। ਮਹੱਤਵਪੂਰਨ ਅਪਡੇਟਾਂ ਜਾਂ ਗੱਲਬਾਤ ਤੋਂ ਖੁੰਝ ਜਾਣ ਦਾ ਡਰ ਇੱਕ ਹੋਰ ਕਾਰਕ ਹੈ ਜੋ ਸੋਸਲ ਮੀਡੀਆ ਦੀ ਲਤ ਵਿੱਚ ਯੋਗਦਾਨ ਪਾਉਂਦਾ ਹੈ।

ਇਸ ਤੋਂ ਇਲਾਵਾ, ਸੋਸਲ ਮੀਡੀਆ ਸਾਡੀ ਮਾਨਸਿਕ ਸਿਹਤ ‘ਤੇ ਵੀ ਮਾੜਾ ਪ੍ਰਭਾਵ ਪਾ ਸਕਦਾ ਹੈ। ਸੋਸਲ ਮੀਡੀਆ ‘ਤੇ ਦੂਜਿਆਂ ਨਾਲ ਲਗਾਤਾਰ ਤੁਲਨਾ ਘੱਟ ਸਵੈ-ਮਾਣ ਅਤੇ ਚਿੰਤਾ ਦੀਆਂ ਭਾਵਨਾਵਾਂ ਦਾ ਕਾਰਨ ਬਣ ਸਕਦੀ ਹੈ। ਸੋਸਲ ਮੀਡੀਆ ਦੀ ਲਤ ਇਕੱਲਤਾ ਅਤੇ ਉਦਾਸੀ ਦੀਆਂ ਭਾਵਨਾਵਾਂ ਦਾ ਕਾਰਨ ਵੀ ਬਣ ਸਕਦੀ ਹੈ, ਕਿਉਂਕਿ ਲੋਕ ਆਪਣੀ ਸਕ੍ਰੀਨ ‘ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ ਅਤੇ ਅਸਲ ਜ਼ਿਦਗੀ ਵਿਚ ਦੂਜਿਆਂ ਨਾਲ ਘੱਟ ਸਮਾਂ ਬਿਤਾਉਂਦੇ ਹਨ।

ਸੋਸਲ ਮੀਡੀਆ ਦੀ ਲਤ ਤੋਂ ਛੁਟਕਾਰਾ ਪਾਉਣ ਲਈ, ਇਨ੍ਹਾਂ ਪਲੇਟਫਾਰਮਾਂ ‘ਤੇ ਬਿਤਾਏ ਸਮੇਂ ਦਾ ਧਿਆਨ ਰੱਖਣਾ ਜਰੂਰੀ ਹੈ। ਆਪਣੇ ਲਈ ਸੀਮਾਵਾਂ ਨਿਰਧਾਰਤ ਕਰੋ ਅਤੇ ਸੋਸਲ ਮੀਡੀਆ ‘ਤੇ ਆਪਣਾ ਸਮਾਂ ਸੀਮਤ ਕਰਨ ਲਈ ਸੁਚੇਤ ਕੋਸ਼ਿਸ ਕਰੋ। ਹੋਰ ਗਤੀਵਿਧੀਆਂ ਵਿੱਚ ਸਾਮਲ ਹੋਣਾ ਵੀ ਮਹੱਤਵਪੂਰਨ ਹੈ ਜੋ ਤੁਹਾਨੂੰ ਸੰਤੁਸਟੀ ਅਤੇ ਖੁਸੀ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ ਪੜ੍ਹਨਾ, ਕਸਰਤ ਕਰਨਾ, ਅਤੇ ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾਉਣਾ।

ਸਿੱਟੇ ਵਜੋਂ, ਸੋਸਲ ਮੀਡੀਆ ਦੀ ਲਤ ਇੱਕ ਵਧ ਰਹੀ ਚਿੰਤਾ ਦਾ ਵਿਸਾ ਹੈ ਜੋ ਸਾਡੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ‘ਤੇ ਮਾੜਾ ਪ੍ਰਭਾਵ ਪਾ ਸਕਦੀ ਹੈ। ਸਾਨੂੰ ਸੋਸਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਦੇ ਨਕਾਰਾਤਮਕ ਨਤੀਜਿਆਂ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਸੋਸਲ ਮੀਡੀਆ ਪਲੇਟਫਾਰਮਾਂ ‘ਤੇ ਆਪਣੇ ਸਮੇਂ ਨੂੰ ਸੀਮਤ ਕਰਨ ਲਈ ਮਹੱਤਵਪੂਰਨ ਕਦਮ ਚੁੱਕਣੇ ਚਾਹੀਦੇ ਹਨ। ਇਸਦੀ ਵਧੇਰੇ ਵਰਤੋਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਸੁਚੇਤ ਰਹਿਣ ਨਾਲ ਅਤੇ ਜੋ ਸਾਨੂੰ ਖੁਸੀ ਦੇ ਸਕਦੀਆਂ ਹਨ ਉਹਨਾਂ ਗਤੀਵਿਧੀਆਂ ਵਿੱਚ ਸਾਮਲ ਹੋ ਕੇ ਅਸੀਂ ਖੁਸਹਾਲ ਅਤੇ ਸਿਹਤਮੰਦ ਜੀਵਨ ਜੀਅ ਸਕਦੇ ਹਾਂ।

# ਐ ਵਤਨ, ਤੇਰੇ ਰਤਨ..

**ਚਰਨਜੀਤ ਭੁੱਲਰ**

ਚੰਡੀਗੜ੍ਹ : ਦੇਸ਼ ਕਾ ਨੇਤਾ ਕੈਸਾ ਹੋ..ਪਿੰਡ ਬਾਦਲ ਚੋਂ ਆਵਾਜ਼ ਆਈ, ਅਮਿਤ ਰਤਨ ਜੈਸਾ ਹੋ! ਲਓ ਜੀ, ਜਥੇਦਾਰ ਅਮਿਤ ਰਤਨ ਬਠਿੰਡਾ ਹਲਕੇ ’ਚ ਤਸ਼ਰੀਫ਼ ਲੈ ਆਏ। ਮਿਹਰਬਾਨੋ! ਪਿਆਰਾ ਰਤਨ, ਸਹੁੰ ਰੱਬ ਦੀ, ਨੀਲੀ ਪੱਗ ’ਚ ਏਨਾ ਫਬੇ, ਹਲਕੇ ਤੋਂ ਚਾਅ ਨਾ ਚੁੱਕਿਆ ਜਾਵੇ। ਕੋਈ ਐਸੀ ਚੰਦਰੀ ਨਜ਼ਰ ਲੱਗੀ, ਬਠਿੰਡਵੀ ਹੀਰੇ ਦੀ ਪਛਾਣ ਕਰਨੋ ਖੁੰਝ ਗਏ। ਬੱਸ ਸੇਵਾ ਦਾ ਜਜ਼ਬਾ, ਚੁਣਾਵੀ ਹਾਰ ਨੇ ਚੂਰ-ਚੂਰ ਕਰਤਾ।

ਅਚਾਨਕ ਅਸਮਾਨੋ ਬੋਲ ਗੂੰਜੇ..‘ਮੈਂ ਸਮਾਂ ਹਾਂ..ਮੇਰੇ ਨਾਲ ਚੱਲਣਾ ਸਿੱਖ’। ਐਸੀ ਗੱਲ ਪੱਲੇ ਪਈ, ਦਿਨ ਅੱਖ ਦੇ ਫੋਰੇ ਲੰਘ ਗਏ। ਮੂੰਹ ਹੱਥ ਧੋ, ਜਦ ਰਤਨ ਭਲਵਾਨੀ ਗੇੜੇ ’ਤੇ ਨਿਕਲੇ; ਗਲੀ ਮਹੱਲੇ , ਚਾਰ ਚੁਫੇਰੇ , ਇੱਕੋ ਨਾਅਰਾ, ‘ਇੱਕ ਮੌਕਾ ਦੇਣਾ ਅਸਾਂ ਕੇਜਰੀਵਾਲ ਨੂੰ’। ਪਿੰਡ ਕੋਟਫੱਤੇ ਦੀ ਗਲੀ ’ਚ ਖੜ੍ਹ ਮਨੋ ਮਨੀ ਸੋਚਣ ਲੱਗਿਆ, ਰਤਨ ਬੰਦਿਆ! ਰੱਬ ਨੇ ਬਠਿੰਡਵੀਆਂ ਦਾ ਕਲਿਆਣ ਤੇਰੇ ਹੀ ਹੱਥੋਂ ਲਿਖਿਐ।

ਹਾਲੇ ਪੈਰ ਪੁੱਟਿਆ ਹੀ ਸੀ, ਫੇਰ ਕਿਧਰੋਂ ਆਵਾਜ਼ ਪਈ, ‘ਬਿੱਗ ਬੌਸ ਚਾਹਤੇ ਹੈਂ..। ਸਤੌਜ ਵਾਲੇ ਕੀ ਚਾਹੁੰਦੇ ਸੀ, ਇਹ ਤਾਂ ਪਤਾ ਨਹੀਂ । ਰਤਨ ਨੇ ਨਾ ਅੱਗਾ ਦੇਖਿਆ, ਨਾ ਪਿੱਛਾ, ਵਾਹੋਦਾਹੀ ਭੱਜਿਆ ਕਿਹੜਾ ਦਿੱਲੀ ਦੂਰ ਸੀ। ਰਤਨ ਟਾਟਾ ਜ਼ਰੂਰ ਬਿੱਗ ਬੌਸ ਦੀ ਪਾਰਖੂ ਅੱਖ ’ਤੇ ਹੱਸਿਆ ਹੋਊ। ਅੱਲਾ ਮਿਹਰਬਾਨ ਰਤਨ ਪਹਿਲਵਾਨ। ਰਾਸ਼ੀਫਲ ਦੇਖ , ਅਮਿਤ ਫੇਰ ਉਸੇ ਹਲਕੇ ਆਣ ਵੜੇ, ਸਿਰ ’ਤੇ ਕੇਸਰੀ ਪੱਗ, ਗਲ ’ਚ ਪਰਨਾ। ਐਨ ਬਰੈਂਡ ਨਿਊ ਪਏ ਲੱਗਦੇ ਪਏ ਸਨ। ਲੋਕਾਂ ਤੋਂ ਚਾਅ ਨਾ ਚੁੱਕਿਆ ਜਾਵੇ, ਕਿਸੇ ਨੇ ਸੋਚਿਆ ਤੱਕ ਨਹੀਂ ਸੀ ਕਿ ਉਨ੍ਹਾਂ ਦੇ ਪਿੰਡ ਇਨਕਲਾਬ ਖੁਦ ਚੱਲ ਕੇ ਆਏਗਾ। ਬਜ਼ੁਰਗ ਦਰਸ਼ਨ ਕਰ ਕਰ ਧੰਨ ਹੋ ਗਏ।

ਕਿਸਮਤ ਨੇ ਗੁਪਤ ਕੜਛੇ, ਭਰ ਭਰ ਅਮਿਤ ਦੀ ਝੋਲੀ ਪਾਏ। ‘ਪਿੰਗਲਾ ਪਹਾੜ ਚੜ੍ਹ ਜਾਏ, ਜੇ ਕਿਰਪਾ ਹੋਜੇ ਮਾਲਕ ਦੀ।’ ਇੱਧਰ ਨਾਅਰੇ ਵੱਜ ਰਹੇ ਸਨ, ‘ਜਿੱਤ ਗਿਆ ਬਈ ਜਿੱਤ ਗਿਆ’, ਉਧਰ ਜਗਸੀਰ ਜੀਦਾ ਹੇਕਾਂ ਲਾਈ ਜਾਵੇ, ‘ਕਾਮਰੇਡਾਂ ਨੇ ਗੋਗੜਾਂ ਛੱਡੀਆਂ, ਚੰਦਰਾ ਜ਼ਮਾਨਾ ਆ ਗਿਆ।’ ਜੇਤੂ ਜਲੂਸ ’ਚ ਅਮਿਤ ਏਨਾ ਬਾਗੋ-ਬਾਗ, ਜਿਵੇਂ ਕਾਰੂੰ ਦਾ ਖ਼ਜ਼ਾਨਾ ਹੱਥ ਲੱਗ ਗਿਆ ਹੋਵੇ। ‘ਉਹੀ ਰਾਜ ਚੰਗਾ, ਜਿਥੇ ਦੁੱਧ ਦਹੀਂ ਗੰਗਾ’।

ਰਿਸ਼ਮ ਗਰਗ ਗੁਣਗੁਣਾਏ.. ਮੇਰੇ ਦੇਸ਼ ਦੀ ਧਰਤੀ ਸੋਨਾ ਉਗਲੇ, ਉਗਲੇ ਹੀਰੇ ਮੋਤੀ..। ਲੋਕਾਂ ਨੂੰ ਜਾਪਿਆ ਜਿਵੇਂ ਇਹ ਕੋਟਫੱਤੇ ਦਾ ਹੀਰਾ ਧਰਤੀ ਦਾ ਸੀਨਾ ਪਾੜ ਹੁਣੇ ਨਿਕਲਿਆ ਹੋਵੇ। ਜ਼ਿੰਦਗੀ ਚਲੋ ਚਾਲ ਤੁਰਨ ਲੱਗੀ। ਰਤਨ ਇੰਜਨੀਅਰ ਵੀ ਹੈ, ਉਮੀਦ ਸੀ ਕਿ ਹਲਕੇ ਦੇ ਵਿਕਾਸ ਦਾ ਇੰਜਨ ਚੰਗਾ ਬੰਨ੍ਹੂ। ਪਤਾ ਉਦੋਂ ਲੱਗਿਆ ਜਦੋਂ ਹਲਕੇ ਦੀ ਹਾਲਤ ਪੀਟਰ ਇੰਜਨ ਵਰਗੀ ਹੋਗੀ। ਗੁਰਸ਼ਰਨ ਭਾਅ ਜੀ ਦੇ ਨਾਟਕ ’ਚ ਇੱਕ ਬਾਬਾ ਆਖਦੈ, ‘ਏਸ ਨਾਗਨੀ ਮਾਇਆ ਕੋ ਹਮ ਹਾਥ ਨਹੀਂ ਲਗਾਤੇ, ਇਸ ਕੋ ਸੰਤੋਂ ਦੀ ਝੋਲੀ ਮੇਂ ਡਾਲ ਦੋ।’ ਰਿਸ਼ਮ ਗਰਗ ਨੇ ਸਭ ਸੁੱਖ



ਤਿਆਗ ਬਠਿੰਡੇ ਡੇਰੇ ਲਾਏ। ਪ੍ਰਣ ਕੀਤਾ, ਚੰਦਰੀ ਮਾਇਆ ਨੂੰ ਭਸਮ ਕਰਕੇ ਸਾਹ ਲਵਾਂਗੇ।

‘ਵਕਤ ਵਿਚਾਰੇ ਸੋ ਬੰਦਾ ਹੋਵੇ’। ਅਮਿਤ ਨੇ ਏਨੇ ਪੈਰ ਪਸਾਰੇ ਕਿ ਚਾਦਰ ਵੀ ਛੋਟੀ ਰਹਿ ਗਈ। ਪਿੰਡ ਘੁੱਦਾ ਦਾ ਪ੍ਰਿਤਪਾਲ ਮੂਰਖਨੰਦ ਹੀ ਨਿਕਲਿਆ। ਸੇਰ ਚੋਂ ਹਾਲੇ ਪੂਣੀ ਨਹੀਂ ਕੱਤੀ ਸੀ, ਘੁੱਦੇ ਆਲਾ ਵਿਕਾਸ ਦੇ ਪਹੇ ’ਚ ਅੜਿੱਕਾ ਸਿੰਘ ਬਣ ਕੇ ਬੈਠ ਗਿਆ। ਅਖੇ, ਅਮਿਤ ਹਿੱਸਾ ਮੰਗਦੈ। ਸ਼ਿਕਾਇਤੀ ਟੱਟੂਓ, ਇਸ ਰਤਨ ਨੂੰ ਲਾਲ ਸਲਾਮ ਆਖੋ, ਨਾਲੇ ਸੱਤ ਤੋਪਾਂ ਦੀ ਸਲਾਮੀ ਦੀ ਤਿਆਰੀ ਕਰੋ।

ਇਮਾਨਦਾਰੀ ਦੇ ਲਲਕਾਰੇ ਪਏ ਵੱਜਦੇ ਹੋਣ, ਸਰਾਰੀ ਨੂੰ ਘਰੇ ਤੋਰ ਦਿੱਤਾ ਗਿਆ ਹੋਵੇ। ਏਨੀ ਮਚਦੀ ਅੱਗੇ ’ਚ ਵੀ ਕੋਟਫੱਤੇ ਵਾਲਾ ਜੈਮਲ ਫੱਤਾ ਬਣਕੇ ਖੜ੍ਹ ਗਿਆ, ਇਹ ਮਾਮੂਲੀ ਗੱਲ ਨਹੀਂ। ਜ਼ਰੂਰੀ ਨਹੀਂ ਕਿ ਚੱਕਵੇਂ ਚੁੱਲ੍ਹੇ ਹਰ ਚੌਂਕੇ ’ਤੇ ਸਜਣ। ਅਸਾਂ ਦੇ ਤਾਂ ਭਗਵੰਤ ਮਾਨ ਸਮਝੋਂ ਬਾਹਰ ਐ, ਪਹਿਲਾਂ ਕਹਿੰਦਾ, ਸਾਰੇ ਵਿਧਾਇਕ ਸਰਕਟ ਹਾਊਸਾਂ ’ਚ ਠਹਿਰਨਗੇ। ਰਤਨ ਇਹੋ ਬੋਲ ਪੁਗਾਉਣ ਤਾਂ ਬਠਿੰਡਾ ਦੇ ਸਰਕਟ ਹਾਊਸ ਗਿਆ ਸੀ, ਅੱਗਿਓ ਵਿਜੀਲੈਂਸ ਆਲੇ ਸ਼ਕਤੀਮਾਨ ਵਾਂਗੂ ਆ ਪ੍ਰਗਟ ਹੋਏ। ਕੰਬਖਤੋਂ, ਇਹ ਕੋਈ ਵੀਰੱਪਨ ਐ ਜਾਂ ਹਾਜੀ ਮਸਤਾਨ, ਲੱਖਾਂ ਲੋਕਾਂ ਦੇ ਚੁਣੇ ਨੁਮਾਇੰਦੇ ਨੇ। ਮਸਤ ਮਲੰਗਾਂ ਨਾਲ ਪੰਗਾ, ਜ਼ਰੂਰ ਵਿਜੀਲੈਂਸ ਨੂੰ ਸਰਾਪ ਲੱਗੇਗਾ।

ਰਿਸ਼ਮ ਗਰਗ ਦੇ ਗਿਲਾਸ ’ਚ ਹੱਥ ਧੁਆਏ, ਗਲਾਸ ਦਾ ਪਾਣੀ ਰੰਗਲਾ ਹੋ ਗਿਆ। ‘ਪਾਨੀ ਰੇ ਪਾਨੀ, ਤੇਰਾ ਰੰਗ ਕੈਸਾ।’ ਵਿਰਲ ਵਿਚੋਂ ਦੀ ਪੰਜਾਬ ਝਾਕਿਆ ਹੋਊ ਤਾਂ ਅਮਿਤ ਰਤਨ ਨੇ ਅੱਖ ਮਿਲਾ ਆਖਿਆ ਹੋਊ, ‘ਕਿਉਂ ਬਈ! ਹੋਰ ਬਣਾਈਏ ਰੰਗਲਾ ਜਾਂ ਸਰਜੂ। ਪੰਜਾਬ ਦਾ ਗੱਚ ਭਰਿਆ ਗਿਆ, ਸਵਰਗਪੁਰੀ ’ਚ ਯਮ੍ਹਲਾ ਜੱਟ ਤੋਂ ਰਿਹਾ ਨਾ ਗਿਆ, ‘ ਭਾਗੋ ਵਰਗਿਆਂ ਲੋਕਾਂ ਲੁੱਟ ਮਚਾਈ ਏ, ਹੱਕ ਬਿਗਾਨਾ ਖਾਣਾ ਕੀ ਵਡਿਆਈ ਏ।’ ਜਿੰਨੇ ਮੂੰਹ, ਓਨੀਆਂ ਗੱਲਾਂ, ਅਖੇ ਰਤਨ ਬਾਬੂ ਤੱਤੇ ਕੜਾਹੇ ’ਚ ਹੱਥ ਪਾ ਬੈਠੇ। ‘ਤੇਰੀ ਹਰ ਮੱਸਿਆ ਬਦਨਾਮੀ, ਨੀ ਮੋਤੀਆਂ ਦੇ ਲੌਂਗ ਵਾਲੀਏ।’

ਕਦਰਦਾਨੋ! ਇਸ਼ਕ ਦੇ ਗਮ ’ਚ ਸ਼ਰਾਬੀ ਹੋਏ ਨੂੰ ਦੇਵਦਾਸ ਕਹਿੰਦੇ ਨੇ। ਇਨ੍ਹਾਂ ਨੂੰ ਕੀ ਕਹੀਏ। ਰਤਨ ਪਰਿਵਾਰ ਘਰੋਂ ਏਨਾ ਰੱਜਿਆ ਪੁੱਜਿਐ ਕਿ ਜਿਵੇਂ ਰੱਬ ਧੰਨੇ ਭਗਤ ਦੀਆਂ ਗਊਆਂ ਚਾਰਨ ਆਇਆ ਕੋਟਫੱਤੇ ਗੇੜਾ ਮਾਰ ਗਿਆ ਹੋਵੇ। ਮਾਪਿਆਂ ਨੇ ਗਿੱਲੇ ਗੋਹੇ ’ਤੇ ਕਦੇ ਪੈਰ ਨਹੀਂ ਰੱਖਿਆ ਹੁੰਦਾ, ਔਲਾਦਾਂ ਨਿੱਤ ਗੋਹਾ ਇਸ਼ਨਾਨ ਕਰਦੀਆਂ ਨੇ ,ਤਾਹੀਓਂ ਪੰਜਾਬ ਪ੍ਰੇਸ਼ਾਨ ਐ। ਕਿਤੇ ਅਕਲ ਦੇ ਟੋਭੇ ’ਚ ਡੁਬਕੀ ਲਾਈ ਹੁੰਦੀ ਤਾਂ ਨਾਮ ਦੀ ਖੁਮਾਰੀ ਕਾਫ਼ੀ ਸੀ। ਨਾ ਅਦਾਲਤਾਂ ਦੀਆਂ ਪੌੜੀਆਂ ਚੋਂ ਚੱਕਵੇਂ ਪੈਰੀਂ ਉੱਤਰਨਾ ਪੈਂਦਾ।

ਹੁਣ ਬਿਗ ਬੌਸ ਕਯਾ ਚਾਹਤੇ ਐ, ਕੋਈ ਇਲਮ ਨਹੀਂ, ਪੰਜਾਬ ਨੇ ਜੋ ਚਾਹਿਆ, ਉਹ ਹੋ ਗਿਆ। ਪ੍ਰਤਾਪ ਬਾਜਵਾ ਆਖਦਾ ਪਿਆ ਏ, ਬਈ! ਸਾਡਾ ਤਾਂ ਨੁਕਸਾਨ ਹੋ ਗਿਆ। ਬਜਟ ਸੈਸ਼ਨ ਕਰਕੇ ਅਸੀਂ ਤਾਂ ਰਤਨ ਵਾਲੇ ਗੌਣ ਤਿਆਰ ਕਰਾਏ ਸਨ, ਹੁਣ ਉਨ੍ਹਾਂ ਦਾ ਕੀ ਕਰੀਏ। ਦੌਲਤ ਦੀ ਲਤ ਬੜੀ ਭੈੜੀ ਐ। ਕਿਤੇ ਮੁੱਖ ਮੰਤਰੀ ਨੇ ‘ਰਿਸ਼ਵਤ ਛੁਡਾਊ ਕੇਂਦਰ’ ਖੋਲ੍ਹੇ ਹੁੰਦੇ ਤਾਂ ਬਠਿੰਡਾ ਹਲਕੇ ਦਾ ਆਹ ਹਾਲ ਨਹੀਂ ਹੋਣਾ ਸੀ, ‘ ਸੁੰਨੀਆਂ ਸੁੰਨੀਆਂ ਗਲੀਆਂ ਨੀ ਔਹ ਮੇਰੇ ਯਾਰ ਬਿਨਾਂ, ਦਿਲ ਪਿਆ ਗੋਤੇ ਖਾਂਦਾ ਏ ਦਿਲਦਾਰ ਬਿਨਾਂ।’

(24 ਫਰਵਰੀ 2023)


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ

(ਮਾਰਚ ਤੋਂ ਦਸੰਬਰ ਤੱਕ ਚਲੇਗਾ)

ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ

ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ

ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ

ਕਾਲ ਕਰੋ:

1 250 319 7263

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust

Products of Services:
• Insulation
• Drywall
• Taping
• Texturing
• Blow Insulation

ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ

ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜ੍ਹੀਏ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ 31 ਸਾਲਾ ਪਗੜੀਧਾਰੀ ਤੇ 6 ਫੁੱਟ ਲੰਮੇ , ਚੰਡੀਗੜ੍ਹ ਵਿੱਚ ਜੰਮੇ ਪਲੇਅ ਲੜਕੇ ਲਈ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ,ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਇਸ ਵੇਲੇ ਸੀ ਐਨ ਰੇਲ ਚ ਚੰਗੀ ਜੋਬ ਕਰ ਰਿਹਾ ਹੈ। ਲੜਕੀ ਮੈਨੀਟੋਬਾ ਜਾਂ ਅਲਬਰਟਾ ਤੋਂ ਜਾਂ ਉਥੇ ਤਬਦੀਲ ਹੋਣ ਲਈ ਰਾਜ਼ੀ ਹੇਵੇ।ਰਿਸ਼ਤੇ ਸਬੰਧੀ ਆਪਣਾ ਬਾਇਓਡਾਟਾ ਇਸ ਫੋਨ ਨੰਬਰ 1 587 969 6363 ਉੱਪਰ ਵਟਸਐਪ ਕਰ ਸਕਦੇ ਹੋ। ***220***

### ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ 33 ਸਾਲਾ ਸਿੱਖ ਰਾਮਗੜ੍ਹੀਆ 5'-7" ਲੰਮੀ ਚੰਡੀਗੜ ਵਿੱਚ ਜੰਮੀ-ਪਲੀ ਆਈਟੀ ਪਰੋਫੈਸ਼ਨਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਤੇ ਅਲਬਰਟਾ/ਮੈਨੀਟੋਬਾ ਦੇ ਆਲੇ-ਦੁਆਲੇ ਤੋ ਲ਼ੰਮੇ ਕੁੱਦ ਵਾਲੇ ਲੜਕੇ ਦੀ ਲੋੜ ਹੈ।ਪੁੱਛਗਿੱਛ ਅਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬਾਇਓਡਾਟਾ ਅਤੇ ਹਾਲੀਆ ਤਸਵੀਰਾਂ ਵੱਟਸ ਐਪ ਤੇ ਭੇਜ ਸਕਦੇ ਹੋ !+1 587-969-6363 WhatsApp

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸਟੱਡੀ ਵੀਜੇ ਉੱਪਰ ਕਨੇਡਾ ਰਹਿ ਰਹੀ ਲੜਕੀ,ਜਨਮ 1994,ਕੱਦ 5 ਫੁੱਟ 7 ਇੰਚ, ਿਵਿਦਅਕ ਯੋਗਤਾ: ਐਮ ਏ ਇੰਗਲਿਸ਼ ਲਿਟਰੇਚਰ,ਅਤੇ ਹੁਣ ਐਡਵਾਂਸ ਕਮਿਊਨਿਕੇਸ਼ਨ ਦੀ ਪੜ੍ਹਾਈ ਕਰਦੀ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮਾਲਵੇ ਵਿੱਚ 40 ਕਿੱਲਿਆਂ ਦੇ ਮਾਲਕ ਸੰਧੂ ਪਰਿਵਾਰ ਦੀ ਧੀ ਹੈ। ਲੜਕੀ ਦਾ ਭਰਾ ਵੀ ਕਨੇਡਾ ਸੈਟਲਡ ਹੈ। ਸੰਪਰਕ: 1 780 975 9073 ਜਾਂ 1 780 885 7581 ***214***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987,ਿਵਦਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਸੰਪਰਕ: 1 587 777 0366 ਜਾਂ ਈ ਮੇਲ: tarunsandhu7585@gmail.com***218***

### ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜੋ ਇਸ ਵੇਲੇ ਬੀ ਐਸ ਸੀ ਨਰਸਿੰਗ (ਆਰ ਐਨ) ਦੀ ਪੜ੍ਹਾਈ ਕਰ ਰਹੀ ਹੈ,ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 1 306 265 0068 ***213***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਇਕਲੌਤੇ ਵੈਸ਼ਨੂੰ ਲੜਕੇ ,ਉਮਰ 32 ਸਾਲ, ਕੱਦ 6 ਫੁੱਟ, ਤਿੰਨ ਸਾਲ ਦਾ ਆਟੋਬਾਡੀ ਦਾ ਡਿਪਲੋਮਾ ਕੀਤਾ ਹੋਇਆ ਹੈ ,ਲਈ ਹਾਣ ਪ੍ਰਵਾਣ ਦੀ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਵਿਨੀਪੈਗ ਮੂਵ ਹੋ ਸਕਦੀ ਹੋਵੇ। ਸੰਪਰਕ: 431 997 5121 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਹੁੰਦਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ : ਫਾਰਮੇਸੀ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 899 9167 ***212***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਜਨਮ 1990, ਕੱਦ 5 ਫੁੱਟ 11 ਇੰਚ, ,ਉੱਚ ਤਕਨੀਕੀ ਯੋਗਤਾ (ਮਕੈਨੀਕਲ ਇੰਜੀਨੀਅਰ) ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਆਪਣਾ ਬਿਜਨਿਸ ਕਰ ਰਹੇ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***212***

### ਲੜਕੀਆਂ ਦੀ ਲੋੜ

ਕਨੇਡੀਅਨ ਪੀ ਆਰ ਢਿੱਲੋਂ ਪਰਿਵਾਰ ਦੇ ਲੜਕੇ ਉਮਰ 30 ਸਾਲ (ਜੁੜਵੇਂ) ਕੱਦ 5 ਫੁੱਟ 7 ਇੰਚ, ਵੈਸ਼ਨੂੰ,ਨਸ਼ਾ ਰਹਿਤ, ਵਿਦਿਅਕ ਯੋਗਤਾ ,ਐਮ ਐਸ ਸੀ ਫਿਜਿਕਸ,ਕਨੇਡਾ ਤੋਂ ਇੰਮੀਗ੍ਰੇਸ਼ਨ ਸਲਾਹਕਾਰ ਡਿਪਲੋਮਾ ਹੋਲਡਰ,ਅਤੇ ਇਸਦੇ ਹੀ ਜੁੜਵੇਂ ਭਰਾ,ਜੋ ਇੰਡੀਆ ਰਹਿੰਦਾ ਹੈ। ਜਿਸਦਾ ਕੱਦ ਵੀ 5 ਫੁੱਟ 7 ਇੰਚ ਹੀ ਹੈ । ਉਸਨੇ ਐਮ ਐਸ ਸੀ ਕੈਮਿਸਟਰੀ ਕੀਤੀ ਹੋਈ ਹੈ । ਉਹ ਅੰਮ੍ਰਿਤਧਾਰੀ ਹੈ,ਲਈ ਹਾਣ ਪ੍ਰਵਾਣ ਦੀਆਂ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟਸ ਲੜਕੀਆਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 780 271 7578 ਜਾਂ 01191-98152 01997 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਖੂਬਸੂਰਤ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 35 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਆਪਣਾ ਘਰ ਹੈ ਅਤੇ ਚੰਗੀ ਜੌਬ ਕਰ ਰਹੀ ਹੈ। ਡੀਸੈਂਟ ਮੈਰਿਜ ਡਿਵੋਰਸ ਕੇਸ ਵੀ ਵਿਚਾਰਿਆ ਜਾ ਸਕਦਾ ਹੈ। ਵਿਆਹ ਜਲਦੀ। ਫੋਨ ਕਾਲ ਜਾਂ ਵਟਸਐਪ : 1 204 295 0178 ***212***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

### ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 610 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

### ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436

Need Nanny
Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.
**Salary: $13 - $15**
**Gurbinder Sohal**
City: Regina, SK
**Contact Number 306-520-4313**

Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ


ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

ਡਰਾਇਵਰਾਂ ਦੀ ਲੋੜ
Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 854 3124

## ਐਸਟ੍ਰਾ ਜੈਨਿਕਾ ਵੱਲੋਂ ਕੈਨੇਡਾ 'ਚ ਖੋਜ ਕਾਰਜਾਂ ਲਈ 500 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ - ਟਰੂਡੋ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਐਸਟ੍ਰਾ ਜੈਨਿਕਾ ਵੱਲੋਂ ਕੈਨੇਡਾ ਵਿੱਚ ਆਪਣੀ ਖੋਜ ਦੇ ਕੰਮਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ । ਇਸ ਸਬੰਧੀ ਉਨਟਾਰੀਓ ਦੇ ਮਿਸੀਸਾਗਾ ਵਿਖੇ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕੇ ਐਸਟ੍ਰਾ ਜੈਨਿਕਾ ਵੱਲੋਂ 500 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਨਾਲ ਕੈਂਸਰ , ਕੋਵਿਡ ਅਤੇ ਕਿਡਨੀ ਨਾਲ ਸਬੰਧਤ ਬਿਮਾਰੀਆਂ ਦੇ ਖੋਜ ਕਾਰਜਾਂ ਤੋਂ ਇਲਾਵਾ ਹੋਰ ਅਹਿਮ ਖੋਜਾਂ ਉੱਪਰ ਧਿਆਨ ਕੇਂਦਰਤ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਨਿਵੇਸ਼ ਦੇ ਨਾਲ 500 ਦੇ ਕਰੀਬ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

## ਪਿਛਲੇ 11 ਮਹੀਨਿਆਂ ਦੌਰਾਨ 57829 ਉਸਾਰੀ ਕਿਰਤੀਆਂ ਨੂੰ 77.65 ਕਰੋੜ ਰੁਪਏ ਜਾਰੀ ਕੀਤੇ : ਅਨਮੋਲ ਗਗਨ ਮਾਨ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸੀਲ ਹੈ। ਇਸ ਦਿਸਾ ਵਿੱਚ ਕੰਮ ਕਰਦੇ ਹੋਏ ਕਿਰਤ, ਸਿਕਾਇਤ ਨਿਵਾਰਣ, ਨਿਵੇਸ ਪ੍ਰੋਤਸਾਹਨ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਅਤੇ ਪ੍ਰਾਹੁਣਚਾਰੀ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਸੂਬਾ ਸਰਕਾਰ ਵਲੋਂ ਪਿਛਲੇ 11 ਮਹੀਨਿਆਂ ਦੌਰਾਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸਨ ਵਰਕਰਜ ਵੈਲਫੇਅਰ ਬੋਰਡ ਰਾਹੀਂ ਵੱਖ-ਵੱਖ ਕਿਰਤ ਭਲਾਈ ਸਕੀਮਾਂ ਤਹਿਤ ਰਜਿਸਟਰਡ 57,829 ਉਸਾਰੀ ਕਿਰਤੀਆਂ ਨੂੰ ਵੱਖ ਵੱਖ ਉਸਾਰੀ ਕਿਰਤੀ ਭਲਾਈ ਸਕੀਮਾਂ ਅਧੀਨ 77.65 ਕਰੋੜ ਰੁਪਏ ਜਾਰੀ ਕੀਤੇ ਗਏ ਹਨ।



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਗੈਰ-ਹੁਨਰਮੰਦ ਕਾਮਿਆਂ ਦੀ ਘੱਟੋ-ਘੱਟ ਉਜਰਤਾਂ 9192 ਰੁਪਏ ਤੋਂ ਵਧਾ ਕੇ 9907 ਰੁਪਏ ਕੀਤੀਆਂ ਗਈਆਂ ਹਨ, ਜਦਕਿ ਅਰਧ ਹੁਨਰਮੰਦਾਂ ਦੀ ਘੱਟੋ-ਘੱਟ ਉਜਰਤਾਂ 9972 ਰੁਪਏ ਤੋਂ ਵਧਾ ਕੇ 10687 ਰੁਪਏ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹੁਨਰਮੰਦ ਕਾਮਿਆਂ ਦੀ ਉਜਰਤਾਂ 10869 ਰੁਪਏ ਤੋਂ ਵਧਾ ਕੇ 11584 ਰੁਪਏ ਅਤੇ ਉੱਚ ਹੁਨਰਮੰਦ ਕਾਮਿਆਂ ਦੀ ਉਜਰਤਾਂ 11901 ਰੁਪਏ ਤੋਂ ਵਧਾ ਕੇ 12616 ਰੁਪਏ ਕੀਤੀਆਂ ਜਾ ਚੁੱਕੀਆਂ ਹਨ।

ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਉਸਾਰੀ ਕਿਰਤੀਆਂ ਦੀ ਸੁਵਿਧਾ ਲਈ ਮੋਬਾਇਲ ਐਪ "ਪੰਜਾਬ ਕਿਰਤੀ ਸਹਾਇਕ" ਲਾਂਚ ਕੀਤੀ ਹੋਈ ਹੈ। ਉਨ੍ਹਾ ਕਿਹਾ ਕਿ ਇਸ ਮੋਬਾਇਲ ਐਪ ਨਾਲ ਉਸਾਰੀ ਕਿਰਤੀ ਆਪਣੇ ਮੋਬਾਇਲ ਤੋਂ ਖੁੱਦ ਹੀ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਰਜਿਸਟ੍ਰਸ਼ਨ ਕਰ ਸਕਦਾ ਹੈ, ਜਿਸ ਨਾਲ ਉਸ ਨੂੰ ਆਪਣੀ ਦਿਹਾੜੀ ਦਾ ਨੁਕਸਾਨ ਕਰਕੇ ਸੁਵਿਧਾ ਕੇਂਦਰਾ ਵਿੱਚ ਜਾ ਕੇ ਰਜਿਸਟਰ ਕਰਵਾਉਣ ਦੀ ਲੋੜ ਨਹੀਂ ਪਵੇਗੀ ।ਮੰਤਰੀ ਨੇ ਉਸਾਰੀ ਕਿਰਤੀਆਂ ਨੂੰ ਅਪੀਲ ਕੀਤੀ ਕਿ ਉਹ "ਪੰਜਾਬ ਕਿਰਤੀ ਸਹਾਇਕ" ਰਾਹੀਂ ਖੁਦ ਨੂੰ ਰਜਿਸਟਰ ਕਰਨ ਅਤੇ ਸੂਬਾ ਸਰਕਾਰ ਦੀਆਂ ਉਸਾਰੀ ਕਿਰਤੀ ਭਲਾਈ ਸਕੀਮਾਂ ਦੇ ਲਾਭਪਾਰਤੀ ਬਣਨ।

## I am not retiring - Sonia Gandhi

**Dalip Singh Wasan, Advocate**



Keeping in view the coming elections, Congress party has become alive. They had conducted Bharat Jodi and then they talked on Hath Jodo. Mrs. Sonia Gandhi talked about Dr. Manmohan Singh jee. These are basic political suggestions and are maiking this very clear that Mr. Sonia Gandhi shall follow her old traditions of appointing a competent man as Prime Mnister and can ignore her son and daughter. when congress talks of Haath Judo, it means Congress shall be having no objections to bring other parties with them. Sonia Gandhi knows that BJP relies on vote bank of poor people who are given free ration for the last so many years is the vote bank of BJP and therefore, Congress shall come out with some constructive plan to reduce and root out poverty from India. If Congress comes out with some specific plan, this lot of 81 crore poor people are sufficient for victory. The poor want to come out of this poverty and want to live a normal life when BJP talks of development and prosperity. Still both Congress and BJP are not coming out of giving fish to hungry out of government stocks and have not started on plans to take the hungry to river side and teach the beggar art of catching a fish himself.

## When Congress talks of strong Opposition


Some Spokesmen from Congress Party are desiring that in next Parliament there should be strong Opposition and Congress as leading party in that opposition. A party which had been ruling this country for decades is now seeking itself as leading party in Opposition. Something strange. On the other side, BJP has come out with desire of Prosperity. Both these parties are not coming up with any target and this target of Prosperity too is just poetic desire because when three out of four houses are living on Free Ration at the cost of state exchequer. The concept of Prosperity is something else and not mere food for two times. The people of India are and their future is uncertain when number of poor people has reached 81 crores and still rising at its own speed. The people in opposition must know that they are not heqard in the Parliament and people on supporting side cannot speak and none in the country knows when they shall be Represented in the Parliament. This time, people shall have to decide themselves and shall concentrate on the candidates rather on the parties.

ਪੁਸਤਕ ਸਮੀਖਿਆ

# ਜੰਗਲਾਂ ਵਿੱਚ ਲੜਕਾ



ਜਗਦੇਵ ਸਿੱਧੂ
403 351 1136




**ਓਜ਼ਾਈਅਸ ਨੇ ਇੱਕ ਹੱਥ ਵਿਚ ਸਹਿਕਦੀ ਕੁੜੀ ਨੂੰ ਚੁੱਕਿਆ, ਦੂਜੇ ਹੱਥ ਨਾਲ ਠੁਰ-ਠੁਰ ਕਪਦੇ ਜਾਨਕ ਨੂੰ ਫੜਿਆ ਤੇ ਠੰਢਾ ਸੀਤ ਦਰਿਆ ਪਾਰ ਕਰ ਕੇ ਉਸੇ ਬੰਕਰ ਵਿਚ ਆ ਗਏ। ਅੱਗ ਦੇ ਸੇਕ ਨਾਲ ਬੱਚੀ ਨੂੰ ਨਿੱਘਾ ਕੀਤਾ, ਆਲੂ ਭੁੰਨ ਕੇ ਬੱਚੀ ਦੇ ਮੂੰਹ ਵਿਚ ਪਾਇਆ। ਉਸ ਨੂੰ ਗਰਮ ਕੱਪੜਿਆਂ ਵਿਚ ਲਪੇਟਿਆ। ਉਹ ਰੋਣੋ ਹਟ ਗਈ ਤੇ ਸੌਂ ਗਈ। ਫਿਰ ਆਪਣੇ ਟਿਕਾਣੇ ਤੇ ਜਾ ਕੇ ਬੱਚੀ ਦੇ ਗੰਦ ਨਾਲ ਲਿੱਬੜੇ ਪੋਤੜੇ ਲਾਹ ਕੇ, ਸਰੀਰ ਸਾਫ ਕਰ ਕੇ ਸਾਫ ਸੁੱਕੇ ਪੋਤੜੇ ਨਾਲ ਢਕਿਆ।**

'ਦ ਬੁਆਏ ਇਨ ਦ ਵੁਡਜ਼' ਨਾਂ ਦੀ ਇਹ ਪੁਸਤਕ ਮੈਕਸਵੈਲ ਸਮਾਰਟ ਦੀ ਸ੍ਵੈਜੀਵਨੀ ਹੈ ਜਿਸ ਨੂੰ ਦੁਬਾਰਾ ਹਾਰਪਰ ਕੌਲਿਨਜ਼ ਲਿ. ਦੁਆਰਾ 2022 ਵਿਚ ਛਾਪਿਆ ਗਿਆ ਹੈ। ਇਹ ਲਾ-ਮਿਸਾਲ ਹੌਸਲੇ ਅਤੇ ਜਿਉਣ ਦੀ ਪ੍ਰਬਲ ਇੱਛਾ-ਸ਼ਕਤੀ ਦੀ ਸੱਚੀ ਗਾਥਾ ਹੈ ਜਿਸ ਨੂੰ ਪੜ੍ਹ ਕੇ ਲਗਦਾ ਹੈ ਕਿ ਚਮਤਕਾਰ ਵਾਪਰਦੇ ਹਨ ਅਤੇ ਮੂੰਹੋਂ ਨਿਕਲਦਾ ਹੈ - ਜਾ ਕੋ ਰਾਖੈ ਸਾਈਆਂ, ਮਾਰ ਨ ਸਕੈ ਕੋਇ। ਕਈ ਥਾਈਂ ਅਚੰਭਿਤ ਕਰਨ ਵਾਲੇ, ਸਰੀਰ ਨੂੰ ਸੁੰਨ ਕਰਨ ਵਾਲੇ ਤੇ ਰੌਂਗਟੇ ਖੜ੍ਹੇ ਕਰਨ ਵਾਲੇ ਦ੍ਰਿਸ਼ ਅਖੀਰ ਤਕ ਮਿਲਣਗੇ। ਇਹ ਦੂਜੀ ਸੰਸਾਰ ਜੰਗ ਵੇਲੇ ਨਾਜ਼ੀਆਂ ਦੁਆਰਾ ਖਾਸ ਕਰ ਕੇ ਯਹੂਦੀਆਂ ਦੀ ਕੀਤੀ ਨਸਲਕੁਸ਼ੀ (Holocaust) ਦਾ ਇਕ ਛੋਟਾ ਜਿਹਾ ਪ੍ਰਤੀਨਿਧ ਕਾਂਡ ਹੈ।

ਮੈਕਸਵੈਲ ਸਮਾਰਟ ਦਾ ਬਚਪਨ ਦਾ ਨਾਂ ਓਜ਼ਾਈਅਸ ਫਰਾਮ ਸੀ। ਉਸ ਦਾ ਜਨਮ ਇਕ ਜੂਨ, 1930 ਨੂੰ ਪੋਲੈਂਡ ਦੇ ਸ਼ਹਿਰ ਬਕਜ਼ੈਕ ਵਿਖੇ ਹੋਇਆ ਸੀ। ਪਿਤਾ ਲੀਬ ਫਰਾਮ, ਮਾਂ ਫੇਜੀ, ਛੋਟੀ ਭੈਣ ਜ਼ੇਨੀਆ, ਜ਼ਿਗਮੰਡ ਕਿਸਲ ਮਾਮਾ, ਏਰਨਾ ਮਾਸੀ, ਜੈਕਬ ਮਾਸੜ ਸਨ। ਸਤੰਬਰ, 1939 ਵਿਚ ਹਿਟਲਰ ਨੇ ਦੂਜੀ ਸੰਸਾਰ-ਜੰਗ ਛੇੜ ਦਿੱਤੀ। ਸ਼ੁਰੂ ਵਿਚ ਜਰਮਨੀ ਅਤੇ ਸੋਵੀਅਤ ਸੰਘ ਇੱਕ ਸਮਝੌਤੇ ਤਹਿਤ ਮਿਲ ਕੇ ਲੜੇ। ਨੌਂ ਸਾਲ ਦਾ ਬਾਲਕ ਓਜ਼ੀਅਸ ਲੋਕਾਂ ਦੇ ਭਰੇ ਹੋਏ ਟਰੱਕ, ਘੋੜ-ਗੱਡੀਆਂ ਸਮੇਤ ਪੈਦਲ ਲੋਕਾਂ ਦੇ ਕਾਫਲੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚਦੀ ਲੰਘਦੇ ਵੇਖਦਾ। ਪੋਲੈਂਡ ਉਪਰ ਨਾਜ਼ੀਆਂ ਦਾ ਪੈਂਦੀ ਸੱਟੇ ਕਬਜ਼ਾ ਹੋ ਗਿਆ। ਪੱਛਮੀ ਪੋਲੈਂਡ ਜਰਮਨੀ ਨੇ ਅਤੇ ਪੂਰਬੀ ਪੋਲੈਂਡ ਸੋਵੀਅਤ ਸੰਘ ਨੇ ਦੱਬ ਲਿਆ। ਪੱਛਮੀ ਪੋਲੈਂਡ ਦੇ ਯਹੂਦੀ ਵਗਲ਼ ਕੇ ਗ਼ੁਲਾਮ ਬਣਾ ਲਏ, ਬਹੁਤੇ ਮਾਰ ਦਿੱਤੇ ਗਏ। ਹਾਈਨਰਿਚ ਹਿਮਲਰ ਨਾਂ ਦੇ ਨਾਜ਼ੀ ਨੇ ਨਸਲਕੁਸ਼ੀ (Holocaust) ਦੀ ਵਿਉਂਤ ਬਣਾਉਣ ਵਿਚ ਮੋਹਰੀ ਭੂਮਿਕਾ ਨਿਭਾਉਂਦਿਆਂ ਪੋਲੈਂਡ ਵਿਚਲੇ ਯਹੂਦੀਆਂ ਦੀ 35,47,896 ਆਬਾਦੀ ਦੀ ਸੂਚੀ ਬਣਾਈ ਸੀ। ਉਸ ਨੇ ਇਨ੍ਹਾਂ ਸਾਰਿਆਂ - ਆਦਮੀ, ਇਸਤਰੀਆਂ, ਬੱਚਿਆਂ ਨੂੰ ਇਕੱਲੇ ਇਕੱਲੇ ਨੂੰ ਮਾਰਨ ਦੀ ਵਿਉਂਤ ਗੁੰਦੀ ਸੀ।

ਪਰ 22 ਜੂਨ, 1941 ਨੂੰ ਜਰਮਨੀ ਨੇ ਮਿੱਤਰ-ਮਾਰ ਦੀ ਨੀਤੀ ਹੇਠ ਸੋਵੀਅਤ ਯੂਨੀਅਨ ਤੇ ਹਮਲਾ ਬੋਲ ਦਿੱਤਾ। ਆਪ੍ਰੇਸ਼ਨ ਬਾਰਬਾਰੋਸਾ ਨਾਂ ਦਾ ਇਹ ਹਮਲਾ ਜੰਗ ਦੇ ਇਤਿਹਾਸ ਵਿਚ ਇੱਕੋ-ਇੱਕ ਸਭ ਤੋਂ ਵੱਡਾ ਹਮਲਾ ਸੀ। ਪ੍ਰਾਪੇਗੰਡਾ ਵਜ਼ੀਰ ਨੇ ਇਸ ਨੂੰ 'ਨਾਸਤਿਕ ਬਾਲਸ਼ਵਿਕਾਂ' ਦੇ ਖਿਲਾਫ਼ ਜਹਾਦ ਕਿਹਾ ਸੀ। ਸੋਵੀਅਤ ਪੋਲੈਂਡ 'ਚੋਂ ਪਿੱਛੇ ਹਟ ਗਿਆ। ਬਹੁਤੇ ਲੋਕ ਤਾਂ ਪਿੱਛੇ ਹਟਦੀ ਸੋਵੀਅਤ ਫੌਜ ਨਾਲ ਚਲੇ ਗਏ ਪਰ ਓਜ਼ੀਅਸ ਦੀ ਮਾਂ ਨੇ ਸਾਰੇ ਜੀਆਂ ਨੂੰ ਨਾ ਜਾਣ ਦਿੱਤਾ। ਜਰਮਨਾਂ ਦੁਆਰਾ ਕੀਤੇ ਜਾਣ ਵਾਲੇ ਨਰਸੰਘਾਰ ਦਾ ਮਗਰੋਂ ਪਤਾ ਲੱਗਿਆ। ਟਿਕੇ ਰਹਿਣ ਦਾ ਫੈਸਲਾ ਉਸ ਦੇ ਪਰਿਵਾਰ ਦੇ 62 ਜੀਆਂ ਦੀ ਮੌਤ ਦਾ ਜੰਜਾਲ ਬਣਿਆ। ਯਹੂਦੀਆਂ ਦਾ ਸਭ ਕੁੱਝ ਲੁੱਟ ਲਿਆ। 5 ਜੁਲਾਈ, 1941 ਨੂੰ ਨਾਜ਼ੀਆਂ ਦੇ ਬਕਜ਼ੈਕ ਪਹੁੰਚਣ ਤੋਂ ਪਹਿਲਾਂ ਹੀ ਸੋਵੀਅਤ ਫੌਜਾਂ ਪਿੱਛੇ ਮੁੜ ਗਈਆਂ ਸਨ। ਜਰਮਨਾਂ ਦੇ ਆਉਣ ਤੋਂ ਪਹਿਲਾਂ ਹੀ ਸਿਸ਼ ਨਾਂ ਨਾਲ ਜਾਣੇ ਜਾਂਦੇ ਯੂਕਰੇਨੀਆਂ ਨੇ ਯਹੂਦੀਆਂ ਨੂੰ ਲੁੱਟਣਾ, ਕੁੱਟਣਾ ਤੇ ਮਾਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਨਾਜ਼ੀਆਂ ਦਾ ਬਾਹਾਂ ਖੋਲ੍ਹ ਕੇ ਸਵਾਗਤ ਕੀਤਾ। ਨਾਜ਼ੀਆਂ ਦੇ 40 ਟਨ ਭਾਰੇ ਪੈਂਜ਼ਰ ਟੈਂਕ ਸੜਕਾਂ ਦਰੜਨ ਲੱਗੇ। ਯਹੂਦੀ ਅਤੇ ਪੋਲ (ਪੋਲੈਂਡ ਦੇ ਜੱਦੀ ਵਸਨੀਕ) ਘਰਾਂ ਅੰਦਰ ਤਾੜੇ ਗਏ। 1941 ਦੇ ਜੁਲਾਈ-ਅਗਸਤ ਮਹੀਨਿਆਂ ਦਰਮਿਆਨ ਯੂਕਰੇਨੀਅਨ ਵਤਨਪ੍ਰਸਤਾਂ ਨੇ ਪੱਛਮੀ ਯੂਕਰੇਨ ਅੰਦਰ 20,000 ਤੋਂ ਵੱਧ ਯਹੂਦੀ ਮਾਰ ਮੁਕਾਏ। ਇਸ ਤੋਂ ਪਹਿਲਾਂ 1648-49 ਵਿਚ ਬੋਹਦਨ ਖਮੈਲਨਿਤਸਕੀ ਦੀ ਅਗਵਾਈ ਵਿਚ ਕਜ਼ਾਕਾਂ ਨੇ ਚਾਲੀ ਹਜ਼ਾਰ ਤੋਂ ਇਕ ਲੱਖ ਤੱਕ ਯਹੂਦੀ ਮਾਰੇ ਸਨ। 1917 ਦੇ ਰੂਸੀ ਇਨਕਲਾਬ ਮਗਰੋਂ ਵੀ ਯੂਕਰੇਨ ਦੇ ਸਾਈਮਨ ਪੇਤਲਿਉਰਾ ਦੇ ਰਾਜ-ਕਾਲ ਸਮੇਂ ਪੈਂਤੀ ਹਜ਼ਾਰ ਤੋਂ ਪੰਜਾਹ ਹਜ਼ਾਰ ਤੱਕ ਯਹੂਦੀਆਂ ਨੂੰ ਮਾਰਿਆ ਗਿਆ ਸੀ।

27 ਅਗਸਤ, 1941 ਵਾਲੇ ਦਿਨ ਓਜ਼ਾਈਅਸ ਦੇ ਪਿਤਾ ਲੀਬ ਫਰੌਮ ਸਣੇ ਬਕਜ਼ੈਕ ਦੇ 350 ਬੁੱਧੀਜੀਵੀਆਂ ਤੇ ਨੌਜਵਾਨਾ ਨੂੰ ਘਰਾਂ ਵਿੱਚੋਂ ਕੱਢ ਕੇ ਨੇੜਲੀ ਫੇਦੋਰ ਹਿੱਲ ਤੇ ਲਿਜਾ ਕੇ ਗੋਲ਼ੀਆਂ ਨਾਲ ਭੁੰਨ ਦਿੱਤਾ। ਨਾਜ਼ੀਆਂ ਨੇ ਯਹੂਦੀਆਂ ਨੂੰ ਬਾਹਾਂ ਤੇ ਧਾਰਮਿਕ ਚਿੰਨ੍ਹ -ਡੇਵਿਡ ਦਾ ਸਿਤਾਰਾ- ਪਹਿਨਣਾ ਲਾਜ਼ਮੀ ਕਰ ਦਿੱਤਾ। ਰਾਸ਼ਨ-ਪਾਣੀ ਮੁਕਦਾ ਗਿਆ। ਘਰਾਂ ਦਾ ਬਚਿਆ ਖੁਚਿਆ ਸਾਮਾਨ ਵੇਚ ਕੇ ਭੋਜਨ ਖਰੀਦਣਾ ਪੈਂਦਾ ਸੀ। ਉਹ ਬਾਰਾਂ ਸਾਲ ਦਾ ਸੀ, ਜਦੋਂ ਯੂਕਰੇਨੀ ਪੁਲੀਸ ਨੇ 60 ਜਣਿਆਂ ਸਮੇਤ ਘੇਰ ਕੇ ਅੰਦਰ ਕਰ ਦਿੱਤਾ। ਅਗਲੇ ਦਿਨ ਇਨ੍ਹਾਂ ਨੂੰ ਮਿਲਟਰੀ ਟਰੱਕਾਂ ਵਿਚ ਤੁੰਨ ਕੇ ਹੋਰ ਸ਼ਹਿਰ ਦੀ ਜੇਲ੍ਹ ਵਿਚ ਤਾੜ ਦਿੱਤਾ। ਲਗਦਾ ਸੀ ਹੁਣ ਮਾਰੇ ਕਿ ਮਾਰੇ। ਭੁੱਖ-ਤੇਹ ਨਾਲ ਬੁਰਾ ਹਾਲ ਸੀ। ਤਿੰਨ ਦਿਨ ਤੱਕ ਚੀਕਾਂ, ਰੌਲ਼ਾ ਤੇ ਕੁੱਤਿਆਂ ਦੇ ਭੌਂਕਣ ਦੀਆਂ ਭਿਆਨਕ ਆਵਾਜ਼ਾਂ ਕੰਨੀਂ ਪੈਂਦੀਆਂ ਰਹੀਆਂ। ਇਨ੍ਹਾਂ ਵਿੱਚੋਂ ਕਈ ਮਰ ਗਏ, ਕਈ ਬੀਮਾਰ ਪੈ ਗਏ। ਕੁਛ ਦਿਨਾਂ ਪਿੱਛੋਂ ਓਜ਼ਾਈਅਸ ਸਮੇਤ ਵੀਹ ਜਣਿਆਂ ਨੂੰ ਛੱਡ ਦਿੱਤਾ ਗਿਆ। ਉਹ ਪਹਿਲੀ ਵਾਰ ਮੌਤ ਤੋਂ ਬਚ ਗਿਆ। ਯਹੂਦੀਆਂ ਨੂੰ ਘਰੋਂ ਕੱਢ ਕੇ ਜਿਜਾਇਆ ਜਾ ਰਿਹਾ ਸੀ। ਓਜ਼ਾਈਅਸ ਦਾ ਪਰਿਵਾਰ ਘਰ ਵਿਚ ਗੁਪਤ ਬੰਕਰ ਵਿਚ ਰਹਿ ਰਿਹਾ ਸੀ ਪਰ ਇੱਕ ਦਿਨ ਫੜੇ ਗਏ। ਉਸ ਦੇ ਬਜ਼ੁਰਗ ਨਾਨੇ ਦੇ ਸਿਰ ਵਿਚ ਗੋਲ਼ੀਆਂ ਮਾਰ ਕੇ ਖੋਪੜੀ ਦੇ ਚੀਥੜੇ ਕਰ ਦਿੱਤੇ। ਉਸ ਨੂੰ, ਉਸਦੀ ਮਾਂ ਅਤੇ ਪੰਜ-ਛੇ ਸਾਲ ਦੀ ਭੈਣ ਜ਼ੇਨੀਆਂ ਨੂੰ ਜੇਲ੍ਹ ਵਿਚ ਲੈ ਗਏ। ਮਾਂ ਨੇ ਉਸ ਨੂੰ ਜ਼ਰੂਰੀ ਦਸਤਾਵੇਜ਼ ਦੇ ਕੇ ਸੰਭਾਲਣ ਦੀ ਤਾਕੀਦ ਕਰਦਿਆਂ ਕਿਹਾ, 'ਅਸੀਂ ਤਾਂ ਮਰ ਜਾਣੈ ਪਰ ਤੂੰ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰੀਂ, ਤੂੰ ਹੀ ਇਸ ਖ਼ਾਨਦਾਨ ਦੀ ਉਮੀਦ ਬਚਿਆ ਹੈਂ'। ਓਜ਼ੀਅਸ ਨੂੰ ਇਨ੍ਹਾਂ ਸ਼ਬਦਾਂ ਨੇ ਜਿਉਂਦੇ ਰਹਿਣ ਦੀ ਪ੍ਰੇਰਨਾ, ਹੌਸਲਾ ਤੇ ਬਲ ਦਿੱਤਾ। ਅਗਲੇ ਦਿਨ ਤਿੰਨਾਂ ਨੂੰ ਫੌਜੀ ਟਰੱਕ ਤੇ ਚੜ੍ਹਨ ਲਈ ਲਿਜਾਇਆ ਗਿਆ-ਝਟਕਾਏ ਜਾਣ ਲਈ। ਉਸਦੀ ਮਾਂ ਅਤੇ ਭੈਣ ਚੜ੍ਹ ਗਏ ਪਰ ਉਸ ਨੂੰ ਮਾਂ ਨੇ ਕਿਹਾ, 'ਹੁਣ ਮੌਕਾ ਹੈ, ਭੱਜ ਜਾ'। ਓਜ਼ਾਈਅਸ ਨੇ ਬਿਜਲੀ ਦੀ ਫੁਰਤੀ ਨਾਲ ਬਾਂਹ ਤੋਂ ਬੈਂਡ ਉਤਾਰਿਆ ਤੇ ਆਰਾਮ ਨਾਲ ਤੁਰਦਾ ਤੁਰਦਾ ਪੁਲ ਪਾਰ ਕਰ ਗਿਆ। ਅਗਲੇ ਪਾਰ ਮਾਸੀ ਏਰਨਾ ਮਿਲ ਗਈ ਤੇ ਆਪਣੇ ਘਰ ਲੈ ਗਈ। ਉਹ ਕਤਲਗਾਹ ਗਏ ਤੇ ਲਾਸ਼ਾਂ ਦੇ ਢੇਰ ਵਿਚ ਨਾਨੇ ਦੀ ਲੋਥ ਵੀ ਵੇਖੀ। ਮਾਸੀ ਨੇ ਉਸ ਨੂੰ ਛੁਪਾਉਣ ਲਈ ਸ਼ਹਿਰੋਂ ਬਾਹਰ ਕਿਸੇ ਪਿੰਡ ਵਿਚ ਜਾਸਕੋ ਰੁਦਨਿਕੀ ਨਾਂ ਦੇ ਕਿਸਾਨ ਕੋਲ ਭੇਜ ਦਿੱਤਾ। ਇਹ ਮੌਤ ਤੋਂ ਦੂਜਾ ਬਚਾਅ ਸੀ।

ਜੰਗਲ ਨਿਵਾਸਾਂ ਦਾ ਰਹਿਣਾ - - ਜਾਸਕੋ 28 ਸਾਲ ਦਾ ਗ਼ਰੀਬ ਕਿਸਾਨ ਸੀ, ਉਸ ਦੀ ਪਤਨੀ ਕੈਸੀਆ 22 ਸਾਲ ਦੀ, ਦੋ ਨਿੱਕੇ ਜੁਆਕ ਸਨ। ਉਹ ਜੰਗਲ ਦੇ ਇਸ ਪਾਸੇ ਪਿੰਡ ਦੇ ਸਿਰੇ ਤੇ ਰਹਿੰਦੇ ਸਨ। ਓਜ਼ਾਈਅਸ ਉਨ੍ਹਾਂ ਨਾਲ ਨਿੱਕੇ-ਮੋਟੇ ਕੰਮ ਕਰਵਾ ਦਿੰਦਾ ਸੀ। ਉਸ ਨੂੰ ਪੋਲੈਂਡੀਆਂ ਦੇ ਕੱਪੜੇ ਪੁਆਏ ਗਏ ਤੇ ਨਾਂ ਵੀ ਪੋਲਿਸ਼ ਰੱਖਿਆ - ਸਤਾਸਜ਼ੈਕ। ਇੱਕ ਦਿਨ ਬੈਦਰੋਸੀ ਯੂਕਰੇਨੀ ਗੁੰਡਿਆਂ ਨੇ ਇਸ ਪਿੰਡ ਵਿਚ ਲੁਕੇ ਯਹੂਦੀ ਪਰਿਵਾਰ ਦੀ ਇੱਕ ਬੱਚੀ ਤੇ ਉਸ ਦੇ ਮਾਤਾ-ਪਿਤਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਿਸੇ ਤਰ੍ਹਾਂ ਉਨ੍ਹਾਂ ਦੇ ਦੋ ਲੜਕੇ ਡਾਲਕ ਅਤੇ ਬੈਨਿੰਕ ਜੰਗਲ ਵਿਚ ਲੁਕ ਕੇ ਬਚ ਗਏ। ਉਸ ਸਮੇ ਕਈ ਯਹੂਦੀ ਪਰਿਵਾਰ ਜੰਗਲ ਵਿਚ ਅੱਡੋ-ਅੱਡ ਥਾਵਾਂ ਤੇ ਜਾਨ ਬਚਾ ਕੇ ਲੁਕੇ ਹੋਏ ਸਨ। ਕਿਸੇ ਭੇਤੀ ਦੀ ਸ਼ਿਕਾਇਤ ਤੇ ਇੱਕ ਦਿਨ ਯੂਕਰੇਨੀਅਨ ਪੁਲੀਸ ਜਾਸਕੋ ਦੇ ਘਰ ਲੁਕੇ ਯਹੂਦੀ (ਓਜ਼ਾਈਅਸ) ਨੂੰ ਫੜਨ ਆਈ। ਦੇਵਨੇਤ ਨੂੰ ਉਹ ਉਸ ਵੇਲੇ ਜਾਸਕੋ ਦੇ ਦੋ ਸਾਲ ਦੇ ਬੱਚੇ ਨੂੰ ਗੋਦੀ ਚੁੱਕੀ ਖੜ੍ਹਾ ਸੀ ਤੇ ਪੁਲੀਸ ਦੀ ਸ਼ੱਕੀ ਨਜ਼ਰ ਉਸ ਤੇ ਨਾ ਪਈ। ਪੁਲੀਸ ਵਾਲੇ ਘਰ ਦੇ ਸਾਰੇ ਖੱਲਾਂ-ਖੂੰਜੇ ਫਰੋਲ਼ ਕੇ ਜਾਸਕੋ ਨੂੰ ਖ਼ਬਰਦਾਰ ਕਰ ਕੇ ਮੁੜ ਗਏ। ਇਉਂ ਉਹ ਤੀਜੀ ਵਾਰ ਮੌਤ ਨੂੰ ਝਕਾਨੀ ਦੇ ਗਿਆ ਸੀ। ਉਸ ਦਿਨ ਤੋਂ ਜਾਸਕੋ ਦੀਆਂ ਹਦਾਇਤਾਂ ਮੁਤਾਬਕ ਉਹ ਜੰਗਲ ਵਿਚ ਜਾ ਕੇ ਰਹਿਣ ਲੱਗ ਪਿਆ। ਰਾਤ-ਬਰਾਤੇ ਲੁਕ ਛਿਪ ਕੇ ਉਨ੍ਹਾਂ ਕੋਲੋਂ ਖਾਣ-ਪੀਣ ਲਈ ਕੁਛ ਲੈ ਜਾਂਦਾ। ਬਾਰਾਂ ਸਾਲ ਦੇ ਮਛੋਹਰ ਨੂੰ ਜੰਗਲਾਂ ਦਾ ਬਨਵਾਸ ਕੱਟਣਾ ਪੈ ਗਿਆ। ਏਥੇ ਡਾਲਕ ਤੇ ਬੈਨੰਕ ਵੀ ਭਟਕਦੇ ਫਿਰਦੇ ਮਿਲ ਪਏ। ਉਹ ਤਿੰਨੇ ਜਣੇ ਇੱਕ ਪਹਾੜੀ ਗੁਫ਼ਾ ਦੇ ਨਾਲ ਡਾਹਣੀਆਂ ਵਗੈਰਾ ਪਾ ਕੇ ਰਹਿਣ ਲੱਗੇ। ਸੌਣ ਲਈ ਹੇਠਾਂ ਸੁੱਕੇ ਪੱਤੇ ਵਿਛਾ ਲੈਂਦੇ। ਅੱਗੋਂ ਡਾਹਣੀਆਂ ਲਾ ਕੇ ਬੰਦ ਕਰ ਲੈਂਦੇ। ਜਿਹੜੇ ਦਸਤਾਵੇਜ਼ ਮਾਂ ਨੇ ਸੰਭਾਲਣ ਲਈ ਦਿੱਤੇ ਸਨ, ਉਹ ਪੁਲੀਸ ਦੇ ਡਰੋਂ ਜਾਸਕੋ ਦੇ ਚਿਰਾਂ ਤੋਂ ਬੰਦ ਪਏ ਚੁੱਲ੍ਹੇ ਵਿਚ ਲੁਕੋਏ ਸਨ ਪਰ ਇਸ ਗੱਲ ਤੋਂ ਅਨਜਾਣ ਕੈਸੀਆ ਨੇ ਇੱਕ ਦਿਨ ਚੁੱਲ੍ਹੇ ਅੱਗ ਪਾਈ ਤੇ ਕਾਗਜ਼ ਮੱਚ ਕੇ ਸੁਆਹ ਹੋ ਗਏ। ਜੰਗਲਾਂ ਵਿਚ ਲੁਕੇ ਆਦਮੀ ਜਦੋਂ ਖ਼ੁਰਾਕ ਜਾਂ ਕੋਈ ਲੋੜੀਂਦੀ ਵਸਤੂ ਲੈਣ ਲਈ ਬਾਹਰ ਨਿਕਲਦੇ ਤਾਂ ਪੁਲੀਸ ਦੇ ਅੜਿੱਕੇ ਆ ਜਾਂਦੇ। ਇਹ ਤਿੰਨੇ ਵਖਤਾਂ-ਮਾਰੇ ਬੱਚੇ ਚੂਹੇ, ਖ਼ਰਗੋਸ਼, ਆਲੂ ਵਗੈਰਾ ਭੁੰਨ ਕੇ ਗੁਜ਼ਾਰਾ ਕਰਦੇ ਰਹੇ। ਇੱਕ ਦਿਨ ਗੋਲ਼ੀਆਂ ਦਾ ਖੜਕਾ ਸੁਣ ਕੇ ਉਹ ਭੱਜ ਨਿਕਲੇ, ਦਰਿਆ ਟੱਪ ਕੇ ਜੰਗਲ ਵਿਚ ਇੱਕ ਕਿਲੋਮੀਟਰ ਤੱਕ ਭਜਦੇ ਗਏ। ਬਰਫ ਉੱਤੋਂ ਦੀ ਭਜਦੇ ਅਤੇ ਦਰਿਆ ਦੇ ਠੰਢੇ-ਠਾਰ ਪਾਣੀ ਵਿੱਚੋਂ ਲੰਘਦੇ ਉਨ੍ਹਾਂ ਦੇ ਜਿਸਮ ਯੱਖ ਹੋ ਗਏ, ਕੱਪੜੇ ਚਿੰਬੜ ਕੇ ਸਰੀਰ ਤੇ ਜੰਮ ਗਏ। ਇੱਕ ਵਾੜੇ ਵਿਚ ਜਾ ਕੇ ਗਿੱਲੇ ਕੱਪੜੇ ਲਾਹੇ ਤੇ ਘਾਹ-ਫੂਸ ਨਾਲ ਤਨ ਢਕ ਕੇ ਪੈ ਗਏ। ਪੁਲੀਸ ਤੋਂ ਡਰਦਿਆਂ ਵਾਰ-ਵਾਰ ਟਿਕਾਣੇ ਬਦਲਦੇ ਰਹੇ। ਇੱਕ ਦਿਨ ਜਦੋਂ ਜਾਸਕੋ ਦੇ ਘਰੋਂ ਖਾਣਾ ਲੈ ਕੇ ਪਰਤਿਆ ਤਾਂ ਦੋਵੇਂ ਭਰਾ ਗ਼ਾਇਬ ਸਨ। ਸੰਭਾਵਤ ਹੀ ਯੂਕਰੇਨੀਆਂ ਨੇ ਉਨ੍ਹਾਂ ਨੂੰ ਪੁਲੀਸ ਕੋਲ ਵੇਚ ਦਿੱਤਾ ਸੀ। ਮੌਤ ਚੌਥੀ ਵਾਰ ਉਸ ਤੋਂ ਟਾਲ਼ਾ ਵੱਟ ਗਈ ਸੀ। ਓਦੋਂ ਯਹੂਦੀਆਂ ਨੂੰ ਪਕੜਾਉਣ ਦਾ ਇਨਾਮ ਉਸ ਵੇਲੇ ਦੇ ਦਸ ਕੈਨੇਡੀਅਨ ਡਾਲਰ ਦੇ ਬਰਾਬਰ ਸੀ। ਹੁਣ ਫੇਰ ਕਿਸੇ ਹੋਰ ਨਿੱਕੀ ਜਿਹੀ ਗੁਫ਼ਾ ਦਾ ਟਿਕਾਣਾ ਮੱਲਿਆ। ਇੱਕ ਪੁਰਾਣੇ ਬੇਕਾਰ ਖਾਲੀ ਭਾਂਡੇ ਵਿਚ ਮੋਰੀਆਂ ਕਰ ਕੇ ਵਿਚ ਮਘਦੇ ਕੋਲੇ ਪਾ ਕੇ ਟਿਕਾਣੇ ਨੂੰ ਗਰਮ ਕਰ ਲੈਂਦਾ। ਸਰਦੀ ਵਿਚ ਇੱਕ ਤਾਂ ਚਾਰ-ਚੁਫੇਰੇ ਬਰਫ ਹੀ ਬਰਫ, ਦੂਜੇ ਅੰਤਾਂ ਦੀ ਠਾਰੀ, ਉੱਤੋਂ ਚੰਦਰੀ ਇਕੱਲਤਾ, ਜੰਗਲੀ ਜਾਨਵਰਾਂ ਦਾ ਚੀਕ-ਚਿਹਾੜਾ ਤੇ ਹਰ ਵੇਲੇ ਪਿੱਛੇ ਲੱਗੀ ਮੌਤ ਦਾ ਡਰ। ਕੱਪੜੇ ਪਾਟ ਗਏ, ਜੁੱਤੇ ਟੁੱਟ ਗਏ, ਤਲ਼ੇ ਲਹਿ ਗਏ, ਪੈਰਾਂ ਤੇ ਲੀਰਾਂ ਵਲ੍ਹੇਟ ਲਈਆਂ। ਉਹ ਕਾਟੋਆਂ ਨੂੰ ਵੇਖ ਕੇ ਸੋਚਦਾ ਕਿ ਮੈਥੋਂ ਚੰਗੀਆਂ ਹਨ ਜਿੰਨ੍ਹਾਂ ਕੋਲ ਆਪਣਾ ਆਲ੍ਹਣਾ-ਨੁਮਾ ਘਰ ਤਾਂ ਹੈ। ਮਾਂ, ਚਮਤਕਾਰ ਦਾ ਨਾਂ --

ਇੱਕ ਦਿਨ ਜੰਗਲ ਵਿਚ ਲਗਾਤਾਰ ਦੋ ਰਾਤਾਂ ਤੋਂ ਤੁਰਦਾ ਹੋਇਆ ਇੱਕ ਲੜਕਾ ਉਸ ਦੇ ਟਿਕਾਣੇ ਤੇ ਆਇਆ। ਜਾਨਕ ਨਾਂ ਦਾ ਇਹ ਲੜਕਾ ਓਜ਼ਾਈਅਸ ਤੋਂ ਵੀ ਛੋਟਾ ਸੀ। ਉਸ ਦੇ ਮਾਤਾ ਪਿਤਾ ਆਪਣੀ ਜੰਗਲੀ ਲੁਕਣਗਾਹ ਤੋਂ ਗ਼ਾਇਬ ਹੋ ਚੁੱਕੇ ਸਨ ਜੋ ਕਿ ਪੁਲੀਸ ਦੇ ਅੜਿੱਕੇ ਆ ਗਏ ਹੋਣਗੇ। ਹੁਣ ਉਨ੍ਹਾਂ ਦੋਵਾਂ ਨੇ ਹੋਰ ਟਿਕਾਣਾ ਬਣਾ ਲਿਆ। ਇੱਕ ਸਵੇਰ ਨੂੰ ਉਨ੍ਹਾਂ ਨੇ ਗੋਲ਼ੀਆਂ ਚੱਲਣ ਦੀ ਆਵਾਜ਼ ਸੁਣੀ ਤੇ ਨਾਲ ਹੀ ਚੀਕ-ਚਿਹਾੜਾ ਸੁਣਿਆ। ਤਾਜ਼ੀ ਬਰਫਬਾਰੀ ਹੋ ਕੇ ਹਟੀ ਸੀ। ਉਹ ਦੋਵੇਂ ਜਣੇ ਘਬਰਾ ਕੇ ਦਰਿਆ ਵੱਲ ਗਏ ਜਿੱਥੇ ਬਰਫ ਲਹੂ ਨਾਲ ਲਾਲ ਹੋਈ ਪਈ ਸੀ ਅਤੇ ਲਾਸ਼ਾਂ ਖਿੰਡੀਆਂ ਪਈਆਂ ਸਨ। ਨੇੜੇ ਹੀ ਇਨ੍ਹਾਂ ਮੋਇਆਂ ਦਾ ਗੁਫ਼ਾਈ-ਟਿਕਾਣਾ ਸੀ ਜਿੱਥੇ ਅੱਠ ਜਣੇ ਰਹਿੰਦੇ ਸਨ। ਦੋਵਾਂ ਬਾਲਕਾਂ ਨੇ ਲਾਸ਼ਾਂ ਧੂਹ-ਧੂਹ ਕੇ ਉਸ ਬੰਕਰ ਵਿਚ ਲਿਆਂਦੀਆਂ, ਮੋਇਆਂ ਦੇ ਕੱਪੜੇ ਲਾਹ ਕੇ ਲਾਸ਼ਾਂ ਨੂੰ ਪੱਤੇ, ਡਾਹਣੀਆਂ ਨਾਲ ਢਕ ਕੇ ਡਾਹਣੀਆਂ ਲਾ ਕੇ ਬੰਕਰ ਬੰਦ ਕਰ ਦਿੱਤਾ। ਓਥੇ ਪਏ ਬਰਤਨ, ਕੱਪੜੇ ਤੇ ਹੋਰ ਕੰਮ ਦਾ ਨਿੱਕ-ਸੁੱਕ ਨਾਲ ਲੈ ਗਏ। ਮੁੜਨ ਲੱਗਿਆਂ ਓਜ਼ਾਈਅਸ ਦੀ ਨਿਗਾਹ ਦਰਿਆ ਦੇ ਪਰਲੇ ਕਿਨਾਰੇ ਤੇ ਪਈ ਇੱਕ ਲਾਸ਼ ਤੇ ਪਈ। ਦਰਿਆ ਚਾਲ਼ੀ ਫੁੱਟ ਚੌੜਾ ਸੀ। ਲਗਦਾ ਸੀ ਪੁਲੀਸ ਨੇ ਉਸ ਭੱਜੀ ਜਾਂਦੀ ਔਰਤ ਨੂੰ ਪਿੱਛੋਂ ਗੋਲ਼ੀ ਮਾਰੀ ਸੀ। ਅੱਧਾ ਸਰੀਰ ਪਾਣੀ ਅੰਦਰ ਅਤੇ ਅੱਧੇ ਸਰੀਰ ਤੇ ਬਰਫ ਪਈ ਸੀ। ਅਚਾਨਕ ਉਸ ਨੂੰ ਲਾਸ਼ ਅੰਦਰ ਹਰਕਤ ਦਿੱਸੀ। ਉਨ੍ਹਾਂ ਦੋਵਾਂ ਲੜਕਿਆਂ ਨੇ ਹੌਸਲਾ ਕਰ ਕੇ ਠੰਢੇ ਯਖ ਪਾਣੀ ਦੀ ਪਰਵਾਹ ਨਾ ਕਰਦਿਆਂ ਦਰਿਆ ਪਾਰ ਕਰ ਕੇ ਜਦੋਂ ਦੇਖਿਆ ਤਾਂ ਲਾਸ਼ ਦੇ ਉਪਰ ਪਈ ਇੱਕ ਮਾਸੂਮ ਬੱਚੀ ਸਾਹ ਲੈ ਰਹੀ ਸੀ। ਇਹ ਮਨੁੱਖਤਾ ਦੇ ਇਤਿਹਾਸ ਦੀਆਂ ਸਭ ਤੋਂ ਅਦਭੁਤ, ਅਦੁਤੀ ਤੇ ਚਮਤਕਾਰੀ ਝਾਕੀਆਂ ਵਿੱਚੋਂ ਇੱਕ ਸੀ। ਡਿੱਗੀ ਪਈ ਮਰਨ ਕਿਨਾਰੇ ਮਾਂ ਨੇ ਜਿਗਰ ਦੇ ਟੋਟੇ ਨੂੰ ਪਾਣੀ ਤੋਂ ਉਪਰ ਕਰ ਕੇ ਜੰਮ ਚੁੱਕੀਆਂ ਬਾਹਵਾਂ ਵਿਚ ਹਵਾ ਦੇ ਰੁਖ ਤੋਂ ਬਚਾ ਕੇ ਇਸ ਕਦਰ ਹੋ ਕੇ ਸੰਭਾਲ਼ਿਆ ਹੋਇਆ ਸੀ ਕਿ ਮਰੀ ਹੋਈ ਮਾਂ ਦਾ ਸਰੀਰ ਮਾਸੂਮ ਧੀ ਨੂੰ ਠੰਢੀਆਂ ਹਵਾਵਾਂ ਦੀ ਮਾਰ ਤੋਂ ਬਚਾ ਰਿਹਾ ਸੀ। ਓਜ਼ਾਈਅਸ ਨੇ ਇੱਕ ਹੱਥ ਵਿਚ ਸਹਿਕਦੀ ਕੁੜੀ ਨੂੰ ਚੁੱਕਿਆ, ਦੂਜੇ ਹੱਥ ਨਾਲ ਠੁਰ-ਠੁਰ ਕਪਦੇ ਜਾਨਕ ਨੂੰ ਫੜਿਆ ਤੇ ਠੰਢਾ ਸੀਤ ਦਰਿਆ ਪਾਰ ਕਰ ਕੇ ਉਸੇ ਬੰਕਰ ਵਿਚ ਆ ਗਏ। ਅੱਗ ਦੇ ਸੇਕ ਨਾਲ ਬੱਚੀ ਨੂੰ ਨਿੱਘਾ ਕੀਤਾ, ਆਲੂ ਭੁੰਨ ਕੇ ਬੱਚੀ ਦੇ ਮੂੰਹ ਵਿਚ ਪਾਇਆ। ਉਸ ਨੂੰ ਗਰਮ ਕੱਪੜਿਆਂ ਵਿਚ ਲਪੇਟਿਆ। ਉਹ ਰੋਣੋ ਹਟ ਗਈ ਤੇ ਸੌਂ ਗਈ। ਫਿਰ ਆਪਣੇ ਟਿਕਾਣੇ ਤੇ ਜਾ ਕੇ ਬੱਚੀ ਦੇ ਗੰਦ ਨਾਲ ਲਿੱਬੜੇ ਪੋਤੜੇ ਲਾਹ ਕੇ, ਸਰੀਰ ਸਾਫ ਕਰ ਕੇ ਸਾਫ ਸੁੱਕੇ ਪੋਤੜੇ ਨਾਲ ਢਕਿਆ। ਅਗਲੇ ਦਿਨ ਉਹ ਬੱਚੀ ਨੂੰ ਗੋਦ ਲੈਣ ਜਾਂ ਪਾਲਣ ਵਾਲੇ ਪਰਿਵਾਰਾਂ ਦੀ ਤਲਾਸ਼ ਵਿਚ ਜੰਗਲ ਤੋਂ ਬਾਹਰ ਆਇਆ। ਰਾਹ ਵਿਚ ਜਾਂਦੀ ਇੱਕ ਘੋੜਾ-ਗੱਡੀ ਨੂੰ ਰੋਕ ਕੇ ਚੜ੍ਹਨ ਲਈ ਪੁੱਛਿਆ ਪਰ ਉਹ ਤਾਂ ਪੁਲੀਸ ਸੀ। ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ। ਉਸ ਨੂੰ ਰੱਸੇ ਨਾਲ ਬੰਨ੍ਹ ਕੇ ਬਰਫੀਲੇ ਰਾਹ ਤੇ ਗੱਡੀ ਮਗਰ ਘੜੀਸਿਆ। ਇੱਕ ਪੁਲਸੀਏ ਦੀ ਪ੍ਰੇਮਣ ਦੇ ਘਰ ਅੱਗੇ ਗੱਡੀ ਖੜ੍ਹੀ ਕੀਤੀ। ਉਸ ਫ਼ਰਿਸ਼ਤੇ ਵਰਗੀ ਮੁਟਿਆਰ ਨੇ ਉਸ ਤੇ ਤਰਸ ਖਾ ਕੇ ਉਸ ਦੇ ਰੱਸੇ ਖੁਲ੍ਹਵਾ ਦਿੱਤੇ ਅਤੇ ਜ਼ਖ਼ਮੀ ਹੱਥਾਂ ਦੀ ਮਲ੍ਹਮ ਪੱਟੀ ਕੀਤੀ। ਸਿਪਾਹੀਆਂ ਤੋਂ ਅੱਖ ਬਚਾ ਕੇ ਅੰਦਰ ਲਿਜਾ ਕੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਭਜਾ ਦਿੱਤਾ। ਪੰਜਵੀਂ ਵਾਰ ਸਿਰ ਆਈ ਮੌਤ ਨੂੰ ਜਿਵੇਂ ਆਖ ਰਿਹਾ ਸੀ - ਮੁੜ ਜਾ ਮੌਤੇ ਕਾਹਲ਼ੀਏ, ਮੈਂ ਅਜੇ ਨਾ ਵਿਹਲਾ। ਮੁੜਦੇ ਨੂੰ ਇੱਕ ਯਹੂਦੀ ਮਿਲਿਆ ਜਿਸਨੇ ਉਸ ਤੋਂ ਬੱਚੀ ਵਾਲੀ ਕਹਾਣੀ ਸੁਣ ਕੇ ਇੱਕ ਔਰਤ ਨੂੰ ਮਿਲਾਇਆ ਜਿਹੜੀ ਰੋ-ਪਿੱਟ ਕੇ ਵੈਣ ਪਾ ਰਹੀ ਸੀ। ਉਸ ਔਰਤ ਨੇ ਦੱਸਿਆ ਕਿ ਉਹ ਬੱਚੀ ਉਸ ਦੀ ਭਾਣਜੀ ਸੀ। ਸੋ ਬੱਚੀ ਨੂੰ ਉਸ ਦੇ ਹਵਾਲੇ ਕਰ ਕੇ ਇਸ ਨਵੀਂ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਗਿਆ।

ਨਿੱਕਾ ਜਾਨਕ ਠੰਢ ਦਾ ਸ਼ਿਕਾਰ ਹੋ ਗਿਆ ਸੀ। ਉਸ ਨੂੰ ਤੇਜ਼ ਬੁਖਾਰ ਸੀ। ਇੱਕ ਦਿਨ ਓਜ਼ਾਈਅਸ ਉਸ ਲਈ ਦਵਾਈ ਲੈਣ ਵਾਸਤੇ ਜਾਸਕੋ ਦੇ ਘਰ ਗਿਆ। ਜਦੋਂ ਵਾਪਸ ਟਿਕਾਣੇ ਤੇ ਆਇਆ ਤਾਂ ਜਾਨਕ ਗ਼ਾਇਬ ਸੀ। ਏਧਰ ਓਧਰ ਲੱਭਣ ਤੋਂ ਬਾਦ ਬੰਕਰ ਤੋਂ ਕਾਫ਼ੀ ਦੂਰ ਉਸ ਦੀ ਲਾਸ਼ ਬਰਫ ਨਾਲ ਢਕੀ ਮਿਲੀ। ਜਾਸਕੋ ਦੀ ਮਦਦ ਨਾਲ ਲਾਸ਼ ਨੂੰ ਬੰਕਰ ਵਿਚ ਲਿਜਾ ਕੇ ਘਾਹ ਨਾਲ ਢਕ ਕੇ ਬੰਕਰ ਬੰਦ ਕਰ ਦਿੱਤਾ ਤਾਂ ਜੋ ਜੰਗਲੀ ਜਾਨਵਰ ਨਾ ਖਾ ਜਾਣ। ਇਉਂ ਪਤਾ ਨਹੀਂ ਜੰਗਲ ਵਿਚ ਕਿੰਨੇ ਬੰਕਰ ਕਬਰਾਂ ਬਣੇ ਪਏ ਸਨ। ਮਾਰਚ 1944 ਵਿਚ ਬਕਜ਼ੈਕ ਜਰਮਨਾਂ ਤੋਂ ਆਜ਼ਾਦ ਹੋ ਗਿਆ ਸੀ। ਹਾਲਾਤ ਸੁਧਰਨ ਮਗਰੋਂ ਉਹ ਅਪ੍ਰੈਲ ਵਿਚ ਆਪਣੇ ਸ਼ਹਿਰ ਬਕਜ਼ੈਕ ਆਇਆ ਪਰ ਆਪਣੇ ਪਰਿਵਾਰ ਜਾਂ ਰਿਸ਼ਤੇਦਾਰ ਦੇ ਕਿਸੇ ਵੀ ਜੀਅ ਦਾ ਕੋਈ ਅਤਾ-ਪਤਾ ਨਾ ਮਿਲਿਆ। ਕਿਸੇ ਦੇ ਜਿਉਂਦੇ ਹੋਣ ਜਾਂ ਮਾਰੇ ਜਾਣ ਦੀ ਕੋਈ ਉੱਘ-ਸੁੱਘ ਨਾ ਮਿਲੀ। ਕੋਈ ਛੇ ਕਰੋੜ ਲੋਕ ਜੰਗ ਦੀ ਭੇਟ ਚੜ੍ਹੇ ਜਿੰਨ੍ਹਾਂ ਵਿਚ ਸੱਠ ਲੱਖ ਯਹੂਦੀ ਸਨ। ਏਥੋਂ ਉਹ ਰੂਸ ਦੇ ਫੌਜੀ ਟਰੱਕਾਂ ਅਤੇ ਰੇਲ ਰਾਹੀਂ ਰੋਮਾਨੀਆਂ ਦੇ ਸ਼ਹਿਰ ਜ਼ਰਨੋਵਸ ਗਿਆ। ਏਥੇ ਜੋਅ ਸ਼ਮੀਰਰ ਨਾਂ ਦੇ ਯਹੂਦੀ ਨੌਜਵਾਨ ਦਾ ਸਾਥ ਮਿਲਿਆ ਜਿਸ ਦੀ ਭੈਣ ਮਾਂਟਰੀਅਲ, ਕੈਨੇਡਾ ਰਹਿੰਦੀ ਸੀ। ਉਸ ਦੇ ਕਹਿਣ ਤੇ ਨਾਂ ਬਦਲ ਕੇ ਮੁਨੀਓ ਸ਼ਮੀਰਰ ਰੱਖ ਲਿਆ ਤਾਂ ਕਿ ਜੋਅ ਦਾ ਪਰਿਵਾਰਕ ਮੈਂਬਰ ਬਣ ਕੇ ਕੈਨੇਡਾ ਜਾ ਸਕੇ। ਏਥੋਂ ਫੇਰ ਜੁਗਾੜ ਲਾ ਕੇ ਦੋਵੇਂ ਜਣੇ ਬੁਖਾਰੈਸਟ ਗਏ। ਏਥੇ ਅੱਠ ਮਹੀਨੇ ਠਹਿਰ ਕੇ ਹੰਗਰੀ ਦੇ ਸ਼ਹਿਰ ਬੁਡਾਪੈਸਟ ਗਏ ਤੇ ਏਥੇ ਵੀ ਅੱਠ ਮਹੀਨੇ ਠਹਿਰੇ। ਫਿਰ ਆਸਟਰੀਆ ਵਿਚ ਉਜੜੇ ਹੋਏ ਲੋਕਾਂ ਦੇ ਕੈਂਪ ਵਿਚ ਗਏ। 1947 ਵਿਚ ਜੋਅ ਕੈਨੇਡਾ ਚਲਾ ਗਿਆ। ਓਜ਼ਾਈਅਸ ਇਟਲੀ ਬਾਡਰ ਤੇ ਉਡੀਨੇ ਕੈਂਪ ਵਿਚ ਰਹਿੰਦਿਆਂ ਸੀ.ਜੇ.ਸੀ. (Canadian Jewish Congress) ਦੀ ਮਦਦ ਨਾਲ 1123 ਯਹੂਦੀਆਂ ਸਮੇਤ ਕੈਨੇਡਾ ਪਹੁੰਚ ਗਿਆ। ਹੈਲਨ ਨਾਂ ਦੀ ਮੁਟਿਆਰ ਨਾਲ ਸ਼ਾਦੀ ਕਰਵਾਈ। ਹੁਣ ਫੇਰ ਨਾਂ ਬਦਲ ਕੇ ਮੈਕਸਵੈਲ ਸਮਾਰਟ ਰੱਖ ਲਿਆ। ਆਪਣਾ ਘਰ ਖਰੀਦਿਆ। ਇੱਕ ਧੀ ਫੈਜੀ ਅਤੇ ਪੁਤਰ ਲੋਰਨੇ ਪੈਦਾ ਹੋਏ। ਵਿਛੜਿਆਂ ਦਾ ਥਹੁ-ਪਤਾ -- ਸਮਾਰਟ ਆਪਣੇ ਗੁੰਮ ਹੋ ਚੁੱਕੇ ਪਰਿਵਾਰਿਕ ਜੀਆਂ ਬਾਰੇ ਪਤਾ ਕਰਦਾ ਰਿਹਾ। ਇਸ ਖੋਜ-ਪੜਤਾਲ ਦੇ ਨਤੀਜੇ ਵਜੋਂ ਇੱਕ ਦਿਨ ਉਸ ਨੂੰ ਇਜ਼ਰਾਈਲ ਤੋਂ ਮਾਸੀ ਏਰਨਾ ਦੀ ਚਿੱਠੀ ਮਿਲੀ। ਸਮਾਰਟ ਹੈਲਨ, ਦਸ ਸਾਲ ਦੀ ਧੀ ਫੈਜੀ ਅਤੇ ਪੰਜ ਸਾਲ ਦੇ ਪੁੱਤਰ ਲੋਰਨੇ ਸਮੇਤ ਇਜ਼ਰਾਈਲ ਜਾ ਕੇ ਏਰਨਾ ਅਤੇ ਜੈਕਬ ਨੂੰ ਮਿਲਿਆ। ਏਰਨਾ ਨੇ ਉਸ ਨੂੰ ਵੱਡੀ ਸਾਰੀ ਸ਼ਾਨਦਾਰ ਸ਼ਮਾਦਾਨ (Candelabrum) ਸੌਗਾਤ ਵਜੋਂ ਦਿੱਤੀ ਜੋ ਕਦੇ ਸਮਾਰਟ ਦੇ ਨਾਨੇ ਨੇ ਉਸ ਦੀ ਮਾਂ ਨੂੰ ਵਿਆਹ ਸਮੇਂ ਦਿੱਤੀ ਸੀ। 24 ਦਸੰਬਰ, 1984 ਨੂੰ ਹੈਲਨ 52 ਸਾਲ ਦੀ ਉਮਰੇ ਕੈਂਸਰ ਨਾਲ ਚੱਲ ਵਸੀ। 1994 ਵਿਚ ਸਮਾਰਟ ਨੇ ਚਾਰ ਸਾਲਾ ਲੜਕੇ ਦੀ ਤਲਾਕਸ਼ੁਦਾ ਮਾਂ ਟੀਨਾ ਨਾਲ ਸ਼ਾਦੀ ਕਰ ਲਈ। ਹਿਸਟਰੀ ਚੈਨਲ ਨੇ ਸੈਲੂਨ ਮੀਡੀਆ ਦੀ ਰੈਬੈਕਾ ਸਨੋਅ ਨੂੰ ਹੋਲੋਕਾਸਟ ਤੋਂ ਬਚ ਕੇ ਆਏ ਯਹੂਦੀਆਂ ਬਾਰੇ ਟੈਲੀਵੀਜ਼ਨ ਡਾਕੂਮੈਂਟਰੀ ਬਣਾਉਣ ਦਾ ਪ੍ਰਾਜੈਕਟ ਦਿੱਤਾ। ਸਮਾਰਟ ਨਾਲ ਦਸਤਾਵੇਜ਼ੀ ਬਣਾਉਂਦਿਆਂ ਉਸ ਦੀ ਪੂਰੀ ਕਹਾਣੀ ਸੁਣ ਕੇ ਰੈਬੈਕਾ ਨੇ ਇੱਕ ਮੁੰਡੇ ਦੀ ਫੋਟੋ ਵਿਖਾਈ ਜਿਸ ਦਾ ਨਾਂ ਹੋਲੋਕਾਸਟ ਦੇ ਸੱਠ ਲੱਖ ਯਹੂਦੀਆਂ ਦੀ ਲਿਸਟ ਵਿਚ ਜਾਨਕ ਅਰੇਨਬਰਗ ਲਿਖਿਆ ਸੀ ਜੋ ਦਸ ਸਾਲ ਦਾ ਸੀ ਤੇ 1943 ਵਿਚ ਨਾਜ਼ੀਆਂ ਨੇ ਬਕਜ਼ੈਕ ਨੇੜੇ ਮਾਰ ਦਿੱਤਾ ਸੀ। ਇਹ ਓਹੀ ਜਾਨਕ ਸੀ। ਦੋ ਮਹੀਨਿਆਂ ਦੀ ਗਹਿਰੀ ਖੋਜ ਤੋਂ ਮਗਰੋਂ ਰੈਬੈਕਾ ਨੇ ਇਜ਼ਰਾਈਲ ਵਿਚ ਜਾਨਕ ਦੇ ਮਾਮੇ-ਮਾਮੀ ਦਾ ਪਤਾ ਲਾ ਲਿਆ। ਟੀਨਾ ਤੇ ਸਮਾਰਟ ਇਜ਼ਰਾਈਲ ਵਿਚ ਮਿਲਣ ਵਾਸਤੇ ਉਨ੍ਹਾਂ ਦੇ ਘਰ ਗਏ। ਜਾਨਕ ਦੀ ਮਾਮੀ, ਮਾਮੀ ਦੀ ਧੀ ਮੀਰੀ ਤੇ ਮਾਮੇ ਸ਼ੀਮੌਨ ਸ਼ਿਰਫਰਿਸ਼ ਨੂੰ ਮਿਲ ਕੇ ਰੋਂਦਿਆਂ ਹੋਇਆਂ ਬਹੁਤ ਗੱਲਾਂ ਸਾਂਝੀਆਂ ਕੀਤੀਆਂ।


ਮਿਲੇ ਵੀ ਤਾਂ ਇਉਂ ਮਿਲੇ -- ਹੁਣ ਹਿਰਦੇਵੇਧਕ ਕਹਾਣੀ ਦਾ ਅਜੀਬ ਮੋੜ। ਉਸ ਦੋ ਸਾਲ ਦੀ ਬੱਚੀ ਬਾਰੇ ਜੋ ਮਾਂ ਨੇ ਮਰ ਕੇ ਵੀ ਜਿਉਂਦੀ ਰੱਖੀ ਸੀ। ਜਿਸੁ ਰਾਖੈ ਤਿਸੁ ਕੋਇ ਨ ਮਾਰੈ। ਸਮਾਰਟ ਨਾਲ ਮੁਲਾਕਾਤਾਂ ਕਰਨ ਵਾਲੀ ਟੀਮ ਦੀ ਮੁੱਖ ਖੋਜਕਰਤਾ ਨਤਾਸ਼ਾ ਨੈਦੀਲਸਕਾ ਨੇ ਵਾਰਸਾ ਸ਼ਹਿਰ ਤੋਂ ਸਮਾਰਟ ਦੇ ਮਾਤਾ ਪਿਤਾ ਦਾ ਮੈਰਿਜ ਸਰਟੀਫੀਕੇਟ ਹਾਸਲ ਕਰ ਲਿਆ। ਇਹ ਸੌ ਸਾਲ ਪੁਰਾਣੀ ਹੱਥਲਿਖਤ ਸੀ ਜਿਸ ਵਿਚ ਉਸ ਦੇ ਮਾਤਾ-ਪਿਤਾ ਦੀ ਜਨਮ ਮਿਤੀ, ਵਿਆਹ ਦੀ ਤਰੀਕ, ਦਾਦੇ-ਦਾਦੀ, ਨਾਨੇ-ਨਾਨੀ ਦੇ ਨਾਂ ਸਮੇਤ ਉਸ ਦੇ ਮਾਤਾ-ਪਿਤਾ ਦੇ ਦਸਤਖਤ ਸਨ। ਨਤਾਸ਼ਾ ਨੇ ਹਾਈਫਾ ਵਿਖੇ ਰਹਿੰਦੀ ਤੋਵਾ ਬਰਕਾਈ ਨਾਂ ਦੀ ਔਰਤ ਦਾ ਪਤਾ ਲਾਇਆ, ਜਿਸ ਨੂੰ ਉਹ ਓਹੀ ਬੱਚੀ ਸਮਝਦੀ ਸੀ। ਉਹ ਟੈਲੀਵੀਜ਼ਨ ਕਰਿਊ ਸਮੇਤ ਸਮਾਰਟ ਨੂੰ ਲੈ ਕੇ ਹਾਈਫਾ ਵਿਖੇ ਉਸ ਨਰਸਿੰਗ ਹੋਮ ਵਿਚ ਗਏ ਜਿੱਥੇ ਤੋਵਾ ਦਾਖਲ ਸੀ। ਏਥੇ ਤੋਵਾ ਦਾ ਪੁੱਤਰ ਔਫਰ, ਉਸ ਦੀ ਪਤਨੀ ਅਤੇ ਉਨ੍ਹਾਂ ਦੀਆਂ ਦੋ ਧੀਆਂ ਖੜ੍ਹੀਆਂ ਸਨ। ਬਹੁਤ ਗੱਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਦੱਸਿਆ ਕਿ ਤੋਵਾ ਦੀ ਮਾਸੀ ਨੇ ਉਸ ਨੂੰ ਪਾਲਣ ਦੀ ਬਾਤ ਤਾਂ ਸੁਣਾਈ ਸੀ ਪਰ ਦੋ ਜਣਿਆਂ ਨੇ ਮੋਈ ਮਾਂ ਕੋਲੋਂ ਕਿਵੇਂ ਲਿਆ ਕੇ ਉਸ ਦੇ ਹਵਾਲੇ ਕੀਤੀ ਸੀ, ਇਸ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ। ਉਸ ਸਮੇ ਤੋਵਾ ਇੱਕ ਸਾਲ ਤੋਂ ਅਲਜ਼ਾਈਮਰ ਦੀ ਮਰੀਜ਼ ਸੀ। ਤੋਵਾ ਨੂੰ ਵ੍ਹੀਲਚੇਅਰ ਤੇ ਕਮਰੇ ਵਿਚ ਲਿਆਂਦਾ ਗਿਆ। ਸਮਾਰਟ ਨੇ ਚੁੱਪ-ਚੁਪੀਤੀ ਤੋਵਾ ਨੂੰ ਹੌਲੀ-ਹੌਲੀ ਸਾਰੀ ਬੀਤੀ ਕਹਾਣੀ ਸੁਣਾਈ। ਇੱਕ ਦਮ ਤੋਵਾ ਨੇ ਸਿਰ ਚੁੱਕਿਆ, ਅੱਖਾਂ ਖੋਲ੍ਹੀਆਂ, ਪਾੜ-ਖਾਣਿਆਂ ਵਾਂਗ ਦੇਖਣ ਲੱਗੀ, ਆਪਣਾ ਹੱਥ ਵਧਾਇਆ, ਸਮਾਰਟ ਦਾ ਹੱਥ ਫੜ ਕੇ ਘੁੱਟਿਆ ਤੇ ਬੋਲਣ ਦੀ ਕੋਸ਼ਿਸ਼ ਕਰਨ ਲੱਗੀ। ਅਧੂਰੇ ਸ਼ਬਦਾਂ ਦੀ ਸਮਝ ਨਹੀਂ ਆਉਂਦੀ ਸੀ। ਤੋਵਾ ਨੇ ਸਮਾਰਟ ਦਾ ਹੱਥ ਨਾ ਛੱਡਿਆ। ਸਮਾਰਟ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰ ਵਹਿ ਤੁਰੀ। ਉਹ ਕਹਾਣੀ ਸੁਣਾਉਂਦਾ ਰਿਹਾ। ਤੋਵਾ ਬੋਲਣ ਦੀ ਜੱਦੋਜਹਿਦ ਕਰਦੀ ਹੋਈ ਸ਼ਬਦ ਬਣਾਉਣ ਲਈ ਜ਼ੁਬਾਨ ਨਾਲ ਖਹਿਬੜਦੀ ਰਹੀ। ਆਖਰ ਏਨਾ ਕਹਿਣ ਵਿਚ ਕਾਮਯਾਬ ਹੋ ਗਈ, 'ਸਭ ਠੀਕ ਹੋ ਗਿਐ'। ਉਸ ਦੇ ਪੁੱਤਰ ਨੇ ਅਚੰਭੇ ਭਰੀ ਖ਼ੁਸ਼ੀ ਨਾਲ ਕਿਹਾ ਕਿ ਉਹ ਪੂਰੇ ਇੱਕ ਸਾਲ ਤੋਂ ਬੋਲੀ ਨਹੀਂ ਸੀ। ਕੈਮਰਾ ਚਲ ਰਿਹਾ ਸੀ। ਸਮਾਰਟ ਨੂੰ ਤਸੱਲੀ ਹੋਈ ਕਿ ਜਾਨਕ ਦੀ ਜਾਨ ਅਜਾਈਂ ਨਹੀਂ ਗਈ, ਉਸ ਨੇ ਇੱਕ ਜਾਨ ਬਚਾਉਣ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਸੀ। ਇਹ ਇੱਕ ਦੂਹਰਾ ਚਮਤਕਾਰ ਸੀ। ਅੱਜ ਕੱਲ੍ਹ ਟੀਨਾ ਕਾਰੋਬਾਰ ਸੰਭਾਲਦੀ ਹੈ ਅਤੇ ਸਮਾਰਟ ਆਪ ਤਸਵੀਰਾਂ (ਪੇਂਟਿੰਗਜ਼) ਬਣਾਉਂਦਾ ਹੈ। ਉਸ ਦੀ ਨੁਮਾਇਸ਼ੀ ਗੈਲਰੀ ਦਾ ਨਾਂ ਹੈ - (Galerie d Art Maxwell) ਗੈਲਰੀ ਡ ਆਰਟ ਮੈਕਸਵੈਲ।



**ਅੱਜ ਪੰਜਾਬ ਦੇ ਹਰ ਮਸਲੇ ਤੇ ਪ੍ਰਸ਼ਨ ਚਿੰਨ੍ਹ ਖੜੇ ਹੋ ਰਹੇ ਹਨ| ਇਕ ਪਾਸੇ ਸ਼੍ਰੋਮਣੀ ਕਮੇਟੀ ਸਿੱਖ ਸਿਧਾਂਤਾਂ ਲਈ ਆਪਣੇ ਤਰੀਕੇ ਨਾਲ ਵਿਆਖਿਆ ਕਰਦੀ ਹੈ| ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਲਗਾਤਾਰ ਨੌਜਵਾਨਾਂ ਨੂੰ ਗਰਮਜੋਸ਼ੀ ਵੱਲ ਲੈ ਕੇ ਜਾ ਰਿਹਾ ਹੈ| ਇਸ ਨਾਲ ਵੱਖਰੀ ਕਿਸਮ ਦੇ ਟਕਰਾਓ ਵਾਲੀ ਸਥਿਤੀ ਬਣ ਰਹੀ ਹੈ| ਇਹ ਸਾਰੀਆਂ ਘਟਨਾਵਾਂ ਵਿਚ ਪੰਜਾਬ ਸਰਕਾਰ ਦੇ ਸਵਾਲਾਂ ਵਿੱਚ ਘਿਰਿਆ ਹੈ।ਸ਼ਾਇਦ ਹੀ ਪੰਜਾਬ ਦਾ ਸਮਾਜਕ, ਧਾਰਮਿਕ, ਰਾਜਨੀਤਕ ਜਾਂ ਆਰਥਕ ਮੁੱਦਾ ਐਸਾ ਹੋਵੇ ਜਿਸ ਦੇ ਇੱਕ ਤੋਂ ਵੱਧ ਸ੍ਵੈ ਵਿਰੋਧੀ ਕਿਸਮ ਦੀਆਂ ਰਾਵਾਂ ਨਾ ਦੇਖਣ ਨੂੰ ਮਿਲਦੀਆਂ ਹੋਣ।**

# ਪੰਜਾਬ ਦੇ ਦੁਖਾਂਤ ਦੀ ਘੁੰਮਣਘੇਰੀ

ਚਿੰਤਨ



ਡਾ. ਸਤਿਨਾਮ ਸਿੰਘ ਸੰਧੂ
98144-70175

ਪੰਜਾਬ ਦੇ ਮੂਲ ਮਸਲਿਆਂ ਵਿਚੋਂ ਸ਼ਾਇਦ ਹੀ ਕੋਈ ਐਸਾ ਹੋਵੇ; ਜੋ ਅੱਜ ਸਵਾਲਾਂ ਦੇ ਘੇਰੇ ਵਿੱਚ ਨਾ ਆਇਆ ਹੋਵੇ| ਅਪਰੇਸ਼ਨ ਬਲਿਊ ਸਟਾਰ ਕਰਨਾ ਜ਼ਰੂਰੀ ਸੀ ਜਾਂ ਕੋਈ ਹੋਰ ਵੀ ਹੱਲ ਹੋ ਸਕਦਾ ਸੀ? ਪੰਜਾਬੀ ਦੇ ਪਾਣੀ ਦੇ ਮਸਲੇ? ਪੰਜਾਬ ਦੇ ਅੱਤਵਾਦ ਦੇ ਦਿਨਾਂ ਵਿੱਚ ਚੜ੍ਹੇ ਕਰਜ਼ੇ ਦਾ ਮਸਲਾ? ਪੰਜਾਬ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਮਸਲਾ? ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮਸਲਾ? ਪੰਜਾਬ ਅੰਦਰ ਇੱਕ ਵੀ ਪੂਰਨ ਅੰਤਰਰਾਸ਼ਟਰੀ ਹਵਾਈ ਅੱਡਾ ਨਾ ਹੋਣ ਦਾ ਮਸਲਾ? ਪੰਜਾਬ ਨੂੰ ਕੇਂਦਰ ਵੱਲੋਂ ਕੋਈ ਵੱਡਾ ਪ੍ਰੋਜੈਕਟ ਨਾ ਦੇਣ ਦਾ ਮਸਲਾ? ਅਤੇ ਹੋਰ ਬਹੁਤ ਕੁੱਝ ਲਟਕਿਆ ਪਿਆ ਹੈ।

ਪੰਜਾਬ ਦਾ ਸਭ ਤੋਂ ਪ੍ਰਮੁੱਖ ਕਿੱਤਾ ਖੇਤੀਬਾੜੀ ਹੈ। ਖੇਤੀਬਾੜੀ ਨੂੰ ਬਚਾਉਣ ਦਾ ਸੰਘਰਸ਼ ਵੱਡੇ ਪੱਧਰ ਤੇ ਚਲਾਇਆ ਗਿਆ ਸੀ| ਉਸ ਸੰਘਰਸ਼ ਨੇ ਕੇਂਦਰ ਦੀ ਸਰਕਾਰ ਨੂੰ ਸਿੱਧੇ ਰੂਪ ਵਿੱਚ ਪ੍ਰਭਾਵਿਤ ਕੀਤਾ ਸੀ। ਭਾਰਤ ਦਾ ਕਾਰਪੋਰੇਟ ਅਤੇ ਵਿਸ਼ੇਸ਼ ਰੂਪ ਵਿੱਚ ਅਦਾਨੀ ਸਿੱਧੇ ਰੂਪ ਵਿੱਚ ਇਸ ਮੋਰਚੇ ਦੇ ਨਿਸ਼ਾਨੇ ਤੇ ਸੀ| ਅਜਿਹੇ ਮੋਰਚੇ ਲਾਉਣ ਲੱਗਿਆਂ ਬਹੁਤਾ ਸਮਾਂ ਨਹੀਂ ਹੋਇਆ ਹੈ ਇਸ ਦੇ ਸੰਯੁਕਤ ਰੂਪ ਤੋਂ ਵੱਡੇ ਵੱਡੇ ਪ੍ਰਸ਼ਨ ਖੜ੍ਹੇ ਹੋ ਗਏ ਹਨ| ਸੰਘਰਸ਼ ਕਰਨ ਵਾਲੇ ਕਿਸਾਨ ਬਹੁਤ ਛੋਟੇ-ਛੋਟੇ ਹਿੱਸਿਆਂ ਵਿਚ ਵੰਡੇ ਨਜ਼ਰ ਆ ਰਹੇ ਹਨ| ਇਸ ਤਰਾ ਮਹਿਸੂਸ ਹੋ ਰਿਹਾ ਹੈ ਜਿਵੇਂ ਕਿਸਾਨੀ ਅਤੇ ਉਨ੍ਹਾਂ ਦੇ ਨੇਤਾਵਾਂ ਵਿੱਚ ਕਿਧਰੇ ਨਾ ਕਿਧਰੇ ਫ਼ਰਕ ਆ ਗਿਆ ਹੋਵੇ|

ਪੰਜਾਬ ਦੀ ਦੂਸਰੀ ਤਾਕਤ ਇਸ ਦੀ ਭਾਈਚਾਰਕ ਸਾਂਝ ਹੈ। ਪੰਜਾਬ ਦੇ ਹਰ ਮਸਲੇ ਤੇ ਪ੍ਰਸ਼ਨ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ| ਪੰਜਾਬ ਦੀ ਇਕ ਵੱਡੀ ਧਿਰ ਇਸ ਗੱਲ ਤੋਂ ਨਰਾਜ਼ ਬੈਠੀ ਹੈ ਕਿ ਲੰਬਾ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਦੀ ਜਨਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਨਸਾਫ਼ ਕਿਉਂ ਨਹੀਂ ਮਿਲਦਾ? ਇਸ ਲਈ ਨਿਰੰਤਰ ਤੌਰ ਤੇ ਸੰਘਰਸ਼ ਕੀਤਾ ਜਾ ਰਿਹਾ ਹੈ| ਸੰਘਰਸ਼ ਕਰਨ ਵਾਲੀ ਕਮੇਟੀ ਨੂੰ ਲਗਾਤਾਰ ਇਸ ਗੱਲ ਤੇ ਆਸ ਹੈ ਸਰਕਾਰ ਦੀਆਂ ਦੀਆਂ ਕੋਸ਼ਿਸ਼ਾਂ ਇਕ ਨਾ ਇਕ ਦਿਨ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਵਿੱਚ ਜ਼ਰੂਰ ਪੈਦਾ ਕਰਨਗੀਆਂ| ਕਿਤੇ ਇਹ ਮਸਲਾ ਇਤਨਾ ਨਾ ਲਟਕ ਜਾਵੇ ਕਿ ਲੋਕਾਂ ਨੂੰ ਇਨਸਾਫ਼ ਤੋਂ ਉਮੀਦ ਹੀ ਟੁੱਟਦੀ ਨਜ਼ਰ ਆਵੇ|

ਅੱਜ ਇਸ ਮਸਲੇ ਨਾਲ ਸਬੰਧਿਤ ਲੰਬੀ ਚੌੜੀ ਰਿਪੋਰਟ ਕਚਹਿਰੀ ਵਿੱਚ ਦਾਖਲ ਕੀਤੀ ਹੈ| ਇਸ ਦਾਖਲ ਕੀਤੀ ਰਿਪੋਰਟ ਵਿਚ ਇਹ ਮੰਨਿਆ ਜਾਂਦਾ ਹੈ ਕਿ ਪੁਲਿਸ ਅਫ਼ਸਰਾਂ ਦੇ ਨਾਲ-ਨਾਲ ਅਕਾਲੀ ਦਲ ਦੇ ਨੇਤਾਵਾਂ ਦਾ ਨਾਮ ਵੀ ਆਇਆ ਹੈ| ਇਹ ਸ਼ੁਰੂਆਤ ਸਥਾਨਕ ਕਚਹਿਰੀ ਤੋਂ ਕੀਤੀ ਗਈ ਹੈ ਅਤੇ ਇਸ ਦੇ ਉਪਰ ਤੱਕ ਜਾਂਦੇ ਜਾਂਦੇ ਦਹਾਕੇ ਬੀਤ ਜਾਂਦੇ ਹਨ| ਲੋਕ ਇਸ ਆਸ ਅਤੇ ਉਮੀਦ ਨਾਲ ਜੁੜੇ ਰਹਿੰਦੇ ਹਨ ਕਿ ਜੇ ਸ਼ਾਇਦ ਰੌਲ਼ਾ ਪੈ ਰਿਹਾ ਹੈ ਉਸ ਦਾ ਇਕ ਦਿਨ ਸੱਚ ਸਾਹਮਣੇ ਆਵੇਗਾ|

ਅਜਿਹਾ ਕਰਨ ਨਾਲ ਪੰਜਾਬ ਦੀਆਂ ਪਰੰਪਰਾਵਾਦੀ ਪਾਰਟੀ ਦਾ ਸਵਾਲਾਂ ਦੇ ਘੇਰੇ ਵਿੱਚ ਆ ਜਾਂਦੀਆਂ ਹਨ| ਅਕਾਲੀ ਦਲ ਇਸ ਰਿਪੋਰਟ ਵਿਚ ਸਵਾਲਾਂ ਦੇ ਘੇਰੇ ਵਿਚ ਹੈ| ਉਹ ਲਗਾਤਾਰ ਆਪਣੇ ਆਪ ਨੂੰ ਬੇਕਸੂਰ ਦੱਸ ਰਹੇ ਹਨ| ਲੋਕਾਂ ਦੀ ਮੰਗ ਹੈ ਕਿ ਸੱਚ ਸਾਹਮਣੇ ਆਉਣਾ ਚਾਹੀਦਾ ਹੈ| ਅਜਿਹਾ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਦੇ ਮੂਲ ਆਰਥਿਕ ਮੁੱਦੇ ਪਿੱਛੇ ਰਹਿ ਜਾਂਦੇ ਹਨ ਅਤੇ ਸਾਰੀ ਚਰਚਾ ਇਹਨਾਂ ਮਸਲਿਆਂ ਤੇ ਕੇਂਦਰਿਤ ਹੋ ਜਾਂਦੀ ਹੈ| ਜੇਕਰ ਇਨ੍ਹਾਂ ਮਸਲਿਆਂ ਦਾ ਅਦਾਲਤ ਰਾਹੀਂ ਨਿਪਟਾਰਾ ਹੋ ਜਾਂਦਾ ਹੈ ਤਾਂ ਉਸ ਨਾਲ ਘੱਟੋ ਘੱਟ ਲੋਕ ਅਤੇ ਸਰਕਾਰਾਂ ਤੋਂ ਸਮਾਜਕ, ਆਰਥਕ, ਮਸਲਿਆਂ ਨੂੰ ਵਧੇਰੇ ਸੰਜੀਦਗੀ ਨਾਲ ਵਿਚਾਰ ਅਤੇ ਨਜ਼ਰ ਰੱਖਦੀਆਂ ਹਨ|

ਅੱਜ ਪੰਜਾਬ ਦੇ ਹਰ ਮਸਲੇ ਤੇ ਪ੍ਰਸ਼ਨ ਚਿੰਨ੍ਹ ਖੜੇ ਹੋ ਰਹੇ ਹਨ| ਇਕ ਪਾਸੇ ਸ਼੍ਰੋਮਣੀ ਕਮੇਟੀ ਸਿੱਖ ਸਿਧਾਂਤਾਂ ਲਈ ਆਪਣੇ ਤਰੀਕੇ ਨਾਲ ਵਿਆਖਿਆ ਕਰਦੀ ਹੈ| ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਲਗਾਤਾਰ ਨੌਜਵਾਨਾਂ ਨੂੰ ਗਰਮਜੋਸ਼ੀ ਵੱਲ ਲੈ ਕੇ ਜਾ ਰਿਹਾ ਹੈ| ਇਸ ਨਾਲ ਵੱਖਰੀ ਕਿਸਮ ਦੇ ਟਕਰਾਓ ਵਾਲੀ ਸਥਿਤੀ ਬਣ ਰਹੀ ਹੈ| ਇਹ ਸਾਰੀਆਂ ਘਟਨਾਵਾਂ ਵਿਚ ਪੰਜਾਬ ਸਰਕਾਰ ਦੇ ਸਵਾਲਾਂ ਵਿੱਚ ਘਿਰਿਆ ਹੈ।ਸ਼ਾਇਦ ਹੀ ਪੰਜਾਬ ਦਾ ਸਮਾਜਕ, ਧਾਰਮਿਕ, ਰਾਜਨੀਤਕ ਜਾਂ ਆਰਥਕ ਮੁੱਦਾ ਐਸਾ ਹੋਵੇ ਜਿਸ ਦੇ ਇੱਕ ਤੋਂ ਵੱਧ ਸ੍ਵੈ ਵਿਰੋਧੀ ਕਿਸਮ ਦੀਆਂ ਰਾਵਾਂ ਨਾ ਦੇਖਣ ਨੂੰ ਮਿਲਦੀਆਂ ਹੋਣ। ਅਜਿਹੀ ਸਥਿਤੀ ਵਿਚ ਆਮ ਵਿਅਕਤੀ ਬਹੁਤ ਉਲਝਣ ਵਿੱਚ ਹਨ ਕਿ ਉਹ ਸੱਚ ਦੀ ਪਹਿਚਾਣ ਕਿਵੇਂ ਕਰਨ। ਕੀ ਪੰਜਾਬ ਦੀ ਸਥਿਤੀ ਦਿਨੋਂ-ਦਿਨ ਵਿਸਫੋਟਕ ਬਣਦੀ ਜਾ ਰਹੀ ਹੈ|



# ਸ਼ਬਦਾਂ ਦੀ ਪਰਵਾਜ਼

## ਅੰਗਰੇਜ਼ੀ ਦਾ 'ਐਕਸਲ' (Axle) ਅਤੇ ਪੰਜਾਬੀ ਦਾ 'ਮੰਜਾ' ਸ਼ਬਦ ਕਿਵੇਂ ਬਣੇ?

### ('ਅਖਾੜਾ' ਸ਼ਬਦ ਦੇ ਪਰਿਪੇਖ ਵਿੱਚ)

ਅਸੀਂ ਦੇਖਿਆ ਹੈ ਕਿ 'ਅਖਾੜਾ' ਸ਼ਬਦ, ਦੋ ਸ਼ਬਦਾਂ: ਅਕਸ਼ਿ ਅਤੇ ਵਾਟ ਦੇ ਮੇਲ਼ ਨਾਲ਼ ਬਣਿਆ ਹੈ ਪਰ ਅਕਸ਼ਵਾਟ (ਅਕਸ਼+ਵਾਟ ) ਸ਼ਬਦ ਦੇ ਅਰਥ ਸ਼ਤਰੰਜ ਦੀ ਖੇਡ ਹਨ। ਅਕਸ਼ਵਾਟ ਵਿਚਲੇ ਪਹਿਲੇ ਸ਼ਬਦ ਅਕਸ਼ ਬਾਰੇ ਦੱਸਿਆ ਗਿਆ ਸੀ ਕਿ ਇਸ ਸ਼ਬਦ ਦੇ ਕਈ ਅਰਥ ਹਨ, ਜਿਨ੍ਹਾਂ ਵਿੱਚੋਂ ਇੱਕ ਅਰਥ ਸ਼ਤਰੰਜ ਦੀ ਖੇਡ ਨਾਲ਼ ਸੰਬੰਧਿਤ ਪਾਸੇ ਤੋਂ ਇਲਾਵਾ ਕਿਸੇ ਗੱਡੀ/ਗੱਡੇ ਜਾਂ ਵਾਹਨ ਆਦਿ ਦਾ ਧੁਰਾ ਵੀ ਹਨ।

ਪੁਰਾਤਨ ਸਮਿਆਂ ਵਿੱਚ ਆਵਾਜਾਈ ਲਈ ਗੱਡੀਆਂ ਜਾਂ ਗੱਡੇ ਆਦਿ ਹੀ ਵਰਤੇ ਜਾਇਆ ਕਰਦੇ ਸਨ, ਆਧੁਨਿਕ ਵਾਹਨਾਂ ਦਾ ਸਮਾਂ ਤਾਂ ਬਹੁਤ ਬਾਅਦ ਵਿੱਚ ਆਇਆ ਹੈ। ਗੱਡਿਆਂ ਤੋਂ ਵੀ ਪਹਿਲਾਂ ਮਨੁੱਖ ਪੈਦਲ ਜਾਂ ਵੱਧ ਤੋਂ ਵੱਧ ਕਿਸੇ ਪਸ਼ੂ, ਜਿਵੇਂ ਘੋੜਿਆਂ ਆਦਿ ਦੀਆਂ ਪਿੱਠਾਂ 'ਤੇ ਬੈਠ ਕੇ ਹੀ ਸਫ਼ਰ ਕਰਿਆ ਕਰਦਾ ਸੀ।

ਸੋ, ਉਹ ਚੀਜ਼ ਜਿਸ ਦੁਆਲ਼ੇ ਕਿਸੇ ਗੱਡੀ ਜਾਂ ਗੱਡੇ ਆਦਿ ਦੇ ਦੋਵੇਂ ਪਹੀਏ ਘੁੰਮਿਆ ਕਰਦੇ ਸਨ, ਨੂੰ ਧੁਰੀ ਆਖਿਆ ਜਾਂਦਾ ਸੀ। ਸੰਸਕ੍ਰਿਤ ਵਿੱਚ ਇਸੇ ਸ਼ਬਦ ਲਈ ਧੁਰੀ ਜਾਂ ਧੁਰੇ ਦੇ ਨਾਲ਼-ਨਾਲ਼ 'ਅਕਸ਼' ਸ਼ਬਦ ਵੀ ਵਰਤਿਆ ਜਾਂਦਾ ਰਿਹਾ ਹੈ। ਇਹਨਾਂ ਦੋਂਹਾਂ ਸ਼ਬਦਾਂ- ਅਕਸ਼ ਅਤੇ ਅੰਗਰੇਜ਼ੀ ਦੇ ਐਕਸਲ ਦੀਆਂ ਧੁਨੀਆਂ, ਬਣਤਰ, ਉਚਾਰਨ ਅਤੇ ਅਰਥਾਂ ਵਿੱਚ ਬਹੁਤ ਸਮਾਨਤਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਦੋਂਹਾਂ ਭਾਸ਼ਾਵਾਂ ਦਾ ਪਿਛੋਕੜ ਮੁਢਲੀ ਆਰੀਆ ਭਾਸ਼ਾ ਨਾਲ਼ ਜੁੜਿਆ ਹੋਇਆ ਹੈ। ਈਰਾਨ ਦੀ ਮੂਲ ਭਾਸ਼ਾ ਫ਼ਾਰਸੀ ਸਮੇਤ ਇਹ ਦੋਵੇਂ ਭਾਸ਼ਾਵਾਂ ਅਰਥਾਤ ਸੰਸਕ੍ਰਿਤ ਅਤੇ ਅੰਗਰੇਜ਼ੀ ਵੀ ਆਰੀਆਨ ਭਾਸ਼ਾ-ਪਰਿਵਾਰ ਨਾਲ਼ ਹੀ ਸੰਬੰਧਿਤ ਹਨ। ਵੱਖ-ਵੱਖ ਆਰੀਅਨ ਭਾਸ਼ਾ-ਪਰਿਵਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੇ ਅਨੇਕਾਂ ਸ਼ਬਦਾਂ ਦੀ ਸਾਂਝ ਦਾ ਮੁੱਖ ਕਾਰਨ ਇਹਨਾਂ ਭਾਸ਼ਾਵਾਂ ਦਾ ਇਹ ਪਿਛੋਕੜ ਹੋਣਾ ਹੀ ਹੈ। ਐਕਸਲ (Axle) ਸ਼ਬਦ ਵਾਂਗ ਸੰਸਕ੍ਰਿਤ ਭਾਸ਼ਾ ਤੋਂ ਆਏ ਇਸੇ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸ਼ਬਦ ਹਨ ਜਿਹੜੇ ਰੂਪ ਅਤੇ ਅਰਥਾਂ ਪੱਖੋਂ ਆਪਸ ਵਿੱਚ ਕਾਫ਼ੀ ਮੇਲ਼ ਖਾਂਦੇ ਹਨ। ਉਦਾਹਰਨ ਦੇ ਤੌਰ 'ਤੇ ਇੱਥੇ ਕੁਝ ਸ਼ਬਦ ਦੇਖੇ ਜਾ ਸਕਦੇ ਹਨ:

ਉਕਸ਼ਨ੍ (**उक्षन्**)= ਸਾਨ੍ਹ, ਔਕਸ (Ox)=ਬਲ਼ਦ; ਔਕਸਨ (Oxen)= ਬਲ਼ਦਾਂ ਅਤੇ ਬੈਲ/ ਬੁੱਲ (Bull) ਸ਼ਬਦਾਂ ਦੀ ਆਪਸੀ ਸਾਂਝ:

ਪੰਜਾਬੀ ਦੇ 'ਸਾਨ੍ਹ' ਸ਼ਬਦ ਨੂੰ ਹਿੰਦੀ ਵਿੱਚ ਸਾਂਢ (**साँड़**) ਆਖਿਆ ਜਾਂਦਾ ਹੈ ਜੋਕਿ ਮੂਲ ਰੂਪ ਵਿੱਚ ਸੰਸਕ੍ਰਿਤ ਦੇ ਉਕਸ਼ ਜਾਂ ਉਕਸ਼ਨ੍ ( **उक्षन्** ) ਸ਼ਬਦ ਤੋਂ ਬਣਿਆ ਹੋਇਆ ਹੈ। ਅੰਗਰੇਜ਼ੀ ਵਿੱਚ ਇਸੇ ਨੂੰ ਹੀ ਔਕਸ (Ox) ਆਖਿਆ ਜਾਂਦਾ ਹੈ ਅਤੇ ਇਸ ਦਾ ਬਹੁਵਚਨ ਰੂਪ "ਉਕਸ਼ਾਣ" (Oxen) ਹੈ। ਇਹ ਸਾਰੇ ਸ਼ਬਦ ਇੱਕ ਹੀ ਭਾਸ਼ਾ, ਮੂਲ ਆਰੀਅਨ ਭਾਸ਼ਾ ਤੋਂ ਆਏ ਹੋਏ ਹਨ। ਦਰਅਸਲ ਸੰਸਕ੍ਰਿਤ ਦੇ ਉਕਸ਼ਨ ਸ਼ਬਦ ਵਿਚਲੀ ਉ ਧੁਨੀ ਇੱਥੇ ਅੰਗਰੇਜ਼ੀ ਵਿੱਚ ਆ ਕੇ ਔ (O) ਧੁਨੀ ਵਿੱਚ ਬਦਲ ਗਈ ਹੈ ਅਤੇ

**ਜਸਵੀਰ ਸਿੰਘ ਪਾਬਲਾ**

**98884-03052.**



ਕਸ਼ੈ ਅੱਖਰ ਅੰਗਰੇਜ਼ੀ ਦੇ ਐਕਸ (X) ਅੱਖਰ ਵਿੱਚ ਬਦਲ ਗਿਆ ਹੈ। ਅੰਗਰੇਜ਼ੀ ਦੇ ਬਹੁਵਚਨ ਸ਼ਬਦ ਵਾਲ਼ੇ ਰੂਪ ਔਕਸਨ (Oxen) ਵਿੱਚ ਤਾਂ ਸੰਸਕ੍ਰਿਤ ਦੇ ਉਕਸ਼/ ਉਕਸ਼ਨ/ਉਕਸ਼ਾਣ ਵਾਲ਼ੀ ਐੱਨ (N)ਦੀ ਧੁਨੀ ਵੀ ਸ਼ਾਮਲ ਹੈ। ਸ਼ਾਇਦ ਸੰਸਕ੍ਰਿਤ ਜਾਂ ਮੁਢਲੀ ਆਰੀਆ ਭਾਸ਼ਾ ਦੇ ਅਜਿਹੇ ਪ੍ਰਭਾਵ ਕਾਰਨ ਹੀ ਅੰਗਰੇਜ਼ੀ ਦੇ ਔਕਸ (Ox) ਸ਼ਬਦ ਦਾ ਬਹੁਵਚਨ ਬਣਾਉਣ ਸਮੇਂ ਰਵਾਇਤੀ s ਜਾਂ es ਅੱਖਰਾਂ ਦੀ ਥਾਂ en ਅੱਖਰਾਂ ਦੀ ਵਰਤੋਂ ਕੀਤੀ ਗਈ ਹੈ। ਸ਼ਾਇਦ ਇਸੇ ਕਾਰਨ ਹੀ ਅੰਗਰੇਜ਼ੀ ਭਾਸ਼ਾ ਵਾਲ਼ਿਆਂ ਨੇ ਮੁੱਢ-ਕਦੀਮੀ ਪਰੰਪਰਾ ਅਨੁਸਾਰ ਲਿਖੇ ਆ ਰਹੇ ਇਸ ਔ ਕ ਸ ਨ (oxen) ਸ਼ਬਦ ਦੇ ਇਸੇ ਰੂਪ ਨੂੰ ਹੀ ਬਰਕਰਾਰ ਰੱਖਿਆ ਹੈ। ਇਸੇ ਤਰ੍ਹਾਂ ਜਿਵੇਂਕਿ ਉੱਪਰ ਦੱਸਿਆ ਗਿਆ ਹੈ, ਹਿੰਦੀ/ਪੰਜਾਬੀ ਸ਼ਬਦਾਂ ਨਾਲ਼ ਸੰਬੰਧਿਤ ਬੈਲ (ਬਲ਼ਦ) ਸ਼ਬਦ ਅੰਗਰੇਜ਼ੀ ਦੇ ਬੁੱਲ (Bull) ਵਿੱਚ ਬਦਲ ਗਿਆ ਹੈ।

ਸਾਡੀਆਂ ਦੇਸੀ ਭਾਸ਼ਾਵਾਂ ਦੇ ਕੁਝ ਸ਼ਬਦ ਸਾਡੇ ਜੀਵਨ ਵਿੱਚ ਏਨੇ ਮਹੱਤਵਪੂਰਨ ਮੁੱਦਿਆਂ ਨਾਲ਼ ਸੰਬੰਧਿਤ ਹੁੰਦੇ ਹਨ ਅਤੇ ਸਾਡੇ ਨਿਤਾਪ੍ਰਤੀ ਦੇ ਜੀਵਨ ਨਾਲ਼ ਸੰਬੰਧਿਤ ਪ੍ਰਮੁੱਖ ਭੂਮਿਕਾਵਾਂ ਨਿਭਾਉਣ ਨਾਲ਼ ਜੁੜੇ ਹੋਏ ਹੁੰਦੇ ਹਨ ਕਿ ਉਹਨਾਂ ਵਿਚਲੇ ਕੁਝ ਅੱਖਰ ਜਾਂ ਧੁਨੀਆਂ ਵੀ ਉਸ ਸ਼ਬਦ ਦੇ ਅਰਥਾਂ ਨੂੰ ਵੱਖ-ਵੱਖ ਸ਼ਬਦਾਂ ਵਿੱਚ ਰੂਪਮਾਨ ਕਰ ਰਹੀਆਂ ਜਾਪਦੀਆਂ ਹਨ।



ਅਜਿਹੇ ਹੀ ਸ਼ਬਦਾਂ ਵਿੱਚੋਂ ਇੱਕ ਸ਼ਬਦ ਹੈ- ਸੰਸਕ੍ਰਿਤ ਭਾਸ਼ਾ ਦਾ ਸ਼ਬਦ ਅਕਸ਼ਿ ਅਰਥਾਤ ਅੱਖ। ਅਕਸ਼ਿਵਾਟ ਸ਼ਬਦ ਵਿੱਚ ਤਾਂ ਪੂਰੇ 'ਅਕਸ਼ਿ' ਸ਼ਬਦ ਦੀ ਹੀ ਵਰਤੋਂ ਕਰ ਲਈ ਗਈ ਹੈ। ਪਿਛਲੇ ਲੇਖ ਵਿੱਚ "ਦੇਖਣ ਵਾਲ਼ੇ" ਜਾਂ "ਦਰਸ਼ਕ" ਸ਼ਬਦਾਂ ਦੀ ਵਾਰ-ਵਾਰ ਵਰਤੋਂ ਹੋਈ ਹੈ। ਇਹਨਾਂ ਦੋਂਹਾਂ ਸ਼ਬਦਾਂ ਵਿੱਚ ਖ (ਦੇਖਣ) ਅਤੇ ਸ਼ (ਦਰਸ਼ਕ) ਧੁਨੀਆਂ ਦੇ ਅਰਥ ਅੱਖਾਂ (ਅਕਸ਼ਿ) ਦੁਆਰਾ ਦੇਖਣ ਦੀ ਪ੍ਰਕਿਰਿਆ ਨਾਲ਼ ਹੀ ਸੰਬੰਧਿਤ ਹਨ। ਦੇਖ/ਦੇਖਣ ਸ਼ਬਦਾਂ ਵਿੱਚ ਖ ਦੀ ਧੁਨੀ ਕਸ਼ੈ (**क्ष**) ਧੁਨੀ ਦੇ ਖ ਧੁਨੀ ਵਿੱਚ ਬਦਲ ਜਾਣ ਕਾਰਨ ਹੋਂਦ ਵਿੱਚ ਆਈ ਹੈ ਅਤੇ ਦਰਸ਼ਕ ਸ਼ਬਦ ਵਿੱਚ ਸ਼ ਦੀ ਧੁਨੀ ਕਸ਼ੈ (ਕ+ਸ਼ੈ) ਅੱਖਰ ਵਿੱਚ ਸ਼ਾਮਲ ਸ਼ ਧੁਨੀ ਦੀ ਪ੍ਰਤਿਨਿਧਤਾ ਕਰ ਰਹੀ ਹੈ ਤੇ ਇਹ ਧੁਨੀ ਇੱਥੇ ਅਕਸ਼ਿ (ਅੱਖ) ਦੇ ਅਰਥਾਂ ਨੂੰ ਹੀ ਰੂਪਮਾਨ ਕਰ ਰਹੀ ਹੈ। ਇਸ ਲਈ ਦਰਸ਼ਕ ਸ਼ਬਦ ਵਿਚਲੀ ਸ਼ (ਅਕਸ਼ਿ ਵਿਚਲੀ ਸ਼ ਧੁਨੀ ਤੋਂ ਆਈ) ਧੁਨੀ ਦੇ ਅਰਥ ਵੀ ਇੱਥੇ "ਦੇਖਣ" ਸ਼ਬਦ ਵਿਚਲੀ ਖ ਧੁਨੀ ਦੇ ਅਰਥਾਂ ਵਾਂਗ ਅੱਖ ਹੀ ਹਨ। ਦਿਸ, ਦਿਸਦਾ, ਦਰਸਾਉਣਾ ਆਦਿ ਸ਼ਬਦਾਂ ਵਿੱਚ ਅਕਸ਼ਿ ਵਿਚਲੀ ਸ਼ ਦੀ ਧੁਨੀ ਲੋਕ-ਉਚਾਰਨ ਅਨੁਸਾਰ ਪੰਜਾਬੀ ਵਿੱਚ ਆ ਕੇ ਸ ਵਿੱਚ ਬਦਲ ਗਈ ਹੈ।

**'ਮੰਚ' ਅਤੇ 'ਮੰਜਾ' ਸ਼ਬਦ ਕਿਵੇਂ ਬਣੇ?**

ਇਸ ਲੇਖ ਵਿੱਚ ਇੱਕ ਹੋਰ ਸ਼ਬਦ 'ਮੰਚ' ਜਾਂ 'ਰੰਗ-ਮੰਚ' ਦਾ ਜ਼ਿਕਰ ਵੀ ਆਇਆ ਹੈ। 'ਮੰਚ' ਸ਼ਬਦ ਦਾ ਇਸ ਸ਼ਬਦ ਵਿਚਲੀਆਂ ਧੁਨੀਆਂ ਦੇ ਅਰਥਾਂ ਦੇ ਆਧਾਰ 'ਤੇ ਅਰਥ ਹੈ- ਕਿਸੇ ਥਾਂ ਦਾ ਉਹ ਭਾਗ ਜਿਸ ਨੂੰ ਧਰਤੀ ਦੇ ਪੱਧਰ ਤੋਂ ਰਤਾ ਉੱਚਾ ਚੁੱਕ ਕੇ ਬਣਾਇਆ ਗਿਆ ਹੋਵੇ (ਤਾਂਜੋ ਉਸ ਉੱਤੇ ਕੀਤੀਆਂ ਜਾਣ ਵਾਲ਼ੀਆਂ ਸਰਗਰਮੀਆਂ ਨੂੰ ਦੂਰ-ਦੂਰ ਤੱਕ ਬੈਠੇ ਲੋਕ ਅਸਾਨੀ ਨਾਲ਼ ਦੇਖ ਸਕਣ)। ਬਾਅਦ ਵਿੱਚ ਇਸੇ ਮੰਚ ਉੱਤੇ ਨਾਟਕ/ਡਰਾਮੇ ਆਦਿ ਕੀਤੇ ਜਾਣ ਕਾਰਨ ਇਸ ਨੂੰ ਰੰਗ-ਮੰਚ ਦਾ ਨਾਂ ਵੀ ਦੇ ਦਿੱਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਇਸੇ ਮੰਚ ਸ਼ਬਦ ਤੋਂ ਹੀ ਪੰਜਾਬੀ ਭਾਸ਼ਾ ਦੇ ਇੱਕ ਅਹਿਮ ਸ਼ਬਦ 'ਮੰਜਾ' ਨੇ ਵੀ ਜਨਮ ਲਿਆ ਹੈ ਕਿਉਂਕਿ ਮੰਜਾ ਵੀ ਮੰਚ ਵਾਂਗ ਰਤਾ ਉੱਚਾ ਚੁੱਕ ਕੇ ਹੀ ਬਣਾਇਆ ਜਾਂਦਾ ਹੈ। ਇਸੇ ਕਾਰਨ ਸ਼ਬਦ-ਕੋਸ਼ਾਂ ਅਨੁਸਾਰ ਮੰਜਾ ਸ਼ਬਦ ਦੀ ਵਿਉਤਪਤੀ ਵੀ ਮੰਚ ਸ਼ਬਦ ਤੋਂ ਹੀ ਹੋਈ ਦੱਸੀ ਗਈ ਹੈ।

**ਅਕਸ਼/ਅਕਸ਼ਿ ਸ਼ਬਦਾਂ ਦੇ ਅਰਥਾਂ ਵਿੱਚ ਸਿਹਾਰੀ ਦੀ ਭੂਮਿਕਾ:**

ਹੁਣ ਤੱਕ ਅਸੀਂ ਦੇਖ ਹੀ ਚੁੱਕੇ ਹਾਂ ਕਿ ਅਕਸ਼ ਅਤੇ ਅਕਸ਼ਿ ਸ਼ਬਦਾਂ ਦੇ ਅਰਥਾਂ ਵਿੱਚ ਕੀ ਅੰਤਰ ਹੈ। ਇਹ ਅੰਤਰ ਅਕਸ਼ਿ ਸ਼ਬਦ ਵਿੱਚ ਲੱਗੀ ਹੋਈ ਸਿਹਾਰੀ (....ਬੱਸ ਰੱਤੀ ਕੁ ਫ਼ਰਕ ਮਰੋੜੀ ਦਾ" ਅਨੁਸਾਰ) ਹੀ ਪਾ ਰਹੀ ਹੈ। ਬਿਨਾਂ ਸਿਹਾਰੀ ਤੋਂ ਇਸ ਸ਼ਬਦ ਦੇ ਅਰਥ ਹਨ- ਗੱਡੀ/ਗੱਡੇ ਦਾ ਧੁਰਾ ਆਦਿ ਅਤੇ ਸਿਹਾਰੀ ਨਾਲ਼- ਅੱਖ ਜਾਂ ਮਨੁਖ ਦੀ ਦੇਖਣ-ਪ੍ਰਕਿਰਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਸੰਸਕ੍ਰਿਤ ਮੂਲ ਦੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿੱਚ ਹਰ ਧੁਨੀ ਦਾ ਅਪਣਾ ਮਹੱਤਵ ਹੈ ਅਤੇ ਉਸ ਦੇ ਕੋਈ ਨਾ ਕੋਈ ਅਰਥ ਜ਼ਰੂਰ ਹੁੰਦੇ ਹਨ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਇੱਕ ਹੀ ਸ਼ਬਦ ਦੇ ਦੋ ਜਾਂ ਕਈ ਵਾਰ ਤਿੰਨ ਜਾਂ ਚਾਰ ਅਰਥ ਵੀ ਹੁੰਦੇ ਹਨ। ਅਜਿਹੇ ਸ਼ਬਦਾਂ ਨੂੰ ਬਹੁਅਰਥਕ ਸ਼ਬਦ ਵੀ ਆਖਿਆ ਜਾਂਦਾ ਹੈ, ਜਿਵੇਂ: ਉੱਤਰ, ਘੜੀ, ਗੱਡੀ, ਨਿਰਮਾਣ ਆਦਿ। ਇਸ ਦਾ ਕਾਰਨ ਵੀ ਹਰ ਧੁਨੀ/ਅੱਖਰ ਦੇ ਇੱਕ, ਦੋ ਜਾਂ ਕਈ ਵਾਰ ਇਸ ਤੋਂ ਵੀ ਵੱਧ ਅਰਥਾਂ ਦਾ ਹੋਣਾ ਹੀ ਹੈ। ਅਕਸ਼ ਅਤੇ ਅਕਸ਼ਿ ਸ਼ਬਦਾਂ ਦੀ ਸ਼ਬਦ-ਬਣਤਰ/ਸ਼ਬਦਕਾਰੀ ਵਿੱਚ ਵੀ ਕਸ਼ੈ ਅੱਖਰ ਦੇ ਦੋ ਤੋਂ ਵੱਧ ਅਰਥ ਅਤੇ ਸਿਹਾਰੀ ਦੇ ਆਪਣੇ ਇੱਕ ਵਿਸ਼ੇਸ਼ ਅਰਥ ਹੀ ਅੰਤਰ ਪਾ ਰਹੇ ਹਨ (ਵਿਸਤ੍ਰਿਤ ਵੇਰਵਾ ਕਿਸੇ ਵੱਖਰੇ ਲੇਖ ਵਿੱਚ)।

ਅੰਤ ਵਿੱਚ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਅਖਾੜਾ ਸ਼ਬਦ ਭਾਵੇਂ ਅਕਸ਼ਿਵਾਟ ਤੋਂ ਬਣਿਆ ਹੋਵੇ ਤੇ ਭਾਵੇਂ ਅਕਸ਼ਾਰ ('ਮਹਾਨ ਕੋਸ਼' ਅਨੁਸਾਰ) ਸ਼ਬਦ ਤੋਂ, ਇਹਨਾਂ ਵਿੱਚ ਅੱਖ ਸ਼ਬਦ ਦੇ ਅਰਥ ਅਕਸ਼ਿ ਸ਼ਬਦ ਤੋਂ ਹੀ ਆਏ ਹਨ ਜਿਸ ਦੀ ਬਦੌਲਤ ਅਖਾੜਾ ਸ਼ਬਦ ਦਾ ਸੰਬੰਧ ਮੰਚ ਦੇ ਨਾਲ਼-ਨਾਲ਼ ਉਪਰੋਕਤ ਅਨੁਸਾਰ ਦਰਸ਼ਕਾਂ (ਦੇਖਣ ਵਾਲ਼ਿਆਂ) ਨਾਲ਼ ਵੀ ਜੁੜਿਆ ਹੋਇਆ ਹੈ ਕਿਉਂਕਿ ਦਰਸ਼ਕ ਸ਼ਬਦ ਵੀ ਅਕਸ਼ਿ (ਅੱਖ) ਤੋਂ ਹੀ ਬਣਿਆ ਹੋਇਆ ਹੈ। ਇਸ ਤੋਂ ਬਿਨਾਂ 'ਦਰਸ਼ਕ' ਸ਼ਬਦ ਵਿੱਚ ਪਿਛੇਤਰ ਦੇ ਰੂਪ ਵਿੱਚ ਲੱਗੀ ਹੋਈ 'ਕ' ਧੁਨੀ ਦੇ ਅਰਥ ਹਨ- ਵਾਲ਼ਾ, ਕਰਨ ਵਾਲ਼ਾ (ਕਰਤਰੀ ਨਾਂਵ ਬਣਾਉਣ ਵਾਲ਼ਾ); ਜਿਵੇਂ: ਚਾਲਕ (ਚਲਾਉਣ ਵਾਲ਼ਾ), ਅਧਿਆਪਕ (ਅਧਿਆਪਨ ਕਰਨ ਵਾਲ਼ਾ), ਸੰਪਾਦਕ (ਸੰਪਾਦਨ ਕਰਨ ਵਾਲ਼ਾ), ਲੇਖਕ (ਲਿਖਣ ਵਾਲ਼ਾ) ਆਦਿ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ 'ਅਕਸ਼ਿਵਾਟ' ਸ਼ਬਦ ਵਿਚਲੇ ਦੋ ਸ਼ਬਦਾਂ- ਅਕਸ਼ਿ (ਅੱਖ) ਅਤੇ ਵਾਟ (ਮੰਚ/ ਘੇਰਾ) ਸ਼ਬਦਾਂ ਦੀ ਸ਼ਮੂਲੀਅਤ ਤੋਂ ਬਗ਼ੈਰ ਅਖਾੜਾ ਸ਼ਬਦ ਦੇ ਅਰਥ ਮੁਕੰਮਲ ਹੋ ਹੀ ਨਹੀਂ ਸਕਦੇ; ਘੱਟੋ-ਘੱਟ ਅਖਾੜਾ (ਅਕਸ਼ਿਵਾਟ) ਸ਼ਬਦ ਦੇ ਅਰਥ ਹਿੰਦੀ ਭਾਸ਼ਾ ਦੇ ਇੱਕ ਨਿਰੁਕਤਕਾਰ ਜਿਸ ਦਾ ਹਵਾਲਾ ਪਿਛਲੇ ਲੇਖ ਵਿੱਚ ਦਿੱਤਾ ਗਿਆ ਹੈ, ਦੇ ਅਨੁਸਾਰ "ਸ਼ਤਰੰਜ ਦੀ ਖੇਡ ਦਾ ਅਖਾੜਾ" ( ! ) ਤਾਂ ਬਿਲਕੁਲ ਹੀ ਨਹੀਂ ਹਨ। ਅਕਸ਼ਵਾਟ (ਸ਼ਤਰੰਜ ਜਾਂ ਪਾਸਿਆਂ ਦੀ ਖੇਡ) ਸ਼ਬਦ ਦੇ ਅਰਥ ਹੋਰ ਹਨ ਅਤੇ ਅਕਸ਼ਿਵਾਟ (ਅਖਾੜਾ) ਸ਼ਬਦ ਦੇ ਹੋਰ। ਦਰਅਸਲ ਸਮੇਂ ਦੇ ਬੀਤਣ ਨਾਲ਼ 'ਅਕਸ਼ਿਵਾਟ' ਸ਼ਬਦ ਵਿਚਲੀ ਸਿਹਾਰੀ ਹੁਣ ਇਸ ਵਿੱਚੋਂ ਅਲੋਪ ਹੋ ਚੁੱਕੀ ਹੈ ਜਿਸ ਕਾਰਨ ਉਪਰੋਕਤ ਲੇਖਕ ਇੱਕ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹੋ ਗਿਆ ਹੈ।



# ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਡਾਈਟ 'ਚ ਸ਼ਾਮਲ ਕਰੋ ਇਹ 5 ਚੀਜ਼ਾਂ

ਜ਼ਿਆਦਾ ਤਣਾਅ ਲੈਣ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਮਾਈਗ੍ਰੇਨ ਦੀ ਸਮੱਸਿਆ ਹੋ ਜਾਂਦੀ ਹੈ। ਮਾਈਗਰੇਨ ਹੋਣ 'ਤੇ ਕਦੇ ਸਿਰ 'ਚ ਹਲਕਾ ਜਿਹਾ ਦਰਦ ਹੁੰਦਾ ਹੈ ਅਤੇ ਕਦੇ ਤੇਜ਼ ਦਰਦ ਹੁੰਦਾ ਹੈ। ਇਹ ਦਰਦ ਕਈ ਵਾਰ ਅਸਹਿ ਹੋ ਜਾਂਦਾ ਹੈ। ਸਿਹਤ ਮਾਹਿਰਾਂ ਅਨੁਸਾਰ ਠੰਢ, ਮਾਨਸਿਕ ਤਣਾਅ, ਨਸਾਂ ਵਿੱਚ ਤਣਾਅ, ਥਕਾਵਟ, ਕਬਜ਼, ਨਸ਼ਾ, ਅਨੀਮੀਆ ਆਦਿ ਕਾਰਨ ਮਾਈਗ੍ਰੇਨ ਦੀ ਸਮੱਸਿਆ ਹੁੰਦੀ ਹੈ। ਜੇਕਰ ਤੁਸੀਂ ਵੀ ਮਾਈਗ੍ਰੇਨ ਦੇ ਮਰੀਜ਼ ਹੋ ਅਤੇ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਆਪਣੀ ਡਾਈਟ 'ਚ ਇਨ੍ਹਾਂ 5 ਚੀਜ਼ਾਂ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ-

## ਡਾਰਕ ਚਾਕਲੇਟ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਡਾਰਕ ਚਾਕਲੇਟ ਦਾ ਸੇਵਨ ਕਰ ਸਕਦੇ ਹੋ। ਇਸ 'ਚ ਮੈਗਨੀਸ਼ੀਅਮ ਹੁੰਦਾ ਹੈ, ਜੋ ਹਾਰਮੋਨਲ ਅਸੰਤੁਲਨ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ। ਇਸ ਦੇ ਸੇਵਨ ਨਾਲ ਸੋਜ ਵੀ ਘੱਟ ਹੁੰਦੀ ਹੈ। ਜੇਕਰ ਤੁਹਾਨੂੰ ਨਿਯਮਤ ਅੰਤਰਾਲ 'ਤੇ ਸਿਰ ਦਰਦ ਦੀ ਸਮੱਸਿਆ ਹੈ, ਤਾਂ ਡਾਰਕ ਚਾਕਲੇਟ ਜ਼ਰੂਰ ਖਾਓ।

## ਕੇਲਾ



ਕੇਲੇ ਦਾ ਸੇਵਨ ਕਰਨ ਨਾਲ ਸਰੀਰ ਵਿਚ ਤੁਰੰਤ ਊਰਜਾ ਦਾ ਸੰਚਾਰ ਹੁੰਦਾ ਹੈ। ਇਸ ਵਿੱਚ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਪੋਟਾਸ਼ੀਅਮ ਭਰਪੂਰ ਭੋਜਨ ਖਾਣ ਨਾਲ ਹਾਈ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਇਸ ਦੇ ਨਾਲ ਹੀ ਮੈਗਨੀਸ਼ੀਅਮ ਭਰਪੂਰ ਭੋਜਨ ਖਾਣ ਨਾਲ ਬਲੱਡ ਸ਼ੂਗਰ ਅਤੇ ਮਾਈਗ੍ਰੇਨ ਨੂੰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ। ਇਸ ਦੇ ਲਈ ਜੇਕਰ ਮਾਈਗ੍ਰੇਨ ਦੀ ਸਮੱਸਿਆ ਹੈ ਤਾਂ ਕੇਲੇ ਦਾ ਸੇਵਨ ਕੀਤਾ ਜਾ ਸਕਦਾ ਹੈ। ਤੁਸੀਂ ਚਾਹੋ ਤਾਂ ਰੋਜ਼ਾਨਾ ਡਾਈਟ 'ਚ ਕੇਲੇ ਨੂੰ ਸ਼ਾਮਲ ਕਰ ਸਕਦੇ ਹੋ।

## ਸਮੁੰਦਰੀ ਭੋਜਨ

ਜੇਕਰ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨਾ ਚਾਹੁੰਦੇ ਹੋ ਤਾਂ ਸਮੁੰਦਰੀ ਭੋਜਨ ਨੂੰ ਡਾਈਟ 'ਚ ਜ਼ਰੂਰ ਸ਼ਾਮਲ ਕਰੋ। ਇਸ ਦੇ ਲਈ ਹਫਤੇ 'ਚ ਦੋ ਵਾਰ ਟੂਨਾ, ਸਾਲਮਨ ਫਿਸ਼ ਸਮੇਤ ਸਮੁੰਦਰੀ ਭੋਜਨ ਖਾਓ। ਇਸ 'ਚ ਓਮੇਗਾ-3 ਫੈਟੀ ਐਸਿਡ ਅਤੇ ਐਂਟੀ-ਇੰਫਲੇਮੇਟਰੀ ਗੁਣ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਮਦਦਗਾਰ ਸਾਬਤ ਹੁੰਦੇ ਹਨ।



## ਬਦਾਮ

ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਰੋਜ਼ਾਨਾ ਬਦਾਮ ਖਾਓ। ਇਸ ਨਾਲ ਯਾਦ ਸ਼ਕਤੀ ਵਧਦੀ ਹੈ। ਇਸ ਦੇ ਨਾਲ ਹੀ ਮਨ ਤਿੱਖਾ ਹੋ ਜਾਂਦਾ ਹੈ। ਇਸ ਵਿੱਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਇਸ ਨਾਲ ਤਣਾਅ ਘੱਟ ਹੁੰਦਾ ਹੈ। ਇਸ ਦੇ ਲਈ ਮਾਈਗ੍ਰੇਨ ਦੇ ਮਰੀਜ਼ਾਂ ਨੂੰ ਬਦਾਮ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।



## ਆਂਵਲੇ ਦਾ ਜੂਸ

ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਆਂਵਲੇ ਦੇ ਜੂਸ ਦਾ ਸੇਵਨ ਵੀ ਕਰ ਸਕਦੇ ਹੋ। ਇਸ 'ਚ ਸਾਰੇ ਜ਼ਰੂਰੀ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਫਾਇਦੇਮੰਦ ਹੁੰਦੇ ਹਨ। ਇਸ ਦੇ ਲਈ ਮਾਈਗ੍ਰੇਨ ਦੇ ਰੋਗੀਆਂ ਨੂੰ ਆਂਵਲਾ ਜਾਂ ਐਲੋਵੇਰਾ ਜੂਸ ਦਾ ਸੇਵਨ ਕਰਨਾ ਚਾਹੀਦਾ ਹੈ।



# ਤੇ ਮਨੁੱਖਤਾ ਰੋ ਪਈ

ਹਰ ਰੋਜ਼ ਵਾਂਗ ਉਹ ਕੁੱਤਾ, ਅੱਜ ਵੀ ਉਸ ਕੋਲੋਂ ਖਾਣ ਲਈ ਰੋਟੀ ਮੰਗ ਰਿਹਾ ਹੈ। ਪਰ ਰੋਟੀ ਹੁੰਦਿਆਂ ਵੀ ਉਸ ਨੂੰ ਦੁਰਕਾਰ ਦਿੱਤਾ ਗਿਆ, ਹਰ ਰੋਜ਼ ਵਾਂਗ ਹੀ।

ਤੇ ਫਿਰ ਇੰਨੇ ਮੀਂਹ ਪਏ ਕਿ ਨਹਿਰਾਂ ਦੇ ਪਾਣੀਆਂ 'ਚ ਉਛਾਲਾ ਆ ਗਿਆ। ਤੇ ਪਾਣੀ "ਹੜ੍ਹ ਬਣ ਕੇ ਹੋਰਨਾਂ ਘਰਾਂ ਵਾਂਗਰ ਉਸ ਦਾ ਵੀ ਸਭ ਕੁਝ ਰੋੜ ਕੇ ਲੈ ਗਿਆ। ਉਹ ਕਈ ਦਿਨਾਂ ਦਾ ਭੁੱਖਾ ਉੱਚੀ ਜਗ੍ਹਾ ਚੜਿਆ ਬੈਠਾ ਭੁੱਖ ਨਾਲ ਵਿਲਕ ਰਿਹਾ ਸੀ। ਅਚਾਨਕ ਹੀ ਉਸ ਨੇ ਕੁੱਤੇ ਦੇ ਮੂੰਹ ਰੋਟੀ ਦਾ ਟੁਕੜਾ ਦੇਖਿਆ। ਜਿਵੇਂ ਉਸਦੀ ਭੁੱਖ ਹੋਰ ਚਮਕ ਉੱਠੀ। ਉਹ ਕੁੱਤੇ ਨੂੰ ਪੁਚਕਾਰ ਕੇ ਰੋਟੀ ਦਾ ਟੁਕੜਾ ਮੰਗਣ ਲੱਗਿਆ। ਕੁੱਤੇ ਨੇ ਪੂਰੇ ਦਾ ਪੂਰਾ ਟੁਕੜਾ ਉਸ ਦੇ ਹੱਥ ਤੇ ਧਰ ਦਿੱਤਾ।

ਤੇ ਉਹ ਜਿਵੇਂ ਪਾਣੀ-ਪਾਣੀ ਹੋ ਕੇ ਸਾਰੇ ਦਾ ਸਾਰਾ ਵਹਿ ਤੁਰਿਆ।

**ਦੇਵ ਤਲਵੰਡੀ**



# ਪੰਜਾਬੀ ਸਿਨਮੇ ਦਾ ਸਫਲ ਕਾਮੇਡੀਅਨ ਕਰਮਜੀਤ ਅਨਮੋਲ

ਕਰਮਜੀਤ ਅਨਮੋਲ ਅੱਜ ਪੰਜਾਬੀ ਫ਼ਿਲਮਾਂ ਦਾ ਨੰਬਰ ਵੰਨ ਕਾਮੇਡੀਅਨ ਹੈ। ਇੱਕ ਦੌਰ ਸੀ ਜਦ ਮਿਹਰ ਮਿੱਤਲ ਬਿਨਾਂ ਫ਼ਿਲਮ ਬਣਾਉਣਾ ਘਾਟੇ ਦਾ ਸੌਦਾ ਹੁੰਦੀ ਸੀ। ਬਿਲਕੁਲ ਇਹੋ ਗੱਲ ਅੱਜ ਕਰਮਜੀਤ ਅਨਮੋਲ 'ਤੇ ਢੁਕਦੀ ਹੈ। ਅੱਜ ਜ਼ਿਆਦਾਤਰ ਪੰਜਾਬੀ ਫ਼ਿਲਮਾਂ ਵਿੱਚ ਕਰਮਜੀਤ ਦੀ ਅਦਾਕਾਰੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ। ਦਰਸ਼ਕ ਉਸ ਦੀ ਅਦਾਕਾਰੀ ਦਾ ਹਰੇਕ ਰੰਗ ਮਾਣ ਚੁੱਕੇ ਹਨ ਭਾਵੇਂ ਉਹ ਮੰਜੇ ਬਿਸਤਰੇ ਵਾਲਾ ਸਾਧੂ ਹਲਵਾਈ ਹੋਵੇ, ਅਰਦਾਸ ਵਾਲਾ ਲਾਲਾ ਸ਼ੰਭੂ ਨਾਥ ਹੋਵੇ ਜਾਂ ਫਿਰ ਮਿਸਟਰ ਐਂਡ ਮਿਸਿਜ਼ 420 ਵਾਲੀ ਔਰਤ ਪਾਤਰ 'ਗੰਗਾ' ਹੋਵੇ , ਹਰੇਕ ਕਿਰਦਾਰ ਨੂੰ ਉਸ ਨੇ ਰੂਹ ਨਾਲ ਖੇਡਿਆ ਹੈ ਤੇ ਦਰਸ਼ਕਾਂ ਉਸ ਨੂੰ ਦਿਲੋਂ ਪਿਆਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਮੈਂ ਸਮਾਜ ਦੇ ਹਰੇਕ ਪਾਤਰ ਨੂੰ ਫ਼ਿਲਮੀ ਪਰਦੇ 'ਤੇ ਨਿਭਾਇਆ ਹੈ। ਇਹ ਪਾਤਰ ਉਸ ਦੇ ਆਲ਼ੇ ਦੁਆਲੇ ਹੀ ਹੁੰਦੇ ਹਨ। ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹ ਕਲਾ ਦੀ ਰੰਗਤ ਦਿੰਦਾ ਹੈ। ਸਾਧੂ ਹਲਵਾਈ ਤਾਂ ਐਨਾ ਹਰਮਨ ਪਿਆਰਾ ਹੋਇਆ ਕਿ ਹੁਣ ਮੰਜੇ ਬਿਸਤਰੇ 2 ਵਿੱਚ ਵੀ ਦਰਸ਼ਕਾਂ ਨੇ ਪਸੰਦ ਕੀਤਾ ਹੈ। । ਗਿੱਪੀ ਗਰੇਵਾਲ ਵੀ ਸਾਧੂ ਬਾਬੇ ਦੇ ਕਿਰਦਾਰ ਵਾਲੀ ਕਾਮੇਡੀ ਤੋਂ ਬਹੁਤ ਪ੍ਰਭਾਵਿਤ ਰਿਹਾ ਹੈ। ਪਿਛਲੇ ਸਾਲ ਆਈਆਂ ਫ਼ਿਲਮਾਂ ' ਯਾਰ ਮੇਰਾ ਤਿਤਲੀਆਂ ਵਰਗਾ, ਹਨੀਮੂਨ ਆਦਿ ਉਸ ਨੇ ਆਪਣੀ ਕਾਮੇਡੀਅਨ ਪਛਾਣ ਨੂੰ ਹੋਰ ਗੂੜ੍ਹਾ ਕੀਤਾ ਹੈ।

ਕਰਮਜੀਤ ਅਨਮੋਲ ਗਾਇਕੀ ਅਤੇ ਫ਼ਿਲਮੀ ਪਰਦੇ ਦਾ ਇੱਕ ਸਰਗਰਮ ਕਲਾਕਾਰ ਹੈ। ਭਾਵੇਂ ਕਿ ਗਾਇਕੀ ਉਸ ਦਾ ਮੁੱਢਲਾ ਸ਼ੌਕ ਹੈ ਪਰ ਫ਼ਿਲਮੀ ਪਰਦੇ 'ਤੇ ਬਤੌਰ ਕਾਮੇਡੀਅਨ, ਅਦਾਕਾਰ ਉਸ ਦੀ ਪਛਾਣ ਵਧੇਰੇ ਬਣੀ ਹੈ। ਕੈਰੀ ਆਨ ਜੱਟਾ,ਜੱਟ ਐਂਡ ਜੂਲੀਅਟ, ਜੀਂਹਨੇ ਮੇਰਾ ਦਿਲ ਲੁੱਟਿਆ,ਡੈਡੀ ਕੂਲ ਮੁੰਡੇ ਫੂਲ, ਲੱਕੀ ਦੀ ਅਨਲੱਕੀ ਸਟੋਰੀ, ਡਿਸਕੋ ਸਿੰਘ, ਗੋਰਿਆਂ ਨੂੰ ਦਫ਼ਾ ਕਰੋ, ਅਰਦਾਸ,

**ਸੁਰਜੀਤ ਜੱਸਲ**

**9814607737**

ਅੰਬਰਸਰੀਆ ,ਪ੍ਰਾਹੁਣਾ, ਅਫ਼ਸਰ, ਸੂਬੇਦਾਰ ਜੋਗਿੰਦਰ ਸਿੰਘ,ਦੋ ਦੂਣੀ ਪੰਜ, ਓ ਅ, ਲਾਟੂ, ਮਿਸਟਰ ਐਂਡ ਮਿਸਿਜ਼ 420 ਰਿਟਰਨ' ਆਦਿ 70 ਤੋਂ ਵੱਧ ਪੰਜਾਬੀ ਹਿੰਦੀ ਫ਼ਿਲਮਾਂ ਵਿੱਚ ਕੰਮ ਚੁੱਕਿਆ ਕਰਮਜੀਤ ਅਨਮੋਲ ਅੱਜ ਪੰਜਾਬੀ ਸਿਨਮੇ ਦਾ ਸਿਰਮੌਰ ਕਾਮੇਡੀਅਨ ਹੈ। ਵਿਸਾਖੀ ਮੌਕੇ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਮੰਜੇ ਬਿਸਤਰੇ 2' ਬਾਰੇ ਉਸ ਨੇ ਦੱਸਿਆ ਕਿ ਪਹਿਲੀ ਫ਼ਿਲਮ ਪੰਜਾਬ ਦੇ ਪਹਿਲੇ ਸਮਿਆਂ ਵਿੱਚ ਵਿਆਹ ਸਮਾਗਮਾਂ ਮੌਕੇ ਮੇਲ-ਗੇਲ ਦੇ ਪੈਣ-ਬੈਠਣ ਲਈ ਪਿੰਡ 'ਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੇ ਨਾਂ 'ਤੇ ਸੀ। ਜਿਸ ਨੂੰ ਦਰਸ਼ਕਾਂ ਪਸੰਦ ਹੀ ਬਹੁਤ ਕੀਤਾ ਕਿ ਹੁਣ ਇਸ ਦਾ ਸੀਕੁਅਲ 'ਮੰਜੇ ਬਿਸਤਰੇ 2' ਲੈ ਕੇ ਆਏ ਹਾਂ ਜਿਵੇਂ ਕਿ ਦਰਸ਼ਕ ਵੇਖ ਚੁੱਕੇ ਹਨ ਕਿ ਬਜ਼ੁਰਗ ਸਾਧੂ ਹਲਵਾਈ ਬਹੁਤ ਸ਼ਰਾਰਤੀ ਤੇ ਰੌਣਕੀ ਹੈ। ਇਸ 85 ਸਾਲ ਦੇ ਬਜ਼ੁਰਗ ਪਾਤਰ ਬਣਨ ਲਈ ਮੇਰੇ ਮੇਕਅਪ 'ਤੇ ਢਾਈ ਘੰਟੇ ਲੱਗਦੇ ਸੀ, ਫ਼ਿਲਮ 'ਚ ਮੇਰੇ ਚਿਹਰੇ 'ਤੇ ਝੁਰੜੀਆਂ ਵਿਖਾਈ ਦੇਣ ਲਈ ਇਹ ਮੇਕਅਪ 15 ਘੰਟੇ ਮੇਰੇ ਚਿਹਰੇ 'ਤੇ ਰਹਿੰਦਾ ਸੀ।

ਸੰਗਰੂਰ ਜ਼ਿਲ੍ਹੇ 'ਚ ਪੈਂਦੇ ਗੰਢੂਆਂ ਪਿੰਡ ਦਾ ਕਰਮਜੀਤ ਅਨਮੋਲ ਨਿੱਕਾ ਹੁੰਦਾ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀਆਂ ਲੋਕ ਗਾਥਾਵਾਂ ਸੁਣਦਾ ਹੁੰਦਾ ਸੀ। ਪਿਤਾ ਸਾਧੂ ਸਿੰਘ ਤੇ ਮਾਤਾ ਮੂਰਤੀ ਕੌਰ ਦੇ ਘਰ ਜੰਮਿਆਂ ਕਰਮਜੀਤ ਸਕੂਲ-ਕਾਲਜ ਦਿਨਾਂ 'ਚ ਉਹ ਵਧੀਆ ਗਾਉਣ ਲੱਗ ਪਿਆ। ਲੰਮੇ ਸੰਘਰਸ਼ ਤੋਂ ਬਾਅਦ ਭਗਵੰਤ ਮਾਨ ਅਤੇ ਜਰਨੈਲ ਘੁਮਾਣ ਦੇ ਸਹਿਯੋਗ ਨਾਲ ਬਤੌਰ ਗਾਇਕ ਆਪਣੀ ਪਲੇਠੀ ਕੈਸਟ 'ਆਸ਼ਿਕ ਭਾਜੀ' ਲੈ ਕੇ ਆਇਆ। ਗਾਇਕੀ ਦੇ ਸੰਘਰਸ਼ ਦੌਰਾਨ ਹੀ ਉਸ ਨੇ ਭਗਵੰਤ ਮਾਨ ਨਾਲ ਕਾਮੇਡੀ ਸ਼ੋਅ ਕਰਨੇ ਸ਼ੁਰੂ ਕੀਤੇ। ਐ ੱਮ ਐੱਚ ਵੰਨ 'ਤੇ ਚੱਲਦੇ ਲੜੀਵਾਰ 'ਜੁਗਨੂੰ ਹਾਜ਼ਰ ਹੈ' ਵਿੱਚ ਕਰਮਜੀਤ ਨੇ ਅਨੇਕਾਂ ਕਾਮੇਡੀ ਕਿਰਦਾਰ ਨਿਭਾਏ। ਭਗਵੰਤ ਮਾਨ ਨਾਲ ਦੇਸ ਵਿਦੇਸ਼ਾਂ ਵਿੱਚ ਅਨੇਕਾਂ ਸ਼ੋਅ ਕੀਤੇ, ਜਿਨ੍ਹਾਂ ਨਾਲ ਉਸ ਨੂੰ ਇੱਕ ਵੱਖਰੀ ਪਹਿਚਾਣ ਮਿਲੀ। ਇਸੇ ਪਹਿਚਾਣ ਕਰਕੇ ਉਸ ਨੂੰ ਫ਼ਿਲਮਾਂ ਵਿਚ ਕੰਮ ਕਰਨ ਦੇ ਮੌਕੇ ਮਿਲਣ ਲੱਗੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਕਰਮਜੀਤ ਫ਼ਿਲਮਾਂ ਤੇ ਗਾਇਕੀ ਖੇਤਰ ਦਾ ਇੱਕ ਸਰਗਰਮ ਕਲਾਕਾਰ ਹੈ। ਫ਼ਿਲਮਾਂ ਵੱਲ ਵਧਦਿਆਂ ਉਹ ਗਾਇਕੀ ਨਾਲ ਵੀ ਜੁੜਿਆ ਰਿਹਾ। ਉਸ ਨੇ ਸਭਿਆਚਾਰਕ ਤੇ ਮਿਆਰੀ ਗਾਇਕੀ ਨਾਲ ਆਪਣਾ ਵੱਖਰਾ ਮੁਕਾਮ ਹਾਸਲ ਕੀਤਾ। ਉਸ ਦੇ ਅਨੇਕਾਂ ਗੀਤ ਆਏ, ਐਲਬਮਾਂ ਆਈਆਂ ਜਿੰਨਾ ਨੇ ਉਸ ਦੀ ਸ਼ੁਹਰਤ ਨੂੰ ਚਾਰ ਚੰਨ ਲਾਏ। ਆਮ ਗੀਤਾਂ ਤੋਂ ਹਟ ਕੇ ਉਸ ਨੇ ਜਾਗਦੀਆਂ ਜ਼ਮੀਰ ਵਾਲੇ ਗੀਤ 'ਪਿੰਡ ਵਿਕਾਊ ਹੈ' ਅਤੇ 'ਕੁਰਸੀ' ਵੀ ਗਾਏ। ਚਰਚਿਤ ਗੀਤ 'ਰੋ ਰੋ ਨੈਣਾਂ ਨੇ' ਤੋਂ ਬਾਅਦ ਪੰਜਾਬੀ ਫ਼ਿਲਮ ' ਜੱਟ ਬੁਆਏਜ਼-ਪੁੱਤ ਜੱਟਾ ਦੇ' ਦੇ ਬੈਕ-ਗਰਾਉਂਡ ਗੀਤ 'ਯਾਰਾ ਓਏ...' ਨਾਲ ਕਰਮਜੀਤ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ।ਕਰਮਜੀਤ ਫ਼ਿਲਮਾਂ ਦੇ ਨਾਲ ਨਾਲ ਗਾਇਕੀ ਨੂੰ ਵੀ ਬਰਾਬਰ ਸਮਾਂ ਦੇ ਰਿਹਾ ਹੈ। ਫ਼ਿਲਮਾਂ ਤੋਂ ਵਿਹਲਾ ਹੋ ਉਹ ਗਾਇਕੀ ਖੇਤਰ ਵਿੱਚ ਬਿਜ਼ੀ ਹੋ ਜਾਂਦਾ ਹੈ । ਉਸ ਦਾ ਇੱਕ ਵੱਖਰਾ ਸਰੋਤਾ ਵਰਗ ਹੈ। ਦਰਜਨਾਂ ਕੈਸੇਟਾਂ ਅਤੇ ਅਨੇਕਾਂ ਸੁਪਰਹਿੱਟ ਗਾਣੇ ਦੇਣ ਵਾਲੇ ਕਰਮਜੀਤ ਅਨਮੋਲ ਨਾਲ ਨਿਸ਼ਾ ਬਾਨੋ ਵੀ ਬਤੌਰ ਸਹਿ ਗਾਇਕਾ ਗਾ ਚੁੱਕੀ ਹੈ। ਨਿਸ਼ਾ ਨੂੰ ਫ਼ਿਲਮਾਂ ਵੱਲ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ। ਫ਼ਿਲਮਾਂ ਅਤੇ ਗਾਇਕੀ ਖੇਤਰ ਵਿੱਚ ਅਨੇਕਾਂ ਵੱਡੇ ਮਾਣ ਸਨਮਾਨ ਉਸ ਦੀ ਸੱਚੀ ਸੁੱਚੀ ਕਲਾ ਦੇ ਗਵਾਹ ਹਨ। ਪੰਜਾਬੀ ਫ਼ਿਲਮਾਂ ਵਿਚ ਉਸ ਵੱਲੋਂ ਨਿਭਾਏ ਬਹੁਤੇ ਕਿਰਦਾਰ ਉਸ ਦੀ ਜ਼ਿੰਦਗੀ ਦੇ ਨੇੜੇ-ਤੇੜੇ ਹੀ ਹੁੰਦੇ ਹਨ। ਉਸ ਦੀ ਇਹ ਸਿਫ਼ਤ ਹੈ ਕਿ ਕਰਮਜੀਤ ਆਪਣਾ ਕਿਰਦਾਰ ਖ਼ੁਦ ਹੀ ਤਿਆਰ ਕਰਦਾ ਹੈ। ਕਰਮਜੀਤ ਦਾ ਪਿਛੋਕੜ ਪਿੰਡਾਂ ਦੇ ਕਲਚਰ ਨਾਲ ਜੁੜਿਆ ਰਿਹਾ ਹੈ। ਬਹੁਤੇ ਪਾਤਰ ਉਸ ਦੀ ਜ਼ਿੰਦਗੀ ਦਾ ਹਿੱਸਾ ਰਹੇ ਹਨ। ਅਜਿਹੇ ਪਾਤਰਾਂ ਨੂੰ ਫ਼ਿਲਮੀ ਪਰਦੇ 'ਤੇ ਨਿਭਾਉਂਦਿਆਂ ਉਸ ਨੂੰ ਚੰਗਾ ਲੱਗਦਾ ਹੈ। 'ਅਰਦਾਸ' ਫ਼ਿਲਮ ਵਿਚਲਾ ਲਾਲੇ ਸ਼ੰਭੂ ਨਾਥ ਦਾ ਕਿਰਦਾਰ ਉਸ ਦੀ ਜ਼ਿੰਦਗੀ ਦੇ ਬਹੁਤ ਨੇੜੇ ਹੈ। ਕਰਮਜੀਤ ਅਦਾਕਾਰੀ ਦੇ ਇਲਾਵਾ ਫ਼ਿਲਮ 'ਲਾਵਾਂ ਫੇਰੇ' ਨਾਲ ਬਤੌਰ ਨਿਰਮਾਤਾ ਵੀ ਅੱਗੇ ਆਇਆ। ਉਸ ਦਾ ਕਹਿਣਾ ਹੈ ਕਿ ਪੁਰਾਣੇ ਕਲਚਰ ਬਾਰੇ ਲਗਾਤਾਰ ਫ਼ਿਲਮਾਂ ਬਣਨੀਆਂ ਚੰਗੀ ਗੱਲ ਹੈ ਕਿਉਂਕਿ ਇਹ ਸਾਡੀ ਅੱਜ ਦੀ ਪੀੜ੍ਹੀ ਨੂੰ ਬੀਤੇ ਕੱਲ੍ਹ ਨਾਲ ਜੋੜਦੀਆਂ ਹਨ। ਬਤੌਰ ਨਿਰਮਾਤਾ ਉਸ ਨੇ ਸਾਲ 2018 ਦੀ ਸੁਪਰਹਿੱਟ ਫ਼ਿਲਮ 'ਲਾਵਾਂ ਫੇਰੇ' ਪੰਜਾਬੀ ਦਰਸ਼ਕਾਂ ਨੂੰ ਦਿੱਤੀ । ਬਤੌਰ ਨਾਇਕ ਉਸ ਨੇ ਮਿੰਦੋ ਤਹਿਸੀਲਦਾਰਨੀ ਵਿੱਚ ਯਾਦਗਾਰੀ ਕਿਰਦਾਰ ਨਿਭਾਏ। 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਫ਼ਿਲਮ ਰਾਹੀਂ ਉਸ ਨੇ ਇੱਕ ਜ਼ੁੰਮੇਵਾਰ ਬਾਪ ਦੀ ਭੂਮਿਕਾ ਨਿਭਾਈ। ਫ਼ਿਲਮ 'ਲਾਵਾਂ ਫੇਰੇ' ਤੋਂ ਬਾਅਦ ਕਰਮਜੀਤ ਅਨਮੋਲ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਨਾਲ ਫ਼ਿਲਮ 'ਜੀ ਵਾਇਫ਼ ਜੀ' ਵਿੱਚ ਮੁੜ ਇਕੱਠੇ ਨਜ਼ਰ ਆ ਰਹੇ ਹਨ। ਇਸ ਨਵੀਂ ਫ਼ਿਲਮ ਬਾਰੇ ਗੱਲ ਕਰਦਿਆਂ ਕਰਮਜੀਤ ਅਨਮੋਲ ਨੇ ਦਿਸਿਆ ਕਿ ਪਤੀ ਪਤਨੀ ਦੀ ਨੋਕ ਝੋਕ ਵਾਲੀ ਇਹ ਫ਼ਿਲਮ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗਾ ਮੈਸੇਜ ਵੀ ਦੇਵੇਗੀ। ਸਮਾਜਿਕ ਕਦਰਾਂ-ਕੀਮਤਾਂ ਦੀ ਗੱਲ ਕਰਦੀ ਪਰਿਵਾਰਕ ਵਿਸ਼ੇ ਦੀ ਕਹਾਣੀ ਅਧਾਰਿਤ ਇਸ ਫ਼ਿਲਮ ਵਿਚ ਪਤੀ ਪਤਨੀ ਦੇ ਪਿਆਰ ਅਤੇ ਨੋਕ ਝੋਕ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਫ਼ਿਲਮ ਦੀ ਕਹਾਣੀ ਉਨ੍ਹਾਂ ਮਰਦਾਂ ਅਧਾਰਿਤ ਹੈ ਜੋ ਬਾਹਰ ਤਾਂ ਥਾਣੇਦਾਰਾਂ ਵਾਲਾ ਰੋਹਬ ਮਾਰਦੇ ਹਨ ਪ੍ਰੰਤੂ ਆਪਣੀਆਂ ਪਤਨੀਆਂ ਅੱਗੇ ਭਿੱਜੀ ਬਿੱਲੀ ਬਣੇ ਜੀ ਵਾਇਫ਼ ਜੀ ਕਹਿੰਦੇ ਨਹੀਂ ਥੱਕਦੇ। ਪੰਜਾਬੀ ਸਿਨਮੇ ਦੇ ਅਜੋਕੇ ਦੌਰ ਵਿੱਚ ਇਹ ਫ਼ਿਲਮ ਦਰਸ਼ਕਾਂ ਨੂੰ ਮਨੋਰੰਜਨ ਦੇ ਨਵੇਂ ਸੰਸਾਰ ਨਾਲ ਜੋੜੇਗੀ। ਜਿੱਥੇ ਇਹ ਫ਼ਿਲਮ ਸਮਾਜ ਨੂੰ ਚੰਗਾ ਮੈਸੇਜ ਦੇ ਰਹੀ ਹੈ ਉੱਥੇ ਦਰਸ਼ਕਾਂ ਨੂੰ ਕਾਮੇਡੀ ਦੇ ਨਵੇਂ ਮਨੋਰੰਜਨ ਨਾਲ ਵੀ ਨਿਹਾਲ ਕਰ ਰਹੀ ਹੈ। ਇਸ ਫ਼ਿਲਮ ਦੇ ਨਿਰਮਾਤਾ ਰਾਜੀਵ ਸਿੰਗਲਾ ਤੇ ਪੁਨੀਤ ਸ਼ੁਕਲਾ ਹਨ, ਜਦਕਿ ਫ਼ਿਲਮ ਦੇ ਨਿਰਦੇਸ਼ਕ ਅਵਤਾਰ ਸਿੰਘ ਹਨ। ਅਵਤਾਰ ਸਿੰਘ ਪੰਜਾਬੀ ਸਿਨਮੇ ਦਾ ਇਕ ਨਾਮੀ ਨਿਰਦੇਸ਼ਕ ਹੈ ਜਿਸ ਨੇ ਅਨੇਕਾਂ ਚੰਗੀਆਂ ਫ਼ਿਲਮਾਂ ਪੰਜਾਬੀ ਸਿਨਮੇ ਦੀ ਝੋਲੀ ਪਾਈਆਂ ਹਨ। ਜ਼ਿਕਰਯੋਗ ਹੈ ਕਿ ਰੌਸ਼ਨ ਪ੍ਰਿੰਸ ਕਰਮਜੀਤ ਅਨਮੋਲ, ਹਰਬੀ ਸੰਘਾ, ਮਲਕੀਤ ਰੌਣੀ ਲਾਵਾਂ ਫੇਰੇ ਤੋਂ ਬਾਅਦ ਇਸ ਫ਼ਿਲਮ ਰਾਹੀਂ ਇੱਕ ਵਾਰ ਮੁੜ ਇਕੱਠੇ ਕੰਮ ਕਰਦੇ ਨਜ਼ਰ ਆ ਰਹੇ ਹਨ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਫ਼ਿਲਮ ਮਨੋਰੰਜਨ ਦਾ ਨਵਾਂ ਖ਼ਜ਼ਾਨਾ ਹੈ। ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਤੋਂ ਇਲਾਵਾ ਅਨੀਤਾ ਦੇਵਗਨ, ਸਰਦਾਰ ਸੋਹੀ, ਨਿਸ਼ਾ ਬਾਨੋ, ਸਾਕਸ਼ੀ ਮਾਗੋਂ, ਹਰਬੀ ਸੰਘਾ, ਅਨੀਤਾ ਸਬਦੀਸ਼, ਪ੍ਰੀਤ ਆਨੰਦ, ਏਕਤਾ ਗੁਲਾਟੀ ਖੇੜਾ, ਲੱਕੀ ਧਾਲੀਵਾਲ, ਮਲਕੀਤ ਰੌਣੀ, ਗੁਰਤੇਗ ਗੁਰੀ, ਜੱਸੀ ਮਾਨ, ਦੀਪਿਕਾ ਅੱਗਰਵਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਅਵਤਾਰ ਸਿੰਘ ਤੇ ਅਮਨ ਸਿੱਧੂ ਨੇ ਲਿਖੀ ਹੈ ਤੇ ਸਕਰੀਨ ਪਲੇਅ ਅਮਨ ਸਿੱਧੂ ਨੇ ਲਿਖਿਆ ਹੈ। ਡਾਇਲਾਗ ਭਿੰਦੀ ਤੋਲਾਵਾਲ ਤੇ ਅਮਨ ਸਿੱਧੂ ਨੇ ਲਿਖੇ ਹਨ।

ਰਾਜੀਵ ਸਿੰਗਲਾ ਪ੍ਰੋਡਕਸ਼ਨ, ਅਰਪੀਨਾ ਬਿਜ਼ਨੈੱਸ ਵੈਨਚਿਅਰਜ਼ ਅਤੇ ਆਰ ਆਰ ਰਿਕਾਰਡਜ਼ ਦੀ ਸਾਂਝੀ ਪੇਸ਼ਕਸ਼ ਇਸ ਫ਼ਿਲਮ ਦੇ ਐਗਜ਼ੀਕਿਊਟਰ ਪ੍ਰੋਡਿਊਸਰ ਰਾਜਿੰਦਰ ਕੁਮਾਰ ਗਾਗਾਹਰ ਤੇ ਕਰੇਟਿਵ ਪ੍ਰੋਡਿਊਸਰ ਇੰਦਰ ਬਾਂਸਲ ਹਨ। ਫ਼ਿਲਮ ਦੇ ਗੀਤ ਰੋਸ਼ਨ ਪ੍ਰਿੰਸ, ਗੁਰਲੇਜ਼ ਅਖ਼ਤਰ, ਨਿਸ਼ਾ ਬਾਨੋ,ਜੱਗੀ ਜਾਗੋਵਾਲ ਜੱਸੀ ਮਾਨ ਨੇ ਗਾਏ ਹਨ।







**ਕਰਮਜੀਤ ਫ਼ਿਲਮਾਂ ਦੇ ਨਾਲ ਨਾਲ ਗਾਇਕੀ ਨੂੰ ਵੀ ਬਰਾਬਰ ਸਮਾਂ ਦੇ ਰਿਹਾ ਹੈ। ਫ਼ਿਲਮਾਂ ਤੋਂ ਵਿਹਲਾ ਹੋ ਉਹ ਗਾਇਕੀ ਖੇਤਰ ਵਿੱਚ ਬਿਜ਼ੀ ਹੋ ਜਾਂਦਾ ਹੈ । ਉਸ ਦਾ ਇੱਕ ਵੱਖਰਾ ਸਰੋਤਾ ਵਰਗ ਹੈ। ਦਰਜਨਾਂ ਕੈਸੇਟਾਂ ਅਤੇ ਅਨੇਕਾਂ ਸੁਪਰਹਿੱਟ ਗਾਣੇ ਦੇਣ ਵਾਲੇ ਕਰਮਜੀਤ ਅਨਮੋਲ ਨਾਲ ਨਿਸ਼ਾ ਬਾਨੋ ਵੀ ਬਤੌਰ ਸਹਿ ਗਾਇਕਾ ਗਾ ਚੁੱਕੀ ਹੈ। ਨਿਸ਼ਾ ਨੂੰ ਫ਼ਿਲਮਾਂ ਵੱਲ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ। ਫ਼ਿਲਮਾਂ ਅਤੇ ਗਾਇਕੀ ਖੇਤਰ ਵਿੱਚ ਅਨੇਕਾਂ ਵੱਡੇ ਮਾਣ ਸਨਮਾਨ ਉਸ ਦੀ ਸੱਚੀ ਸੁੱਚੀ ਕਲਾ ਦੇ ਗਵਾਹ ਹਨ।**




# 'ਭਿੰਦਰ' ਹੱਸ ਹੱਸ ਕਹਿੰਦਾ "ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ"

ਗੱਲ 1982-83 ਦੀ ਐ ਉਹ ਤਵਿਆਂ (ਰਿਕਾਰਡਾਂ) ਦਾ ਯੁੱਗ ਸੀ ਮੁਹੰਮਦ ਸਦੀਕ ਰਣਜੀਤ ਕੌਰ, ਕੁਲਦੀਪ ਮਾਣਕ, ਦੀਦਾਰ ਸੰਧੂ, ਕਰਤਾਰ ਰਮਲਾ, ਸੁਰਿੰਦਰ ਛਿੰਦਾ ਤੇ ਚਮਕੀਲਾ ਦੇ ਰਿਕਾਰਡ ਧੜਾ ਧੜ ਵਿਕਦੇ ਸਨ। ਉਸ ਵੇਲੇ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੀਆਂ ਆਵਾਜ਼ਾਂ ਵਿੱਚ ਇੱਕ ਛੇ ਗੀਤਾਂ ਵਾਲਾ ਰਿਕਾਰਡ ਆਇਆ ਸੀ ਜਿਸਦਾ ਟਾਈਟਲ ਸੀ

"ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ"

ਉਸ ਵਕਤ ਦੇ ਮਾਹੌਲ ਮੁਤਾਬਕ ਇਹ ਰਿਕਾਰਡ ਬਹੁਤ ਹਿੱਟ ਹੋਇਆ।? ਇਸੇ ਗੀਤ ਦੇ ਅਖਰੀਲੇ ਅੰਤਰੇ ਵਿੱਚ ਗੁਲਸ਼ਨ ਕੋਮਲ ਕਹਿੰਦੀ ਐ

"ਪਿੰਡ ਬਾਂਡੀ ਨਿੱਤ ਮਿਹਣੇ ਮਾਰਦਾ<br>
ਕੁੱਝ ਨਾ ਛੱਡਣਾ ਨਵੀਂ ਕਾਰ ਦਾ<br>
'ਗਰੇਵਾਲ' ਨੇ ਹੱਥ ਵਿੱਚ ਕਰਲੀ<br>
'ਭਿੰਦਰ' ਹੱਸ ਹੱਸ ਕਹਿੰਦਾ<br>
ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ

ਇਹ ਗੀਤ ਇੱਕ ਨਵੇਂ ਯੁੱਗ ਦੀ ਸਿਰਜਣਾ ਵਿੱਚਲੀ ਨੀਂਹ ਵਿੱਚ ਲੱਗੀ ਇੱਕ ਇੱਟ ਐ। ਇਹ ਉਸ ਯੁੱਗ ਦੀ ਸਿਰਜਣਾ ਐ ਜਦੋਂ ਪੰਜਾਬੀ ਗਾਇਕੀ ਵਿੱਚ ਬਠਿੰਡਾ ਪੰਜਾਬੀ ਗਾਇਕਾਂ ਦਾ ਗੜ੍ਹ ਬਣਿਆ ਤੇ ਪੰਜਾਬੀ ਗਾਇਕੀ ਵਿੱਚ ਇੱਕ ਨਵਾਂ ਨਾਮ ਇਜ਼ਾਦ ਹੋਇਆ "ਬਠਿੰਡਾ ਮਾਰਕਾ ਗਾਇਕੀ"

ਇਹ ਓਹ ਸਮਾਂ ਸੀ ਜਦੋਂ ਬਠਿੰਡੇ ਦੇ ਗਾਇਕਾਂ ਦੀ ਧਮਕ ਸਗੀ ਟੋਰਾਂਟੋ ਨਿਊਯਾਰਕ ਨਿਊਜ਼ੀਲੈਂਡ ਆਸਟ੍ਰੇਲੀਆ ਤੇ ਲੰਡਨ ਤੱਕ ਸੁਣਾਈ ਦਿੰਦੀ ਸੀ, ਜਸਵਿੰਦਰ ਬਰਾੜ, ਧਰਮਪ੍ਰੀਤ, ਹਰਦੇਵ ਮਾਹੀਨੰਗਲ ਦਾ ਇਕ ਸੁਨਹਿਰੀ ਯੁੱਗ ਸੀ

ਪਰ ਇਹਨਾਂ ਗਾਇਕਾਂ ਦੇ ਪਿੱਛੇ ਜੋ ਰੀੜ੍ਹ ਦੀ ਹੱਡੀ ਸੀ ਉਸਦਾ ਨਾਮ ਹੈ "ਭਿੰਦਰ ਡੱਬਵਾਲੀ"

ਭਿੰਦਰ ਕੋਈ ਰਾਤੋ ਰਾਤ ਸਟਾਰ ਨਹੀਂ ਬਣਿਆਂ ਭਿੰਦਰ ਮੇਰਾ ਬਹੁਤ ਪੁਰਾਣਾ ਮਿੱਤਰ ਐ। ਭਿੰਦਰ ਜਦੋਂ ਘੜੀ ਸਾਜੀ ਦਾ ਕੰਮ ਕਰਦਾ ਸੀ ਉਹਨਾਂ ਵੇਲਿਆਂ ਦਾ ਮੇਰਾ ਜਾਣੂੰ ਐ।

ਆਹ ਗੀਤ ਲਿਖਣ ਦਾ ਸ਼ੌਕ ਤਾਂ ਉਸਨੂੰ ਘੜੀਆਂ ਦੀ ਮਸ਼ੀਨ ਤੇ ਪੈਟਰੋਲ ਵਾਲਾ ਬੁਰਸ਼ ਘਸਾਉਂਦੇ ਨੂੰ ਹੀ ਪੈ ਗਿਆ ਸੀ। ਮੈਂ ਜਿੱਥੋਂ ਗੱਲ ਦੀ ਸ਼ੁਰੂਆਤ ਕੀਤੀ ਐ ਇਹ ਗੀਤ ਵੀ ਉਹਨਾਂ ਦਿਨਾਂ ਦੀ ਹੀ ਸਿਰਜਣਾ ਹੈ

ਉਹਨਾਂ ਦਿਨਾਂ ਵਿੱਚ ਭਿੰਦਰ ਨੇ ਇਹ ਸੋਲੋ ਗੀਤ ਲਿਖਿਆ ਸੀ ਜੋ ਕੁੱਝ ਇਸ ਤਰ੍ਹਾਂ ਸੀ ਕਿ ਇੱਕ ਨੌਜਵਾਨ ਵਿਆਹ ਕਰਵਾ ਕੇ ਵਿਦੇਸ਼ ਚਲਾ ਜਾਂਦਾ ਹੈ ਪਿੱਛੋਂ ਉਸਦੀ ਘਰਵਾਲੀ ਉਸਨੂੰ ਖਤ ਲਿਖਦੀ ਐ ਕਿ ਮੇਰੇ ਪੇਕਿਆਂ ਦੀ ਦਾਜ ਵਿੱਚ ਦਿੱਤੀ ਫੀਏਟ ਕਾਰ ਨੂੰ ਤੇਰਾ ਵੱਡਾ ਭਰਾ ਹੀ ਦੱਬੀ ਫਿਰਦੈ, ਇਹ ਸੋਲੋ ਗੀਤ ਸੀ ਜੋ ਭਿੰਦਰ ਦੀ ਲਿਖਤ ਹੈ। ਉਹਨਾਂ ਦਿਨਾਂ ਵਿੱਚ ਬਾਂਡੀ ਪਿੰਡ ਦਾ ਬਲਬੀਰ ਗਰੇਵਾਲ ਜਿਸਦੇ ਪਹਿਲਾਂ ਵੀ ਗੀਤ ਰਿਕਾਰਡ ਹੋ ਚੁੱਕੇ ਸਨ, ਜਿਸਦੀ ਕਲਾਕਾਰਾਂ ਕੋਲ ਆਉਣੀ ਜਾਣੀ ਸੀ,,ਭਿੰਦਰ ਦਾ ਮਿੱਤਰ ਸੀ।

ਭਿੰਦਰ ਨੇ ਇਹ ਗੀਤ ਗਰੇਵਾਲ ਦੇ ਜਰੀਏ ਗੁਲਸ਼ਨ ਕੋਮਲ ਤੋਂ ਰਿਕਾਰਡ ਕਰਾਉਣ ਲਈ ਭੇਜਿਆ, ਉਹਨਾਂ ਦਿਨਾਂ ਵਿੱਚ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦਾ ਸੈਟ ਸੀ, ਜਦੋਂ ਗੀਤ ਸੁਰਿੰਦਰ ਛਿੰਦਾ ਨੇ ਪੜ੍ਹਿਆ ਤਾਂ ਉਸਨੇ ਗਰੇਵਾਲ ਨੂੰ ਕਿਹਾ ਕਿ ਦੋਗਾਣਿਆਂ ਦਾ ਦੌਰ ਐ ਗੀਤ ਵਧੀਆ ਐ ਇਸਨੂੰ ਦੋ-ਗਾਣਾ ਰੂਪ ਦਿਓ। ਗਰੇਵਾਲ ਨੇ ਮੁੰਡੇ ਵਾਲੇ ਬੋਲ ਖੁਦ ਲਿਖ ਦਿੱਤੇ ਤੇ ਗੀਤ ਰਿਕਾਰਡ ਹੋ ਗਿਆ। ਉਂਜ ਮੂਲ ਰੂਪ ਵਿੱਚ ਜੋ ਆਖਰੀ ਅੰਤਰਾ ਭਿੰਦਰ ਨੇ ਲਿਖਿਆ ਸੀ ਉਹ ਕੁੱਝ ਇਸ ਤਰ੍ਹਾਂ ਸੀ

ਡੱਬਵਾਲੀ ਮੰਡੀ ਮਿਹਣੇ ਮਾਰਦੀ<br>
ਯੱਖਣਾ ਪੱਟਤੀ ਨਵੀਂ ਕਾਰ ਦੀ<br>
ਛੜੇ ਜੇਠ ਦੇ ਚੜ੍ਹਗੀ ਧੱਕੇ<br>
ਭਿੰਦਰ ਹੱਸ ਹੱਸ ਕਹਿੰਦਾ<br>
ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ

ਗੀਤ ਗਰੇਵਾਲ ਤੇ ਭਿੰਦਰ ਦੋਵਾਂ ਦੇ ਹੀ ਨਾਮ ਤੇ ਰਿਕਾਰਡ ਤਾਂ ਹੋ ਗਿਆ, ਹਿੱਟ ਵੀ ਹੋ ਗਿਆ। ਭਿੰਦਰ ਨੂੰ ਇਸ ਗੀਤ ਨੇ ਐਸਾ ਹੁਲਾਰਾ ਦਿੱਤਾ,, ਤੇ ਉਸਦਾ ਸ਼ੌਕ ਅੰਗੜਾਈਆਂ ਲੈਣ ਲੱਗ ਪਿਆ

ਉਸ ਤੋਂ ਬਾਅਦ ਬਠਿੰਡੇ ਪਾਇਲ ਕੰਪਨੀ ਸ਼ੁਰੂ ਹੋਈ ਉਸਦੇ ਲਈ ਭਿੰਦਰ ਨੇ ਕੁਲਦੀਪ ਪਾਰਸ, ਹਾਕਮ ਬਖਤੜੀ ਵਾਲਾ ਨੂੰ ਰਿਕਾਰਡ ਕੀਤਾ। ਦੀਦਾਰ ਸੰਧੂ ਨੂੰ ਵੀ ਰਿਕਾਰਡ ਕੀਤਾ।ਦੀਦਾਰ ਦੀ ਐਲਬਮ ਵਿੱਚ "ਜੇਠ ਜਿਠਾਣੀ ਦੇ ਬੁਲ੍ਹਾਂ ਨੂੰ ਸੁਰਖੀ ਲਾਉਂਦਾ" ਭਿੰਦਰ ਦੀ ਹੀ ਲਿਖਤ ਸੀ।


ਭਿੰਦਰ ਡੱਬਵਾਲੀ ਅਤੇ ਅਸ਼ੋਕ ਬਾਂਸਲ

1991 ਵਿੱਚ ਸਾਡੇ ਸਾਂਝੇ ਮਿੱਤਰ ਸਿਰਸਾ ਨਿਵਾਸੀ ਸੁਰਿੰਦਰ ਕੁਮਾਰ ਗੋਇਲ ਨੇ ਗੋਇਲ ਮਿਊਜ਼ਿਕ ਦੀ ਸ਼ੁਰੂਆਤ ਕੀਤੀ (ਗੋਇਲ ਸਾਹਿਬ ਸਿਰਸੇ ਦੇ ਐਚ ਐਮ ਵੀ ਕੰਪਨੀ ਦੇ ਡਿਸਟ੍ਰਬਿਊਟਰ ਸਨ) ਜਿਸਦੀ ਪਹਿਲੀ ਐਲਬਮ ਜਸਵੰਤ ਸੰਦੀਲਾ ਤੇ ਕੁਲਦੀਪ ਕੌਰ ਦੀਆਂ ਆਵਾਜ਼ਾਂ ਵਿੱਚ "ਛੱਡਣਾ ਸ਼ਹਿਰ ਲੁਧਿਆਣਾ" ਸੀ

ਉਸ ਤੋਂ ਬਾਅਦ ਭਿੰਦਰ ਤੇ ਗੋਇਲ ਦੀ ਜੁਗਲਬੰਦੀ ਦਾ ਰੰਗ ਪੂਰੇ ਪੰਜਾਬ ਨੇ ਦੇਖਿਆ ਜਦੋਂ ਧਰਮਪ੍ਰੀਤ ਦੀ ਐਲਬਮ ਹਿਟ ਹੋਈ, ਪਰਮਿੰਦਰ ਸੰਧੂ, ਹਰਦੇਵ ਮਾਹੀਨੰਗਲ, ਜਸਵਿੰਦਰ ਬਰਾੜ ਨਵੇਂ ਕਲਾਕਾਰਾਂ ਦੇ ਨਾਲ ਕੁਲਦੀਪ ਮਾਣਕ ਤੇ ਮੁਹੰਮਦ ਸਦੀਕ ਜਿਹੇ ਥੰਮ ਲੋਕ-ਗਾਇਕ ਵੀ ਭਿੰਦਰ ਤੇ ਗੋਇਲ ਨੇ ਰਿਕਾਰਡ ਕੀਤੇ,,, ਪਰ ਇੱਕ ਅਰਸੇ ਪਿੱਛੋਂ ਗੋਇਲ ਤੇ ਭਿੰਦਰ ਵਿੱਚ ਇੱਕ ਦਰਾਰ ਪੈਦਾ ਹੋ ਗਈ, ਜਿਸ ਨਾਲ ਗੋਇਲ ਤੇ ਭਿੰਦਰ ਦਾ ਹੀ ਨੁਕਸਾਨ ਨਹੀਂ ਹੋਇਆ ਸਗੋਂ ਪੰਜਾਬੀ ਸਰੋਤਿਆਂ ਦਾ ਵੀ ਕਾਫੀ ਨੁਕਸਾਨ ਹੋਇਆ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੱਸਿਆ ਮੈਂ ਪੰਜ ਸੁੱਖੀਆਂ

ਪੰਜਾਬੀ ਜਿਉਂ ਹੀ ਕੈਨੇਡਾ ਪਹੁੰਚ ਜਾਂਦੇ ਹਨ ਤਾਂ ਉਹ ਸਾਰੀਆਂ ਧਾਰਮਿਕ ਯਾਤਰਾਵਾਂ ਨੂੰ ਭੁੱਲ ਕੇ ਇੱਕੋ ਯਾਤਰਾ ਕਰਦੇ ਹਨ, ਉਹ ਯਾਤਰਾ ਕੰਮ ਕਰਨ ਵਾਲੀ ਥਾਂ ਦੀ ਹੁੰਦੀ ਹੈ। ਜਦੋਂ ਵੀ ਪੰਜਾਬ ਜਾਈਏ ਤਾਂ ਅੰਬਾਲਾ ਟੱਪਦੇ ਸਾਰ ਹੀ ਟਰੱਕਾਂ, ਟਰਾਲੀਆਂ ,/ ਟੈਂਪੂਆਂ ਆਦਿ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਨ੍ਹਾਂ ਤੇ ਸਵਾਰ ਹੋ ਕੇ ਸੰਗਤਾਂ ਅਸ਼ੀਰਵਾਦ ਲੈਣ ਲਈ ਭੱਜੀਆਂ ਜਾ ਰਹੀਆਂ ਹੁੰਦੀਆਂ ਹਨ। ਹਰ ਯਾਤਰੀ ਦੀ ਆਪੋ - ਆਪਣੀ ਸਮੱਸਿਆ ਹੁੰਦੀ ਹੈ, ਕੋਈ ਸੰਗਰਾਂਦ - ਮੱਸਿਆ - ਪੁੰਨਿਆ ਨਹਾਉਣ ਜਾ ਰਿਹਾ ਹੈ, ਕੋਈ ਜੋੜ ਮੇਲੇ ਤੇ ਜਾ ਰਿਹਾ ਹੈ।, ਕੋਈ ਮਾਤਾ ਦੇ ਦਰਸ਼ਨ ਕਰਨ ਜਾ ਰਿਹਾ ਹੈ, ਕਿਸੇ ਨੂੰ ਵਹਿਮ ਹੈ ਕਿ ਉਸਨੂੰ -ਪਰੀ ਕਸਰ ਹੈ ਉਹ ਬਾਬਾ ਵਡਭਾਗ ਸਿੰਘ ਦੀ ਧਾਰ ਹੇਠਾਂ ਨਹਾਉਣ ਜਾ ਰਿਹਾ ਹੈ। ਕੋਈ ਨੌਂ ਗਜੀਏ ਪੀਰ ਦੇ ਚਾਦਰ ਅਤੇ ਬੱਕਰਾ ਚੜਾਉਣ ਜਾ ਰਿਹਾ ਹੈ। ਕੋਈ ਬਿਆਸ ਸੱਤਸੰਗੀ ਬਣ ਕੇ ਜਾ ਰਿਹਾ ਹੈ, ਕੋਈ ਨਾਨਕਸਰ, ਕੋਈ ਕਿਤੇ। ਡਾਕਟਰੀ ਇਲਾਜ ਸ਼ੁਰੂ ਤੋਂ ਮਹਿੰਗੇ ਰਹੇ ਹਨ ਜਿਸ ਕਰਕੇ ਬਹੁਤੇ ਲੋਕ ਰੱਬ ਦੇ ਵੱਖ - ਵੱਖ ਏਜੰਟਾਂ ਵੱਲ ਹੋ ਤੁਰਦੇ ਹਨ। ਜੇ ਤੁਸੀਂ ਯਾਤਰੂਆਂ ਨੂੰ ਪੁੱਛ ਕੇ ਸਮੱਸਿਆਵਾਂ ਦਾ ਅਧਿਐਨ ਕਰੋ ਤਾਂ ਪਤਾ ਲੱਗੇਗਾ ਕਿ ਬੱਚੇ ਦੇ ਹਰ ਵਾਰ ਆਈਲੈਟਸ ਵਿੱਚੋਂ ਬੈਂਡ ਘਟ ਜਾਂਦੇ ਹਨ ਜਾਂ ਫਾਈਲ ਨਹੀਂ



ਨਿੱਕਲ ਰਹੀ। ਕਿਸੇ ਨੂੰ ਵਹਿਮ ਹੈ ਕਿ ਉਸਦਾ ਕਾਰੋਬਾਰ ਕਿਸੇ ਨੇ ਬੰਨ੍ਹ ਦਿੱਤਾ ਹੈ। ਕਿਸੇ ਦੀ ਸੱਸ ਕੁਪੱਤੀ ਹੈ ਅਤੇ ਕਿਸੇ ਦੀ ਨੂੰਹ ਵੱਢਖਾਣੀ ਹੈ। ਕਿਸੇ ਦੇ ਬੱਚਾ ਨਹੀਂ ਹੁੰਦਾ। ਕਿਸੇ ਦਾ ਘਰਵਾਲਾ ਨਸ਼ੇੜੀ ਹੈ। ਕਿਸੇ ਮਾਂ ਨੂੰ ਵਹਿਮ ਹੈ ਕਿ ਉਸਦਾ ਪੁੱਤ ਆਪਣੀ ਵਹੁਟੀ ਦੇ ਕਬਜ਼ੇ ਵਿੱਚ ਵੱਧ ਹੈ। ਇੱਥੋਂ ਤੱਕ ਕਿ ਜੇ ਕਿਸੇ ਦੀ ਮੱਝ -ਗਾਂ ਵੀ ਨਵੇਂ ਦੁੱਧ ਨਹੀਂ ਹੁੰਦੀ ਤਾਂ ਉਹ ਬਾਜ਼ਾਰੋਂ ਮੁੱਲ ਦਾ ਦੁੱਧ ਖ਼ਰੀਦ ਕੇ ਅਤੇ ਉਸਦੀ ਖੀਰ ਬਣਾ ਕੇ ਸਾਧਾਂ - ਸੰਤਾਂ ਦੇ ਡੇਰੇ ਨੂੰ ਤੁਰਿਆ ਜਾ ਰਿਹਾ ਹੈ। ਸਮੱਸਿਆਵਾਂ ਅਣਗਿਣਤ ਹੁੰਦੀਆਂ ਹਨ ਅਤੇ ਬਾਬਾ ਇੱਕੋ ਜਿਹੜਾ ਮਲਟੀਪਲ ਇਲਾਜ ਕਰਦਾ ਹੈ। ਪੰਜਾਬ ਵਿੱਚ ਹੁਣ ਭਾਰਤ ਦੇ ਦੂਜੇ ਰਾਜਾਂ ਤੋਂ ਲੋਕ ਆ ਕੇ ਸਖ਼ਤ ਮਿਹਨਤ ਕਰਕੇ ਆਰਥਿਕ ਪੱਖੋਂ ਮਜ਼ਬੂਤ ਹੁੰਦੇ ਜਾ ਰਹੇ ਹਨ ਜਿਵੇਂ ਅਸੀਂ ਕੈਨੇਡਾ ਵਿੱਚ ਆ ਕੇ ਹੋਏ ਹਾਂ ਅਤੇ ਪੰਜਾਬੀ ਆਪੋ ਆਪਣੇ ਕੰਮ ਧੰਦੇ ਛੱਡ ਕੇ ਸੰਗਤ ਦੇ ਰੂਪ ਵਿੱਚ ਯਾਤਰਾਵਾਂ ਕਰ ਰਹੇ ਹਨ ਅਤੇ ਦਿਹਾੜੇ ਮਨਾ ਰਹੇ ਹਨ। ਖ਼ੁਸ਼ਵੰਤ ਸਿੰਘ ਨੇ ਸਹੀ ਕਿਹਾ ਸੀ ਕਿ ਕੰਮ ਹੀ ਲੋਕਾਂ ਦਾ ਧਰਮ ਹੋਣਾ ਚਾਹੀਦਾ ਹੈ ਪਰ ਲੋਕਾਂ ਨੇ ਧਰਮ ਨੂੰ ਕੰਮ ਬਣਾ ਲਿਆ ਹੈ। ਹਰ ਰੋਜ਼ ਸੜਕਾਂ ਤੇ ਮਾਲ ਢੋਣ ਵਾਲੇ ਵਾਹਨਾਂ ਵਿੱਚ ਲੋਕ ਤੂੜੀ ਵਾਂਗ ਲੱਦੇ ਸਫ਼ਰ ਕਰ ਰਹੇ ਹਨ ਪਰ ਧਰਮ ਦਾ ਮਸਲਾ ਹੋਣ ਕਰਕੇ ਸ਼ਾਇਦ ਟਰੈਫ਼ਿਕ ਪੁਲੀਸ ਵੀ ਮੂੰਹ ਪਾਸੇ ਕਰ ਲੈਂਦੀ ਹੈ। ਧਾਰਮਿਕ ਹੋਣਾ ਕੋਈ ਗੁਨਾਹ ਨਹੀਂ ਹੈ,/ ਕਿਸੇ ਧਰਮ ਵਿੱਚ ਵਿਸ਼ਵਾਸ ਰੱਖਣਾ ਅਤੇ ਪਾਠ - ਪੂਜਾ ਕਰਨੀ ਵੀ ਜਾਇਜ਼ ਹੈ ਕਿਉਂਕਿ ਦੁਨੀਆਂ ਤੇ ਹਰ ਕੋਈ ਆਪਣੇ ਢੰਗ ਨਾਲ ਜ਼ਿੰਦਗੀ ਜੀਣ ਦਾ ਹੱਕ ਰੱਖਦਾ ਹੈ ਪਰ ਇਸਦੇ ਨਾਲ ਨਾਲ ਜੋ ਸਮੇਂ ਦਾ ਸੱਚ ਹੈ ਜੋ ਪੜ੍ਹਾਈ ਅਤੇ ਵਿਗਿਆਨ ਨੇ ਪ੍ਰਤੱਖ ਰੂਪ ਵਿੱਚ ਸੱਚ ਸਾਡੇ ਸਾਹਮਣੇ ਰੱਖੇ ਹਨ ਉਨ੍ਹਾਂ ਨੂੰ ਮੰਨ ਲੈਣਾ ਅਤੇ ਉਨ੍ਹਾਂ ਤੋਂ ਸੇਧ ਲੈ ਕੇ ਆਪਣੇ ਜੀਵਨ ਵਿੱਚ ਰੌਸ਼ਨੀ ਕਰ ਲੈਣੀ ਚਾਹੀਦੀ ਹੈ। ਧਿਆਨ ਨਾਲ ਵੇਖੋ ਤਾਂ ਪਤਾ ਲੱਗੇਗਾ ਕਿ ਸਾਰੇ ਧਾਰਮਿਕ ਸਥਾਨਾਂ ਵਿੱਚ ਹਰ ਥਾਂ ਤੇ ਹਰ ਕੋਨੇ ਵਿੱਚ ਸਾਂਇੰਸ ਵਰਤੀ ਜਾ ਰਹੀ ਹੈ ,/ ਇਹ ਸਾਂਇੰਸ ਹੀ ਹੈ ਜਿਸਦੇ ਵੱਖ ਵੱਖ ਸਾਧਨਾਂ ਰਾਹੀਂ ਤੁਹਾਨੂੰ ਇਹ ਥਾਂਵਾਂ ਆਪਣੇ ਵੱਲ ਖਿਚ ਰਹੀਆਂ ਹਨ। (ਜਸਵਿੰਦਰ ਸਿੱਧੂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)


ਜਸਵਿੰਦਰ ਸਿੱਧੂ




# ਬਹੁਤੀ ਪਿਆਸ ਇੱਕ ਦਮ ਨਹੀਂ ਬੁਝਾਈ ਦੀ

ਨਦੀਆਂ ਭੱਜਣ ਵੱਲ ਸਮੁੰਦਰ<br>
ਲੈ ਕੇ ਤਾਂਘ ਪਿਆਰਾਂ ਦੀ,<br>
ਪਰ ਅੱਜ ਇਨਸਾਨੀ ਹਿਰਦੇ ਕਰਦੇ<br>
ਬਾਤ ਵਪਾਰਾਂ ਦੀ।

ਕਈ ਸਾਲ ਪਹਿਲਾਂ ਮੈਂ ਇੱਕ ਪਤੀ-ਪਤਨੀ ਦਰਮਿਆਨ ਸੁਲਾਹ-ਸਫ਼ਾਈ ਕਰਵਾਉਣ ਦਾ ਔਖਾ ਕਾਰਜ ਵਿੱਢ ਲਿਆ। ਉਹ ਦੋਵੇਂ ਸਾਡੇ ਵਿਦਿਆਰਥੀ ਸਨ। ਦੋਹਾਂ ਨੇ ਮਾਪਿਆਂ ਤੋਂ ਚੋਰੀ ਭੱਜ ਕੇ ਪਿਛਲੇ ਸਾਲ ਹੀ ਵਿਆਹ ਕਰਵਾਇਆ ਸੀ। ਕਦੇ ਪ੍ਰਾਣਾਂ ਤੋਂ ਪਿਆਰੇ ਹੁਣ ਪ੍ਰਾਣਾਂ ਦੇ ਪਿਆਸੇ ਹੋਏ ਫਿਰਦੇ ਸਨ। ਉਹ ਆਪੋ ਆਪਣੀ ਹੋਈ-ਬੀਤੀ ਫਰੋਲ਼ਦੇ ਮਿਹਣੋ-ਮਿਹਣੀ ਹੋ ਰਹੇ ਸਨ। ਜਦੋਂ ਮੁੰਡੇ ਨੇ ਕੁੜੀ ਦੇ ਘਰ ਦਿਆਂ ਦੀ ਕੀਤੀ ਬੇ-ਰੁਖੀ ਦਾ ਉਲਾਂਭਾ ਪਰੋਸਿਆ ਤਾਂ ਕੁੜੀ ਨੇ ਤਮਾਚਾ ਮਾਰਨ ਵਰਗਾ ਜਵਾਬ ਦਿੱਤਾ,'ਤੂੰ ਕਿਹੜਾ ਮੇਰੇ ਪਾਪਾ ਦੀ ਦੇਹਲ਼ੀ ਤੇ ਸਿਹਰੇ ਬੰਨ੍ਹ ਕੇ ਢੁੱਕਿਆ ਸੀ।' ਮੈਨੂੰ ਲੱਗਿਆ ਕਿਸੇ ਘਰ ਇੱਜ਼ਤ ਪਾਉਣ ਲਈ ਇਨ੍ਹਾਂ ਗੀਤਾਂ-ਰਸਮਾਂ ਦੀ ਕਦਰ ਪਹਿਲਾਂ ਆਪ ਕਰਨੀ ਪੈਂਦੀ ਹੈ। ਇਨ੍ਹਾਂ ਗੀਤਾਂ-ਰਸਮਾਂ ਨੂੰ ਜਵਾਨੀ ਦੇ ਜੋਸ਼ ਵਿਚ ਪੂਰੀਆਂ ਫ਼ਜ਼ੂਲ ਜਾਣਦੇ ਜੋ ਵੀ ਪੂਰੀ ਤਰ੍ਹਾਂ ਨਕਾਰਦੇ ਹਨ, ਉਨ੍ਹਾਂ ਕੋਲ਼ ਇਨ੍ਹਾਂ ਦਾ ਹੇਰਵਾ ਹੋਣ ਲਗਦਾ ਹੈ। ਘੱਟੋ-ਘੱਟ ਅੱਜ ਦੇ ਜਾਹਲ਼ੀ ਵਿਆਹ ਵਾਲ਼ੇ ਤਾਂ ਜ਼ਰੂਰ ਹੀ ਇਸ ਡਰਾਮੇ ਤੋਂ ਉਕਤਾ ਕੇ ਇਨ੍ਹਾਂ ਰਸਮਾਂ ਪਿਛਲੀ ਸ਼ਿੱਦਤ ਕੋਸਦੇ ਹੋਣਗੇ। ਅੰਮ੍ਰਿਤਾ ਪ੍ਰੀਤਮ ਇੱਕ ਥਾਂ ਲਿਖਦੀ ਹੈ,'ਕਦੇ ਕਦੇ ਕਹਾਣੀਆਂ ਪਾਸਾ ਪਰਤ ਲੈਂਦੀਆਂ ਨੇ, ਅਜੇ ਕਿਸੇ ਮਿਰਜ਼ੇ ਨੇ ਸਾਹਿਬਾਂ ਦੇ ਸਾਰੇ ਤੀਰ ਲੁਕਾ ਛੱਡੇ ਨੇ ਪਰ ਇਹ ਕਦਰਾਂ ਕੀਮਤਾਂ ਸੱਚੀਆਂ ਹੋਣ ਜਾਂ ਝੂਠੀਆਂ, ਇਨ੍ਹਾਂ ਦੀ ਲਾਜ ਪਾਲ਼ਦਿਆਂ ਰੂਹ ਦਾ ਰੱਜ ਮਿਲਦਾ ਹੈ।' ਇਹ ਸਾਡੀਆਂ ਲੂਹਰੀਆਂ ਨੂੰ ਠੱਲ੍ਹ ਕੇ ਸੰਤੁਲਨ ਰੱਖਣ ਵਿਚ ਸਹਾਈ ਹੁੰਦੀਆਂ ਹਨ। ਹੌਲ਼ੀ ਹੌਲ਼ੀ ਨਾਲ ਨਿਭਦਿਆਂ ਸਬਰ-ਸੰਤੋਖ ਦਾ ਇੱਕ ਪਾਠ ਸਿਰਜਦੀਆਂ ਉਛਲ਼ਦੇ ਅਰਮਾਨਾਂ ਦੀ ਨਿਸ਼ਾਨਦੇਹੀ ਬਣਦੀਆਂ ਹਨ। ਕੁਛ ਮਹੀਨੇ ਪਹਿਲਾਂ ਅਸੀਂ ਕੁੱਝ ਸਖੀਆਂ ਕਿਸੇ ਮੰਗਣੇ (ਰਿੰਗ ਸੈਰੇਮਨੀ) ਦਾ ਹਿੱਸਾ ਬਣੀਆਂ। ਮੰਗਣੇ ਵਾਲ਼ੀ ਕੁੜੀ ਅਤੇ ਮੁੰਡੇ ਨੇ ਆਪੋ ਵਿਚ ਇੱਕ ਦੂਜੇ ਦੇ ਛਾਪਾਂ ਪਾਈਆਂ। ਫੇਰ ਨਾਚ-




ਗਾਣੇ ਦਾ ਦੌਰ ਚੱਲਿਆ। ਵਿਆਹ ਵਾਲੀ ਕੁੜੀ ਨਚਦੀ-ਨਚਦੀ ਵਾਰੀ ਵਾਰੀ ਆਪਣੇ ਮੰਗੇਤਰ ਦੇ ਗਲ਼ ਬਾਹਾਂ ਪਾ ਕੇ ਝੂਟ ਜਾਂਦੀ ਸੀ। ਲੂਹਰੀਆਂ ਲੈਂਦੀ ਕੁੜੀ ਜਿਵੇਂ ਆਖ ਰਹੀ ਸੀ, 'ਤੈਨੂੰ ਵੇਖਿਆਂ ਸਬਰ ਨਾ ਆਵੇ।' ਭਰੀ ਮਹਿਫ਼ਿਲ ਵਿਚ ਹਾਜ਼ਰ ਲੋਕਾਂ ਤੋਂ ਬੇ-ਪ੍ਰਵਾਹ ਉਨ੍ਹਾਂ ਦੀ ਹੱਤਕ ਕਰਦੀ ਲਗਦੀ ਸੀ। ਉਸ ਨੂੰ ਕਿਨਾਰਿਆਂ ਤੋਂ ਬਾਹਰ ਡੁਲ੍ਹਦੀ ਵੇਖ ਮੇਰੀ ਉਮਰ ਦੀ ਇੱਕ ਸਖੀ ਆਖ ਰਹੀ ਸੀ,'ਕੁੜੀ ਤਾਂ ਲੂਹਰੀਆਂ ਲੈਂਦੀ ਐ, ਰੱਬ ਕਰੇ ਇਨ੍ਹਾਂ ਦਾ ਸਾਥ ਨਿਭਜੇ।' ਅੱਜ ਕੱਲ੍ਹ ਤੱਤਾ ਲੱਕਣ ਵਾਲੇ ਜਿੰਨੀ ਕਾਹਲ਼ੀ ਨਾਲ ਇੱਕ ਦੂਜੇ ਵੱਲ ਅਹੁਲਦੇ ਹਨ ਉਸ ਤੋਂ ਵੱਧ ਕਾਹਲ਼ੀ ਨਾਲ ਪਰੇ ਵੀ ਹਟਦੇ ਹਨ। ਇਹ ਗੀਤਾਂ ਰਸਮਾਂ ਪੂਰਨ ਲਈ ਜਨਮ, ਵਿਆਹ ਅਤੇ ਮੌਤ ਮੁੱਖ ਪੜਾਅ ਹਨ। ਆਪੋ ਆਪਣੇ ਖਿੱਤੇ ਵਿਚ ਵਿਸ਼ਵਾਸ਼, ਵਿਤ ਅਤੇ ਸਮਰੱਥਾ ਅਨੁਸਾਰ ਸਭ ਲੋਕ ਪੂਰਦੇ ਆ ਰਹੇ ਹਨ। ਇਹ ਰਸਮਾਂ ਕਿਸੇ ਥਾਂ ਦੀ ਸਥਿਤੀ ਨਾਲ ਨਿਭਦੀਆਂ ਹਨ। ਮੈਂ ਦੱਖਣੀ ਭਾਰਤ ਬਾਰੇ ਇੱਕ ਕਿਤਾਬ ਵਿਚ ਪੜ੍ਹਿਆ ਸੀ ਕਿ ਸਮੁੰਦਰ ਕਿਨਾਰੇ ਵਸੇ ਇੱਕ ਪਰਿਵਾਰ ਦੀ ਮਾਂ ਆਪਣੀ ਧੀ ਨੂੰ ਇਹ ਸਹਿਮ ਸਿਰਜਦੀ ਹੈ ਕਿ ਮਰਯਾਦਾ ਭੰਜਕ (ਭੰਗ) ਹੋਣ ਨਾਲ ਪਾਣੀ ਵਿਚ ਮੱਛੀਆਂ ਫੜਨ ਗਿਆ ਉਸ ਦਾ ਬਾਪ ਡੁੱਬ ਸਕਦਾ ਹੈ। ਇਹ ਹਰ ਥਾਂ ਦਾ ਚੁਗਿਰਦਾ ਹੀ ਹਾਮੀ ਭਰਦਾ ਹੈ। ਸਾਡੀਆਂ ਬਜ਼ੁਰਗ ਮਾਵਾਂ ਅਕਸਰ ਹੀ 'ਸਹੁੰ ਢਾਂਡੀ ਦੀ' ਆਖਦੀਆਂ ਸਨ। ਸਾਡੀਆਂ ਸੋਚਾਂ ਵਿਚ ਮੀਂਹ, ਮਿੱਟੀ, ਪਾਣੀ, ਬੋਹਲ਼ ਹਾਜ਼ਰੀ ਭਰਦੇ ਹਨ। ਬੱਚੇ ਦੀ ਆਮਦ ਸਮੇ ਅੰਬਰਾਂ ਤੱਕ ਗੂੰਜ ਪਾ ਦੇਣ ਵਾਲ਼ੀ ਲੂਹਰੀ ਸ਼ੁਕਰਾਨੇ ਲਈ ਸੀਸ ਨਿਵਾ ਰਹੀ ਲਗਦੀ ਹੈ। ਵਿਆਹ ਉਮਰਾਂ ਦਾ ਸਿਖਰ ਹੈ ਜੋ ਹੋਰਨਾ ਦੀ ਹਾਮੀ ਨਾਲ ਹੀ ਮਾਨਸਿਕ ਤ੍ਰਿਪਤੀ ਭਰਦਾ ਹੈ। ਮੌਤ ਉਪ੍ਰੰਤ ਘਰ ਦੇ ਜੀਆਂ ਦਾ ਹੁਣ ਤੱਕ ਪਾਲੀ ਸਾਂਝ ਤੋਂ ਮਗਰੋਂ ਜਰਿਆ ਸੱਲ ਹੋਰਨਾ ਦੇ ਆ ਕੇ ਗੋਡਾ ਨਿਵਾ ਦੇਣ ਨਾਲ ਆਠਰ ਜਾਂਦਾ ਹੈ। ਇਉਂ ਇਨ੍ਹਾਂ ਸਭ ਰਸਮਾਂ ਰਾਹੀਂ ਸਾਡਾ ਚੁਗਿਰਦਾ ਸਾਡੀਆਂ ਸਭ ਸਾਂਝਾਂ ਹੀ ਗਵਾਹ ਹੁੰਦੀਆਂ ਹਨ। ਇਨ੍ਹਾਂ ਰਸਮਾਂ ਦੀ ਗ਼ੈਰਹਾਜ਼ਰੀ ਵਿਚ ਜ਼ਿੰਦਗੀ ਦਾ ਰਸ ਫਿੱਕਾ, ਨੀਰਸ ਤੇ ਅਕਾਊ ਹੋ ਜਾਂਦਾ ਹੈ। ਇਨ੍ਹਾਂ ਆਸਰੇ ਅਸੀਂ ਜ਼ਿੰਦਗੀ ਦਾ ਪਾਸਾ ਥੱਲਣ ਲਗਦੇ ਹਾਂ। ਸਭ ਸਾਂਝਾਂ ਨੂੰ ਹਾਜ਼ਰ ਨਾਜ਼ਰ ਜਾਣਦਿਆਂ ਅਸੀਂ ਉਨ੍ਹਾਂ ਦੀ ਗਵਾਹੀ ਭਾਲ਼ਦੇ ਹਾਂ। ਲੋਕ-ਨਜ਼ਰਾਂ ਵਿਚ ਪਰਵਾਣ ਹੋਣ ਲਈ ਇਹ ਜ਼ਰੂਰੀ ਹਨ। ਪਰ ਜਦੋਂ ਕੰਨਿਆਂ ਦਾਨ ਵਾਲਾ ਤੋਹਫ਼ਾ ਕਿਸੇ ਲਾਲਚੀ ਨਜ਼ਰਾਂ ਵਿਚ ਦਾਜ ਬਣ ਕੇ ਜਿਉਣਾ ਦੁੱਭਰ ਕਰਦਾ ਹੈ ਤਾਂ ਇਨ੍ਹਾਂ ਵਿਚ ਬਦਲਾਅ ਵੀ ਹੋਣਾ ਲਾਜ਼ਮੀ ਹੈ। ਇਹ ਰਸਮਾਂ ਸਾਨੂੰ ਸੌਖਾ ਸਾਹ ਲੈਣ ਲਈ ਬਣੀਆਂ ਹੋਣਗੀਆਂ ਪਰ ਕਈ ਵਾਰੀ ਸੰਘੀ ਨੱਪੀ ਜਾਂਦੀ ਹੈ। ਅੰਧ-ਵਿਸ਼ਵਾਸ਼ ਤੱਕ ਨਿਭਾ ਲੈਣ ਵਾਲੇ ਕਈ ਵੇਲਾ ਵਿਹਾ ਚੁੱਕੀਆਂ ਰਸਮਾਂ ਦਾ ਮਰਿਆ ਸੱਪ ਗਲ਼ ਪਾਈ ਫਿਰਦੇ ਹਨ। ਕਹਿੰਦੇ ਹਨ ਇੱਕ ਰਾਜਾ ਜੰਗਲ ਵਿਚ ਭਟਕ ਗਿਆ। ਪਿਆਸ ਬਹੁਤ ਲੱਗੀ। ਇੱਕ ਕਿਸਾਨ ਖੂਹ ਦੀ ਮੌਣ ਤੇ ਬੈਠਾ ਦੇਖ ਪਿਆਸ ਦੀ ਬਾਤ ਪਾਈ। ਕਿਸਾਨ ਨੇ ਖੂਹ ਤੋਂ ਪਾਣੀ ਭਰ ਕੇ ਜਦੋਂ ਰਾਜੇ ਦੇ ਹੱਥਾਂ (ਬੁੱਕ) ਵਿਚ ਪਾਇਆ ਪਰ ਪਹਿਲਾਂ ਕੋਲ਼ ਪਈ ਤੂੜੀ ਦੇ ਕੁਛ ਡੱਕੇ ਪਾ ਦਿੱਤੇ। ਰਾਜੇ ਨੇ ਪੁਣ ਪੁਣ ਕੇ ਪਾਣੀ ਪੀ ਲਿਆ। ਪਰ ਫੇਰ ਪੁੱਛਿਆ ਕਿ ਇਹ ਕੀ ਕੀਤਾ। ਕਿਸਾਨ ਨੇ ਜਵਾਬ ਦਿੱਤਾ ਕਿ ਬਹੁਤੀ ਪਿਆਸ ਇੱਕ ਦਮ ਨਹੀਂ ਬੁਝਾਈਦੀ, ਇਸ ਲਈ ਇਹ ਡੱਕੇ ਜ਼ਰੂਰੀ ਸਨ। ਇਵੇਂ ਹੀ ਇਹ ਰਸਮਾਂ ਸਾਡੇ ਕਿਨਾਰਿਆਂ ਤੋਂ ਉਛਲਦੇ ਅਰਮਾਨਾਂ ਮੂਹਰੇ ਡੱਕੇ ਹਨ। ਇਨ੍ਹਾਂ ਵਿਚ ਬਦਲਾਅ ਵੀ ਆਉਂਦਾ ਹੈ। ਨਿੱਤ ਬਦਲਦੇ ਰਿਵਾਜ, ਪਹਿਰਾਵੇ, ਖਾਣੇ ਅਤੇ ਰਹਿਣ-ਸਹਿਣ ਗਵਾਹੀ ਭਰਦੇ ਹਨ। ਇਹ ਸਾਡੀਆਂ ਸਾਂਝਾਂ ਵਿਚ ਪੁਲ਼ ਬਣਦੀਆਂ ਹਨ।












# ਪਾਰਕਿੰਗ ਲਾਟ ਵਿੱਚ ਮਹਿਲਾ ਕੋਲੋਂ ਜ਼ਬਰਦਸਤੀ ਗੱਡੀ ਖੋਹਣ ਵਾਲਿਆਂ ਨੂੰ ਪੁਲਿਸ ਭਾਲ ਰਹੀ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਉਨਟਾਰੀਓ ਸੂਬੇ ਦੀ ਹਾਲਟਨ ਪੁਲੀਸ ਦੋ ਅਪਰਾਧੀਆਂ ਦੀ ਤਲਾਸ਼ ਕਰ ਰਹੀ ਹੈ ਜਿਨ੍ਹਾਂ ਨੇ ਕਈ ਅਪਰਾਧਾਂ ਨੂੰ ਅੰਜ਼ਾਮ ਦਿੱਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਇੱਕ ਮਹਿਲਾ ਨੂੰ ਮਿਲਟਨ ਵਿੱਚ ਉਸਦੀ ਗੱਡੀ ਚੋਂ ਬਾਹਰ ਸੁੱਟ ਕੇ ਉਸਦੀ ਗੱਡੀ ਲੈ ਕੇ ਫਰਾਰ ਹੋ ਗਏ। ਜਿਸ ਵਕ਼ਤ ਇਸ ਮਹਿਲਾ ਕੋਲੋਂ ਗੱਡੀ ਖੋਹੀ ਗਈ ਉਸ ਦੀ ਵੀਡੀਓ ਲਾਗੇ ਖੜ੍ਹੇ ਇੱਕ ਵਿਅਕਤੀ ਵੱਲੋਂ ਬਣਾਈ ਗਈ ਹੈ ਜੋ ਕਾਫੀ ਵਾਇਰਲ ਹੋ ਰਹੀ ਹੈ। ਪੁਲਿਸ ਅਨੁਸਾਰ ਜਿਨ੍ਹਾਂ ਦੋ ਵਿਅਕਤੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ ਉਨ੍ਹਾਂ ਵੱਲੋਂ ਸੱਤ ਜਨਵਰੀ ਨੂੰ ਪੀਲ ਰੀਜ਼ਨ ਵਿੱਚੋ 2014 ਮਾਡਲ ਐਫ 150 ਪਿਕਅੱਪ ਟਰੱਕ ਚੋਰੀ ਕੀਤਾ ਗਿਆ ਸੀ। ਬਾਅਦ ਵਿੱਚ ਇਹ ਟਰੱਕ ਦੋ ਹਿੱਟ ਐਂਡ ਰਨ ਵਾਲੇ ਮਾਮਲਿਆਂ ਵਿਚ ਵੀ ਸ਼ਾਮਿਲ ਸੀ। ਫੇਰ ਇਹ ਟਰੱਕ ਇੱਕ ਦਿਨ ਮਿਲਟਨ ਦੇ ਇੱਕ ਗਰੋਸਰੀ ਸਟੋਰ ਦੀ ਪਾਰਕਿੰਗ ਵਿੱਚ ਨਜ਼ਰ ਆਇਆ ਅਤੇ ਇਸ ਤੇ ਸਵਾਰ ਦੋਹਾਂ ਜਣਿਆਂ ਨੇ ਉੱਥੇ ਇੱਕ ਹੋਂਡਾ ਸੀ ਆਰ ਵੀ 'ਚ ਬੈਠੀ ਮਹਿਲਾ ਨੂੰ ਗੱਡੀ ਚੋਂ ਬਾਹਰ ਸੁੱਟ ਦਿੱਤਾ ਤੇ ਗੱਡੀ ਲੈ ਕੇ ਫਰਾਰ ਹੋ ਗਏ। ਬਾਅਦ ਵਿੱਚ ਇਹ ਗੱਡੀ ਬਰੈਂਪਟਨ ਵਿੱਚ ਬਰਾਮਦ ਹੋਈ ਪਰ ਦੋਵੇਂ ਜਣੇ ਉਥੋਂ ਫਰਾਰ ਹੋ ਚੁੱਕੇ ਸਨ । ਪੁਲੀਸ ਹੁਣ ਇਨ੍ਹਾਂ ਦੀ ਤਲਾਸ਼ ਕਰ ਰਹੀ ਹੈ। ਪੁਲਿਸ ਨੇ ਲੋਕਾਂ ਨੂੰ ਸੁਚੇਤ ਕੀਆ ਹੈ ਕਿ ਜਦੋਂ ਵੀ ਤੁਸੀਂ ਕਿਸੇ ਪਾਰਕਿੰਗ ਲਾਟ ਵਿੱਚ ਆਪਣੀ ਗੱਡੀ ਵਿੱਚ ਬੈਠੇ ਹੋ ਤਾਂ ਸਾਵਧਾਨੀ ਜ਼ਰੂਰ ਰੱਖੋ।

# ਉੱਤਰੀ ਕੋਰੀਆ ਪ੍ਰਮਾਣੂ ਪ੍ਰੀਖਣ ਚੀਨ ਜਪਾਨ ਦੇ ਲੋਕਾਂ ਲਈ ਵੀ ਖਤਰਾ ਬਣੇ ਹੋਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਉੱਤਰੀ ਕੋਰੀਆ ਲਗਾਤਾਰ ਪ੍ਰਮਾਣੂ ਪ੍ਰੀਖਣ ਕਰ ਰਿਹਾ ਹੈ। ਇਸ ਕਾਰਨ ਨਾ ਸਿਰਫ ਉਥੋਂ ਦੇ ਲੋਕਾਂ ਦੀ ਜ਼ਿੰਦਗੀ ਸਗੋਂ ਦੱਖਣੀ ਕੋਰੀਆ, ਜਾਪਾਨ ਅਤੇ ਚੀਨ 'ਚ ਰਹਿਣ ਵਾਲੇ ਲੋਕਾਂ ਦੀ ਜਾਨ ਵੀ ਖਤਰੇ 'ਚ ਪੈ ਸਕਦੀ ਹੈ। ਦਰਅਸਲ, ਭੂਮੀਗਤ ਪਰਮਾਣੂ ਪ੍ਰੀਖਣ ਸਥਾਨ ਤੋਂ ਨਿਕਲਣ ਵਾਲਾ ਰੇਡੀ? ਐਕਟਿਵ ਪਦਾਰਥ ਪਾਣੀ ਵਿੱਚ ਮਿਲ ਕੇ ਇਨ੍ਹਾਂ ਦੇਸ਼ਾਂ ਵਿੱਚ ਪਹੁੰਚ ਰਿਹਾ ਹੈ। ਸਿ?ਲ ਵਿੱਚ ਇੱਕ ਮਨੁੱਖੀ ਅਧਿਕਾਰ ਸਮੂਹ ਦੇ ਅਨੁਸਾਰ, ਇਹ ਰੇਡੀ? ਐਕਟਿਵ ਸਮੱਗਰੀ ਸਾਈਟ ਦੇ ਆਲੇ ਦੁਆਲੇ 3 ਦੇਸ਼ਾਂ ਅਤੇ 8 ਸ਼ਹਿਰਾਂ ਤੱਕ ਪਹੁੰਚ ਗਈ ਹੈ। ਉੱਤਰੀ ਕੋਰੀਆ ਵਿੱਚ ਪ੍ਰਮਾਣੂ ਸਾਈਟ ਦੇ ਨੇੜੇ ਰਹਿਣ ਵਾਲੇ 10 ਲੱਖ ਤੋਂ ਵੱਧ ਲੋਕ ਆਪਣੇ ਰੋਜ਼ਾਨਾ ਦੇ ਕੰਮ ਲਈ ਜ਼ਮੀਨ ਤੋਂ ਆਉਣ ਵਾਲੇ ਪਾਣੀ 'ਤੇ ਨਿਰਭਰ ਕਰਦੇ ਹਨ। ਇਸ ਤੋਂ ਇਲਾਵਾ ਉੱਤਰੀ ਕੋਰੀਆ ਤੋਂ ਤਸਕਰੀ ਰਾਹੀਂ ਆਉਣ ਵਾਲੇ ਖੇਤੀ ਅਤੇ ਮੱਛੀ ਪਾਲਣ ਨਾਲ ਸਬੰਧਤ ਉਤਪਾਦਾਂ ਵਿੱਚ ਰੇਡੀ?ਐਕਟਿਵ ਪਦਾਰਥ ਹੋਣ ਦੀ ਸੰਭਾਵਨਾ ਹੈ। ਅਮਰੀਕਾ ਅਤੇ ਦੱਖਣੀ ਕੋਰੀਆ ਦੇ ਅਨੁਸਾਰ, ਉੱਤਰੀ ਕੋਰੀਆ ਨੇ 2006 ਤੋਂ 2017 ਦੇ ਵਿਚਕਾਰ ਪੁੰਗੇ-ਰੀ ਸਾਈਟ 'ਤੇ ਲਗਭਗ 6 ਪ੍ਰੀਖਣ ਕੀਤੇ ਹਨ। ਇਹ ਸਾਈਟ ਉੱਤਰੀ ਹੈਮਗਯੋਂਗ ਸੂਬੇ ਵਿੱਚ ਭੂਮੀਗਤ ਬਣੀ ਹੋਈ ਹੈ। 2015 ਵਿੱਚ, ਦੱਖਣੀ ਕੋਰੀਆ ਦੀ ਫੂਡ ਸੇਫਟੀ ਏਜੰਸੀ ਨੇ ਚੀਨ ਤੋਂ ਦਰਾਮਦ ਕੀਤੇ ਮਸ਼ਰੂਮ ਵਿੱਚ ਮਿਆਰੀ ਪੱਧਰ ਤੋਂ 9 ਗੁਣਾ ਜ਼ਿਆਦਾ ਰੇਡੀ?ਐਕਟਿਵ ਸੀਜ਼ੀਅਮ ਪਾਇਆ ਸੀ । ਇਹ ਮਸ਼ਰੂਮ ਉੱਤਰੀ ਕੋਰੀਆ ਤੋਂ ਚੀਨ ਪਹੁੰਚ ਗਏ ਹਨ।

# ਮੈਕਸੀਕੋ 'ਚ ਹੋਏ ਭਿਆਨਕ ਬੱਸ ਹਾਦਸੇ 'ਚ 19 ਜਣਿਆਂ ਦੀ ਮੌਤ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸੈਂਟਰਲ ਮੈਕਸੀਕੋ ਵਿੱਚ ਇੱਕ ਵੱਡਾ ਬੱਸ ਹਾਦਸਾ ਵਾਪਰਿਆ। ਜਿੱਥੇ ਵੈਨੇਜ਼ੁਏਲਾ, ਕੋਲੰਬੀਆ ਅਤੇ ਮੱਧ ਅਮਰੀਕਾ ਤੋਂ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ 19 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ, ਪੁਏਬਲਾ ਦੇ ਗ੍ਰਹਿ ਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇੱਕ ਬੱਸ 45 ਯਾਤਰੀਆਂ ਨੂੰ ਲੈ ਕੇ ਉੱਤਰ ਵੱਲ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ। ਉਨ੍ਹਾਂ ਦੱਸਿਆ ਕਿ ਹਾਦਸੇ ਦੇ ਸਮੇਂ 17 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 15 ਹੋਰ ਜ਼ਖਮੀ ਯਾਤਰੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿਨ੍ਹਾਂ 'ਚੋਂ ਦੋ ਦੀ ਇਲਾਜ ਦੌਰਾਨ ਮੌਤ ਹੋ ਗਈ। ਪੰਜ ਹੋਰਾਂ ਦੀ ਹਾਲਤ ਵੀ ਕਾਫ਼ੀ ਗੰਭੀਰ ਬਣੀ ਹੋਈ ਹੈ।" ਹਾਲਾਂਕਿ ਮੰਤਰੀ ਨੇ ਫੌਰੀ ਤੌਰ 'ਤੇ ਇਹ ਨਹੀਂ ਦੱਸਿਆ ਕਿ ਮਰਨ ਵਾਲਿਆਂ ਅਤੇ ਜ਼ਖਮੀਆਂ ਵਿੱਚੋਂ ਕਿੰਨੇ ਪ੍ਰਵਾਸੀ ਸਨ। ਮੈਕਸੀਕਨ ਮੀਡੀਆ ਨੇ ਦੱਸਿਆ ਕਿ ਇਹ ਹਾਦਸਾ ਬੱਸ ਦੇ ਡਰਾਈਵਰ ਦੇ ਕੰਟਰੋਲ ਗੁਆ ਦੇਣ ਤੋਂ ਬਾਅਦ ਵਾਪਰਿਆ।

## ਪਬਲਿਕ ਸੇਫਟੀ ਮੰਤਰੀ ਮਾਈਕ ਫਾਰਨਵਰਥ ਦਾ ਕਹਿਣਾ ਹੈ ਕਿ ਸਰੀ 'ਚ ਪੁਲਿਸ ਸਬੰਧੀ ਫੈਸਲਾ ਮਈ-ਜੂਨ ਵਿੱਚ ਲਿਆ ਜਾਵੇਗਾ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਸਰੀ ਸ਼ਹਿਰ ਵਿੱਚ ਆਰਸੀਐਮਪੀ ਜਾਂ ਸਰੀ ਪੁਲਿਸ ਦਾ ਰੇੜਕਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਨਵੀਂ ਕੌਂਸਲ ਦੀ ਚੋਣ ਹੋਣ ਤੋਂ ਬਾਅਦ ਵੀ ਅਜੇ ਤੱਕ ਇਸ ਉੱਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਸਕੀ। ਵਰਨਣਯੋਗ ਹੈ ਕਿ ਮੌਜੂਦਾ ਮੇਅਰ ਬ੍ਰੈਂਡਾ ਲੋਕ ਨੇ ਚੋਣਾਂ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਸ਼ਹਿਰ ਦਾ ਪੁਲਿਸ ਪਰਬੰਧ ਆਰ ਸੀ ਐਮ ਪੀ ਦੇ ਹੱਥਾਂ ਵਿੱਚ ਹੀ ਰਹਿਣ ਦੇਣਗੇ ਪਰ ਹੁਣ ਇਸ ਸਬੰਧੀ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਸੇਫ਼ਟੀ ਮੰਤਰੀ ਮਾਇਕ ਫਾਰਨਵਰਥ ਦਾ ਬਿਆਨ ਆਇਆ ਹੈ ਅਤੇ ਉਨਾਂ ਕਿਹਾ ਹੈ ਕਿ ਸੂਬਾ ਸਰਕਾਰ ਵੱਲੋਂ ਇਸ ਮਸਲੇ ਉੱਪਰ ਮਈ ਦੇ ਆਖਿਰ ਜਾਂ ਜੂਨ ਦੇ ਸ਼ੁਰੂ ਵਿਚ ਫੈਸਲਾ ਕੀਤਾ ਜਾਵੇਗਾ।

# ਰੋਕਸਮ ਰੋਡ ਰਾਹੀਂ ਦਾਖਿਲ ਹੁੰਦੇ ਸਰਨਾਰਥੀਆਂ ਤੋਂ ਕਿਊਬਿਕ ਵਾਲੇ ਤੰਗ ਆ ਗਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀਂ ਕੁਬੈਕ ਦੇ ਪ੍ਰੀਮੀਅਰ ਫਰਾਂਸਵਾ ਲੇਗਉ ਨੇ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਸੂਬੇ ਵਿੱਚ ਦਿਨੋਂ ਦਿਨ ਵਧ ਰਹੀ ਸ਼ਰਨਾਰਥੀਆਂ ਦੀ ਗਿਣਤੀ ਕਾਰਨ ਸੂਬੇ ਦੇ ਢਾਂਚੇ ਉੱਪਰ ਬੋਝ ਵਧ ਰਿਹਾ ਹੈ ਇਸ ਲਈ ਸ਼ਰਨਾਰਥੀਆਂ ਨੂੰ ਹੋਰਨਾਂ ਸੂਬਿਆਂ ਵਿਚ ਭੇਜਿਆ ਜਾਵੇ ।ਹੁਣ ਕੁਬੈਕ ਦੇ ਪ੍ਰੀਮੀਅਰ ਵਾਂਗ ਹੀ ਮੁੱਖ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੋਲੀਵਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਰੋਕਸਮ ਰੋਡ ਰਾਹੀਂ ਹੁੰਦੀ ਕਰਾਸਿੰਗ ਨੂੰ ਇੱਕ ਮਹੀਨੇ ਦੇ ਅੰਦਰ ਬੰਦ ਕਰਨ ਦੀ ਯੋਜਨਾ ਬਣਾਉਣ ਲਈ ਆਖਿਆ ਹੈ।ਉਧਰ ਜਦੋਂ ਰੋਕਸਮ ਰੋਡ ਨੂੰ ਬੰਦ ਕਰਨ ਸਬੰਧੀ ਉਨਟਾਰੀਓ ਦੇ ਰਿਚਮੰਡ ਹਿੱਲ ਪਹੁੰਚੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਇਸ ਮੁੱਦੇ ਉੱਪਰ ਲੰਬੇ ਸਮੇਂ ਤੋਂ ਕੰਮ ਚੱਲ ਰਿਹਾ ਹੈ ਪਰ ਸਮੱਸਿਆ ਇਹ ਹੈ ਕਿ ਕੈਨੇਡਾ ਦਾ ਰਕਬਾ ਅਮਰੀਕਾ ਨਾਲੋਂ ਲਗਭਗ ਛੇ ਹਜ਼ਾਰ ਕਿਲੋਮੀਟਰ ਲੰਬਾ ਹੈ। ਇਸ ਲਈ ਸਾਰੇ ਪੱਖਾਂ ਦੇ ਠੋਸ ਹੱਲ ਦੀ ਲੋੜ ਹੈ ਜਿਸ ਨਾਲ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਅਤੇ ਕੈਨੇਡਾ ਦੀਆਂ ਕਦਰਾਂ ਕੀਮਤਾਂ ਨੂੰ ਵੀ ਕੋਈ ਠੇਸ ਨਾ ਪਹੁੰਚੇ।

# ਯੂਕਰੇਨ ਨੂੰ ਹਥਿਆਰ ਦੇਣ ਲਈ ਫਰਾਂਸ ਵਿੱਚ ਰੋਸ ਮੁਜ਼ਾਹਰੇ ਹੋਣ ਲੱਗੇ




ਪੈਰਿਸ (ਪੰਜਾਬੀ ਅਖ਼ਬਾਰ ਬਿਊਰੋ) ਰੂਸ-ਯੂਕਰੇਨ ਜੰਗ ਦੇ ਵਿਚਕਾਰ ਫਰਾਂਸ ਯੂਕਰੇਨ ਨੂੰ ਹਥਿਆਰ ਦੇ ਰਿਹਾ ਹੈ। ਇਸ ਫੈਸਲੇ ਲਈ ਫਰਾਂਸ ਨੂੰ ਹੁਣ ਆਪਣੇ ਨਾਗਰਿਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੈਰਿਸ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਫਰਾਂਸ ਸਰਕਾਰ ਦੇ ਇਸ ਫੈਸਲੇ ਖਿਲਾਫ ਨਾਅਰੇਬਾਜ਼ੀ ਕਰ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਹਥਿਆਰ ਦੇਣ ਨਾਲ ਜੰਗ ਵਧੇਗੀ। ਜੇਕਰ ਸਰਕਾਰ ਮੱਦਦ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਰੂਸ ਨੂੰ ਹਮਲਾ ਕਰਨ ਤੋਂ ਰੋਕਣਾ ਚਾਹੀਦਾ ਹੈ। ਲੋਕਾਂ ਨੇ ਯੂਕਰੇਨ ਦੇ ਸਮਰਥਨ ਵਿੱਚ ਮਾਰਚ ਕੀਤਾ ਅਤੇ ਸ਼ਾਂਤੀ ਦੀ ਮੰਗ ਕੀਤੀ। ਇਸੇ ਤਰ੍ਹਾਂ ਦਾ ਮਾਰਚ ਜਰਮਨੀ ਦੇ ਬਰਲਿਨ ਵਿੱਚ ਵੀ ਕੱਢਿਆ ਗਿਆ। ਉੱਥੇ ਹੀ ਲੋਕਾਂ ਨੇ ਰੂਸ ਨਾਲ ਗੱਲਬਾਤ ਰਾਹੀਂ ਸਮਝੌਤੇ ਦੀ ਮੰਗ ਕੀਤੀ। ਪ੍ਰਦਰਸ਼ਨ ਕਰ ਰਹੇ ਲੋਕਾਂ ਦੇ ਹੱਥਾਂ ਵਿੱਚ ਬੈਨਰ ਸਨ। ਇਸ 'ਤੇ ਲਿਖਿਆ ਸੀ - ਸ਼ਾਂਤੀ ਲਈ , ਨੋ ਟੂ ਥਰਡ ਵਰਲਡ ਵਾਰ। ਲੋਕਾਂ ਦਾ ਕਹਿਣਾ ਹੈ ਕਿ ਰੂਸ ਅਤੇ ਯੂਕਰੇਨ ਵਿਚਾਲੇ ਗੱਲਬਾਤ ਰਾਹੀਂ ਹੱਲ ਲੱਭਿਆ ਜਾਵੇ ਕਿ?ਕਿ ਫਰਾਂਸ ਦੇ ਹਥਿਆਰਾਂ ਕਾਰਨ ਤੀਜੇ ਵਿਸ਼ਵ ਯੁੱਧ ਦਾ ਡਰ ਵਧਦਾ ਜਾ ਰਿਹਾ ਹੈ।

# ਬਿਲਡਿੰਗ ਦੀ ਪੰਜਵੀ ਮੰਜ਼ਿਲ ਉੱਪਰ ਅੱਗ ਲੱਗਣ ਦੇ ਕਾਰਣਾਂ ਦੀ ਜਾਂਚ ਜਾਰੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਟੋਰਾਂਟੋ ਨੇੜਲੇ ਸਕਾਰਬਰੋ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਅੱਗ ਲੱਗਣ ਤੋਂ ਬਾਅਦ ਫਾਇਰ ਅਮਲੇ ਨੂੰ ਸੱਦਿਆ ਗਿਆ। ਟੋਰਾਂਟੋ ਫਾਇਰ ਚੀਫ ਮੈਥੀਊ ਪੈਂਗ ਨੇ ਆਖਿਆ ਕਿ ਇਸ ਇਮਾਰਤ ਵਿੱਚ ਕਈ ਲੋਕ ਰਹਿੰਦੇ ਹਨ ਪਰ ਇਸ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।ਪੈਂਗ ਨੇ ਦੱਸਿਆ ਕਿ ਬਚਾਅ ਕਾਰਜਾਂ ਦੌਰਾਨ ਚਾਰ ਲੋਕਾਂ ਨੂੰ ਬਚਾਇਆ ਗਿਆ। ਇਨ੍ਹਾਂ ਚਾਰਾਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ ਤੇ ਦੋ ਹੋਰਨਾਂ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਹੈ।। ਅੱਗ ਬਿਲਡਿੰਗ ਦੀ ਪੰਜਵੀਂ ਮੰਜ਼ਿਲ ਉੱਤੇ ਲੱਗੀ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।



ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ।ਮਿਲੀ ਜਾਣਕਾਰੀ ਅਨੁਸਾਰ ਕਿੰਗਸਟਨ ਰੋਡ ਉੱਤੇ ਲਾਅਰੈਂਸ ਐਵਨਿਊ ਈਸਟ ਉੱਤੇ ਸਥਿੱਤ ਟੋਰਾਂਟੋ ਕਮਿਊਨਿਟੀ ਹਾਊਸਿੰਗ ਵਿੱਚ ਅੱਗ

# ਤੁਰਕੀ ਵਿੱਚ ਇੱਕ ਵਾਰ ਫਿਰ ਲੱਗੇ ਭੂਚਾਲ ਦੇ ਝਟਕੇ - 1 ਮੌਤ , 69 ਜ਼ਖਮੀਂ

ਐਡਮੰਟਨ(ਪੰਜਾਬੀ ਅਖ਼ਬਾਰ ਬਿਊਰੋ) ਦੱਖਣੀ ਤੁਰਕੀ ਵਿੱਚ ਬੀਤੇ ਸੋਮਵਾਰ ਨੂੰ ਇੱਕ ਵਾਰੀ ਫਿਰ ਭੂਚਾਲ ਨੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਭੂਚਾਲ ਦੀ ਗਤੀ 5·6 ਮਾਪੀ ਗਈ। ਇਸ ਨਾਲ ਪਹਿਲਾਂ ਤੋਂ ਹੀ ਨੁਕਸਾਨੀਆਂ ਗਈਆਂ ਇਮਾਰਤਾਂ ਵਿੱਚੋਂ ਕੁੱਝ ਡਿੱਗ ਗਈਆਂ ਤੇ ਇਸ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਦੇਸ਼ ਦੀ ਡਿਜ਼ਾਜ਼ਸਟਰ ਮੈਨੇਜਮੈਂਟ ਏਜੰਸੀ ਏਐਫਏਡੀ ਨੇ ਦਿੱਤੀ। ਇਸ ਦੌਰਾਨ 69 ਲੋਕ ਜ਼ਖ਼ਮੀ ਵੀ ਹੋਏ। ਇਸ ਭੂਚਾਲ ਦਾ ਕੇਂਦਰ ਮਲਾਤਿਆ ਪ੍ਰਸੂਬੇ ਵਿੱਚ ਯੇਸਿਲਯੁਰਤ ਸ਼ਹਿਰ ਵਿੱਚ ਦੱਸਿਆ ਗਿਆ। ਇੱਥੇ ਦੋ ਦਰਜਨ ਤੋਂ ਵੀ ਵੱਧ ਇਮਾਰਤਾਂ ਢਹਿ ਢੇਰੀ ਹੋਈਆਂ।



ਸ਼ਹਿਰ ਦੇ ਮੇਅਰ ਮਹਿਮਤ ਸਿਨਾਰ ਨੇ ਦੱਸਿਆ ਕਿ ਇੱਕ ਪਿਤਾ ਤੇ ਉਸ ਦੀ ਧੀ ਉਸ ਵਕ਼ਤ ਚਾਰ ਮੰਜ਼ਿਲਾ ਬਿਲਡਿੰਗ ਦੇ ਮਲਬੇ ਹੇਠਾਂ ਦੱਬ ਗਏ ਜਦੋਂ ਇਹ ਦੋਵੇਂ ਨੁਕਸਾਨੀ ਗਈ ਬਿਲਡਿੰਗ ਵਿੱਚ ਆਪਣੀਆਂ ਚੀਜ਼ਾਂ ਲੈਣ ਲਈ ਦਾਖਲ ਹੋਏ ਸਨ। ਇਹ ਵੀ ਪਤਾ ਲੱਗਿਆ ਹੈ ਕਿ ਮਲਾਤਿਆ ਵਿੱਚ ਕੁੱਝ ਪਾਰਕ ਹੋਈਆਂ ਗੱਡੀਆਂ ਦੇ ਉੱਤੇ ਵੀ ਦੋ ਇਮਾਰਤਾਂ ਡਿੱਗ ਗਈਆਂ। ਮਲਾਤਿਆ ਤੁਰਕੀ ਦੇ ਉਨ੍ਹਾਂ 11 ਸੂਬਿਆਂ ਵਿੱਚੋਂ ਇੱਕ ਹੈ ਜਿੱਥੇ 6 ਫਰਵਰੀ ਨੂੰ ਆਏ 7·8 ਗਤੀ ਦੇ ਭੂਚਾਲ ਨਾਲ ਕਾਫੀ ਨੁਕਸਾਨ ਪਹੁੰਚਿਆ ਸੀ। ਵਰਨਣਯੋਗ ਹੈ ਕਿ ਤੁਰਕੀ ਅਤੇ ਸੀਰੀਆ ਵਿੱਚ ਆਏ ਭੁਚਾਲ ਕਾਰਨ 47000 ਤੋਂ ਵੱਧ ਲੋਕ ਮਾਰੇ ਗਏ ਸਨ

# ਕੈਲੀਫੋਰਨੀਆ ਦੇ ਇੰਡੀਅਨ ਵੈਲਜ਼ ਵਿਖੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਸਨਮਾਨ ਹੋਇਆ

ਕੈਲੀਫੋਰਨੀਆਂ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀ ਅਮਰੀਕਾ ਵਿੱਚ ਰਹਿੰਦੇ ਭਾਰਤੀ ਭਾਈਚਾਰੇ ਵੱਲੋਂਅਮਰੀਕਾ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ । ਕੈਲੀਫੋਰਨੀਆ ਦੇ ਇੰਡੀਅਨ ਵੈਲਜ਼ ਵਿਖੇ ਕਰਵਾਏ ਗਏ ਇਸ ਸਮਾਗਮ ਦੇ ਪ੍ਰਬੰਧਕਾਂ ਨਛੱਤਰ ਸਿੰਘ ਚੰਦੀ ਅਤੇ ਸੁਜ਼ੈਨਾ ਚੰਦੀ ਵੱਲੋਂ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿਚ ਅਮਰੀਕਾ ਦੇ ਹਾਉਸ ਸਪੀਕਰ ਕੇਵਿਨ ਮੈਕਾਰਥੀ ਤੋਂ ਇਲਾਵਾ ਵੱਖ ਵੱਖ ਵਪਾਰਕ ਅਦਾਰਿਆਂ ਨਾਲ ਸਬੰਧਤ ਭਾਰਤੀ ਅਮਰੀਕੀਆਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪੰਜਾਬੀਆਂ ਵੱਲੋਂ ਅਮਰੀਕਾ 'ਚ ਕਾਮਯਾਬੀ ਦੇ ਝੰਡੇ ਗੱਡਣ ਅਤੇ ਇਸ ਪਿਛਲੀ ਸਖ਼ਤ ਮਿਹਨਤ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ।

# ਇਟਲੀ ਦੇ ਤੱਟ ਨੇੜੇ ਪ੍ਰਵਾਸੀਆਂ ਨਾਲ ਭਰੀ ਕਿਸ਼ਤੀ ਹਾਦਸਾ ਗ੍ਰਸਤ ਹੋਣ ਕਾਰਨ 60 ਜਣਿਆਂ ਦੀ ਮੌਤ ਅਤੇ ਦਰਜਨਾਂ ਲਾਪਤਾ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੰਗੇ ਭਵਿੱਖ ਦੀ ਆਸ ਲੈ ਕੇ ਲੋਕ ਕਿਸੇ ਵੀ ਢੰਗ ਤਰੀਕੇ ਨਾਲ ਵਿਕਸਤ ਦੇਸ਼ਾਂ ਵੱਲ ਜਾਣਾ ਚਾਹੁੰਦੇ ਹਨ ਅਕਸਰ ਅਜਿਹੀਆਂ ਖਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਕਿ ਗੈਰ ਕਾਨੂੰਨੀ ਢੰਗ ਨਾਲ ਸਮੁੰਦਰੀ ਰਸਤੇ ਰਾਹੀਂ ਗ਼ੈਰ ਕਾਨੂੰਨੀ ਢੰਗ ਨਾਲ ਦੂਜੇ ਦੇਸ਼ਾ ਵੱਲ ਜਾਂਦੇ ਲੋਕ ਰਸਤੇ ਵਿਚ ਹੁੰਦੇ ਹਾਦਸਿਆਂ ਕਾਰਨ ਮਾਰੇ ਜਾਂਦੇ ਹਨ ।ਮਾਲਟਾ ਕਾਂਡ ਅਜੇ ਵੀ ਲੋਕਾਂ ਨੂੰ ਭੁੱਲਿਆ ਨਹੀਂ ਹੈ ਜਿਸ ਵਿੱਚ 283 ਨੌਜਵਾਨਾਂ ਦੀ ਮੌਤ ਹੋਈ ਸੀ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧਤ ਸਨ ਤੇ ਹੁਣ ਫੇਰ ਇਟਲੀ ਦੇ ਕੋਲ ਸਮੁੰਦਰ ਵਿੱਚ ਲਗਭਗ 200 ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਹਾਦਸਾ ਗ੍ਰਸਤ ਹੋ ਗਈ ਜਿਸ ਵਿੱਚ 60 ਜਣਿਆਂ ਦੇ ਮਾਰੇ ਜਾਣ ਦੀ ਸੂਚਨਾ ਹੈ ਅਤੇ ਦਰਜਨਾਂ ਲਾਪਤਾ ਦੱਸੇ ਜਾ ਰਹੇ ਹਨ।

# ਕਰੋਨਾ ਮਹਾਂਮਾਰੀ ਦੌਰਾਨ ਮਿਲੇ ਕਰਜ਼ੇ ਮੋੜਨ ਲਈ ਮਿਆਦ ਵਧਾਉਣ ਦੀ ਮੰਗ ਉੱਠਣ ਲੱਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਮਹਾਮਾਰੀ ਫੈਲਣ ਉਪਰੰਤ ਕੈਨੇਡਾ ਸਰਕਾਰ ਵੱਲੋਂ ਆਮ ਲੋਕਾਂ ਅਤੇ ਵਪਾਰਕ ਅਦਾਰਿਆਂ ਨੂੰ ਵਿੱਤੀ ਮੱਦਦ ਦਿੱਤੀ ਗਈ ਸੀ ਇਸ ਵਿਚ ਛੋਟੇ ਵਪਾਰਕ ਅਦਾਰਿਆਂ ਲਈ ਕੈਨੇਡੀਅਨ ਐਮਰਜੰਸੀ ਬਿਜਨਿਸ ਅਕਾਊਂਟ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਲੱਗਭੱਗ 9 ਲੱਖ ਵਪਾਰਕ ਅਦਾਰਿਆਂ ਨੂੰ ਵੀ ਵਿਆਜ ਰਹਿਤ ਕਰਜ਼ਾ ਦਿੱਤਾ ਗਿਆ ਸੀ ਪਰ ਹੁਣ ਉਹ ਵਪਾਰਕ ਅਦਾਰੇ ਜਿਨ੍ਹਾਂ ਨੇ ਇਹ ਕਰਜ਼ਾ ਲਿਆ ਹੈ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਕਰਜ਼ਾ ਮੋੜਨ ਦੀ ਮਿਆਦ ਵਿੱਚ ਹੋਰ ਵਾਧਾ ਕੀਤਾ ਜਾਵੇ ਕਿਉਂਕਿ ਇਹ ਅਦਾਰੇ ਮਹਾਮਾਰੀ ਦੇ ਦੌਰਾਨ ਹੋਏ ਨੁਕਸਾਨ ਤੋਂ ਪੂਰੀ ਤਰ੍ਹਾਂ ਉੱਭਰੇ ਨਹੀਂ ਹਨ।



# ਕੇਂਦਰ ਨੇ ਉੜੀਸਾ ਤੋਂ ਸਮੁੰਦਰ ਰਾਹੀਂ ਕੋਲਾ ਲਿਆਉਣ ਦੀ ਸ਼ਰਤ ਹਟਾਈ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕੇਂਦਰ ਸਰਕਾਰ ਮਹਾਨਦੀ ਕੋਲਫੀਲਡਜ਼ ਲਿਮਟਿਡ (ਐਮ.ਸੀ.ਐਲ.) ਤੋਂ ਕੋਲੇ ਦੀ ਸਪਲਾਈ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐਸ.ਪੀ.ਐਲ.) ਨੂੰ ਕਰਨ ਵੇਲੇ ਲਾਈ ਲਾਜ਼ਮੀ ਸ਼ਰਤ ਰੇਲ-ਸਮੁੰਦਰ-ਰੇਲ (ਆਰ.ਐਸ.ਆਰ.) ਵਿੱਚ ਛੋਟ ਦੇਣ ਲਈ ਸਹਿਮਤ ਹੋ ਗਈ ਹੈ। ਭਗਵੰਤ ਮਾਨ ਨੇ 9 ਦਸੰਬਰ 2022 ਨੂੰ ਬਿਜਲੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਇਹ ਮੁੱਦਾ ਚੁੱਕਿਆ ਸੀ ਅਤੇ ਇਸ ਸਬੰਧੀ ਪੱਤਰ ਵੀ ਲਿਖਿਆ ਸੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਕੋਈ ਰੂਟ ਜਾਂ ਬੰਦਰਗਾਹ ਤੈਅ ਨਹੀਂ ਕੀਤੀ ਤੇ ਢੋਆ-ਢੁਆਈ ਦੀ ਸਮੁੱਚੀ ਜ਼ਿੰਮੇਵਾਰੀ ਸੂਬਿਆਂ/ਉਤਪਾਦਕਾਂ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਐਮ.ਸੀ.ਐਲ. ਤੋਂ ਪੰਜਾਬ ਨੂੰ ਵਾਧੂ ਕੋਲਾ ਅਲਾਟ ਹੋ ਸਕਦਾ ਹੈ ਅਤੇ ਜੇ ਪੰਜਾਬ ਕਿਸੇ ਹੋਰ ਤਰੀਕੇ ਨਾਲ ਢੋਆ-ਢੁਆਈ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੋਵੇਗੀ।

ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਆਰ.ਕੇ. ਸਿੰਘ ਨੂੰ ਅਪੀਲ ਕੀਤੀ ਕਿ ਪਛਵਾੜਾ ਖਾਣ ਤੋਂ ਕੋਲਾ, ਕੇਸ-2 ਇੰਡੀਪੈਂਡੈਂਟ ਪਾਵਰ ਪ੍ਰੋਡਿਊਸਰਜ਼ (ਆਈ.ਪੀ.ਪੀਜ਼) ਨੂੰ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅਲਾਟ ਹੋਈ ਪਛਵਾੜਾ (ਸੈਂਟਰਲ) ਕੋਲਾ ਖਾਣ ਦਾ ਕੋਲਾ ਕੇਸ 2 ਇੰਡੀਪੈਂਡੈਂਟ ਪਾਵਰ ਪ੍ਰੋਡਿਊਸਰਾਂ ਨੂੰ ਤਬਦੀਲ ਕਰਨ ਦਾ ਮਾਮਲਾ ਇਸ ਸਮੇਂ ਕੋਲਾ ਮੰਤਰੀ ਕੋਲ ਪੈਂਡਿੰਗ ਹੈ। ਬਿਜਲੀ ਮੰਤਰਾਲੇ ਨੇ ਇਹ ਕੇਸ ਕੋਲਾ ਮੰਤਰਾਲੇ ਨੂੰ ਤੇ ਕੋਲਾ ਮੰਤਰਾਲੇ ਨੇ ਕਾਨੂੰਨੀ ਪੱਖਾਂ ਦੀ ਘੋਖ ਲਈ ਇਹ ਕੇਸ ਕਾਨੂੰਨ ਮੰਤਰਾਲੇ ਨੂੰ ਭੇਜਿਆ ਹੈ। ਉਨ੍ਹਾਂ ਕੇਂਦਰੀ ਬਿਜਲੀ ਮੰਤਰੀ ਤੋਂ ਦਖ਼ਲ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਉਹ ਸੋਲਰ ਐਨਰਜੀ ਕਾਰਪੋਰੇਸ਼ਨ ਆਫ਼ ਇੰਡੀਆ (ਐਸ.ਈ.ਸੀ.ਆਈ.) ਨੂੰ ਸੂਬੇ ਲਈ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਨਿਰੰਤਰ ਤੌਰ ਉਤੇ ਨਵਿਆਉਣਯੋਗ ਊਰਜਾ ਮਾਧਿਅਮ (ਆਰ.ਈ.-ਆਰ.ਟੀ.ਸੀ.) ਤੋਂ ਖਰੀਦਣ ਲਈ ਕਿਹਾ ਜਾਵੇ। ਪੰਜਾਬ ਤੇ ਮੱਧ ਪ੍ਰਦੇਸ਼ ਦੀ ਬਿਜਲੀ ਮੰਗ ਵਿੱਚ ਇਕ-ਦੂਜੇ ਦੇ ਪੂਰਕ ਹਨ ਅਤੇ ਐਸ.ਈ.ਸੀ.ਆਈ. ਇਸ ਸਾਂਝੀ ਤਜਵੀਜ਼ ਉਤੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੋਲੀ ਲਈ ਕਿਸੇ ਇਕਰੂਪ ਦਸਤਾਵੇਜ਼ ਨੂੰ ਅੰਤਮ ਰੂਪ ਨਾ ਮਿਲਣ ਕਾਰਨ ਐਸ.ਈ.ਸੀ.ਆਈ. ਇਸ ਸਬੰਧੀ ਅੱਗੇ ਕੋਈ ਕਾਰਵਾਈ ਕਰਨ ਦੇ ਯੋਗ ਨਹੀਂ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਕਾਰਨ ਇਹ ਮਸਲਾ ਲਟਕ ਰਿਹਾ ਹੈ। ਉਨ੍ਹਾਂ ਕੇਂਦਰੀ ਮੰਤਰੀ ਨੂੰ ਦਖ਼ਲ ਦੇਣ ਦੀ ਬੇਨਤੀ ਕੀਤੀ ਤਾਂ ਕਿ ਮੰਤਰਾਲਾ ਇਸ ਮੁੱਦੇ ਨੂੰ ਛੇਤੀ ਅੰਤਮ ਰੂਪ ਦੇ ਸਕੇ ਅਤੇ ਐਸ.ਈ.ਸੀ.ਆਈ. ਸੂਬੇ ਲਈ ਆਰ.ਈ.-ਆਰ.ਟੀ.ਸੀ. ਬਿਜਲੀ ਦੀ ਖ਼ਰੀਦ ਲਈ ਕਦਮ ਚੁੱਕ ਸਕੇਗਾ।

# ਐਗਜ਼ਿਟ ਪੋਲ: ਤ੍ਰਿਪੁਰਾ ਤੇ ਨਾਗਾਲੈਂਡ 'ਚ ਮੁੜ ਭਾਜਪਾ ਗੱਠਜੋੜ ਦੀਆਂ ਸਰਕਾਰਾਂ ਬਣਨ ਦੀ ਪੇਸ਼ੀਨਗੋਈ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਮੇਘਾਲਿਆ ਤੇ ਨਾਗਾਲੈਂਡ ਵਿੱਚ ਅੱਜ ਅਸੈਂਬਲੀ ਚੋਣਾਂ ਦਾ ਅਮਲ ਮੁਕੰਮਲ ਹੋਣ ਮਗਰੋਂ ਜਾਰੀ ਚੋਣ ਸਰਵੇਖਣਾਂ ਵਿੱਚ ਤ੍ਰਿਪੁਰਾ ਤੇ ਨਾਗਾਲੈਂਡ ਵਿੱਚ ਮੁੜ ਭਾਜਪਾ ਗੱਠਜੋੜ ਦੀ ਸਰਕਾਰ ਬਣਨ ਦਾ ਦਾਅਵਾ ਕੀਤਾ ਗਿਆ ਹੈ ਜਦੋਂਕਿ ਮੇਘਾਲਿਆ ਵਿੱਚ ਚਹੁੰ-ਕੋਣੀ ਮੁਕਾਬਲੇ ਦੀ ਪੇਸ਼ੀਨਗੋਈ ਕੀਤੀ ਗਈ ਹੈ। ਨਾਗਾਲੈਂਡ ਵਿੱਚ ਭਾਜਪਾ ਤੇ ਐੱਨਡੀਪੀਪੀ ਗੱਠਜੋੜ ਨੂੰ 60 ਮੈਂਬਰੀ ਸੂਬਾਈ ਅਸੈਂਬਲੀ ਵਿੱਚ 35 ਤੋਂ 49 ਸੀਟਾਂ ਨਾਲ ਸਪਸ਼ਟ ਬਹੁਮਤ ਮਿਲਦਾ ਵਿਖਾਇਆ ਗਿਆ ਹੈ। ਉੱਤਰ ਪੂਰਬ ਦੇ ਇਨ੍ਹਾਂ ਰਾਜਾਂ ਵਿੱਚ ਵੋਟਾਂ ਦੀ ਗਿਣਤੀ 2 ਮਾਰਚ ਨੂੰ ਹੋਣੀ ਹੈ।

| ਤ੍ਰਿਪੁਰਾ/60 ਸੀਟਾਂ ਬਹੁਮਤ: 31 | ਭਾਜਪਾ + | ਕਾਂਗਰਸ | ਖੱਬੇ ਪੱਖੀ | ਟਿਪਰਾ | ਹੋਰ |
|---|---|---|---|---|---|
| ਇੰਡੀਆ ਟੂਡੇ ਐਕਸਿਸ ਮਾਈ ਇੰਡੀਆ | 36-45 | 0 | 6-11 | 9-16 | 0 |
| ਜਨ ਕੀ ਬਾਤ | 29-40 | 0 | 9-16 | 10-14 | 0-1 |
| ਟਾਈਮਜ਼ ਨਾਓ ਈਟੀਜੀ ਰਿਸਰਚ | 21-27 | 0 | 18-24 | 12-17 | 1-2 |
| ਜ਼ੀ ਨਿਊਜ਼-ਮੈਟਰਿਜ਼ | 29-36 | 0 | 13-21 | 11-16 | 0-3 |

ਮੇਘਾਲਿਆ ਵਿੱਚ ਮੈਟਰਾਈਜ ਐਗਜ਼ਿਟ ਪੋਲ ਵਿੱਚ ਐੱਨਪੀਪੀ ਨੂੰ 21 ਤੋਂ 26 ਸੀਟਾਂ, ਭਾਜਪਾ ਨੂੰ 6-11, ਤ੍ਰਿਣਮੂਲ ਕਾਂਗਰਸ 8-13, ਕਾਂਗਰਸ ਨੂੰ 3 ਤੋਂ 6 ਅਤੇ ਹੋਰਨਾਂ ਨੂੰ 10 ਤੋਂ 19 ਸੀਟਾਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਇੰਡੀਆ ਟੂਡੇ ਐਕਸਿਸ ਮਾਈ ਇੰਡੀਆ ਨੇ ਭਾਜਪਾ ਨੂੰ 4-8, ਕਾਂਗਰਸ ਨੂੰ 6-12, ਐੱਨਪੀਪੀ 18-24, ਟੀਐੱਮਸੀ 5-9 ਤੇ ਹੋਰਾਂ ਨੂੰ 12 ਤੋਂ 20 ਸੀਟਾਂ ਮਿਲਦੀਆਂ ਵਿਖਾਈਆਂ ਹਨ। ਪਿਛਲੀਆਂ ਅਸੈਂਬਲੀ ਚੋਣਾਂ ਵਿੱਚ 21 ਸੀਟਾਂ ਨਾਲ ਕਾਂਗਰਸ ਮੇਘਾਲਿਆ ਵਿੱਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਸੀ। ਹਾਲਾਂਕਿ ਕੋਨਰਾਡ ਸੰਗਮਾ ਦੀ ਅਗਵਾਈ ਵਾਲੀ ਨੈਸ਼ਨਲ ਪੀਪਲਜ ਪਾਰਟੀ 20 ਸੀਟਾਂ ਜਿੱਤਣ ਮਗਰੋਂ ਭਾਜਪਾ ਨਾਲ ਗੱਠਜੋੜ ਸਰਕਾਰ ਬਣਾਉਣ ਵਿੱਚ ਸਫਲ ਰਹੀ ਸੀ। ਹਾਲਾਂਕਿ ਐਤਕੀਂ ਕਾਂਗਰਸ, ਭਾਜਪਾ, ਐੱਨਪੀਪੀ ਤੇ ਤ੍ਰਿਣਮੂਲ ਕਾਂਗਰਸ ਨੇ ਆਪੋ ਆਪਣੇ ਦਮ 'ਤੇ ਸਰਕਾਰ ਬਣਾਉਣ ਦਾ ਦਾਅਵਾ ਕੀਤਾ ਸੀ। ਉਧਰ ਨਾਗਾਲੈਂਡ ਵਿੱਚ ਜੀ ਨਿਊਜ ਮੈਟਰਿਜ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਤੇ ਐੱਨਡੀਪੀਪੀ ਨੂੰ 35-23, ਕਾਂਗਰਸ 1-3, ਐੱਨਪੀਐੱਫ 2-5, ਐੱਨਪੀਪੀ 1 ਤੇ ਹੋਰਨਾਂ 6-11 ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਇੰਡੀਆ ਟੂਡੇ ਐਕਸਿਸ ਮਾਈ ਇੰਡੀਆ ਨੇ ਭਾਜਪਾ ਤੇ ਐੱਨਡੀਪੀਪੀ ਨੂੰ 38 ਤੋਂ 48, ਕਾਂਗਰਸ 1-2, ਐੱਨਪੀਐੱਫ 3-8 ਤੇ ਹੋਰਾਂ ਨੂੰ 5-15 ਸੀਟਾਂ ਦਿੱਤੀਆਂ ਹਨ। ਤ੍ਰਿਪੁਰਾ ਵਿੱਚ ਲਗਪਗ ਸਾਰੇ ਚੋਣ ਸਰਵੇਖਣਾਂ ਵਿੱਚ ਭਾਜਪਾ ਗੱਠਜੋੜ ਵੱਲੋਂ ਮੁੜ ਸਰਕਾਰ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ।

# ਪੰਜਾਬ ਸਰਕਾਰ ਪੰਜਾਬ ਵਿੱਚ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ : ਡਾ. ਬਲਬੀਰ ਸਿੰਘ



ਚੰਡੀਗੜ੍ਹ/ਐਸ.ਏ.ਐਸ.ਨਗਰ (ਪੰਜਾਬੀ ਅਖਬਾਰ ਬਿਊਰੋ)- ਐਚ.ਆਈ.ਵੀ./ਏਡਜ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਸੰਕਰਮਿਤ ਲੋਕਾਂ ਨੂੰ ਢੁਕਵਾਂ ਇਲਾਜ ਮੁਹੱਈਆ ਕਰਵਾਉਣ ਦੇ ਉਦੇਸ ਨਾਲ ਪੰਜਾਬ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਾ.ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਫੇਜ-6, ਮੋਹਾਲੀ ਤੋਂ 11 ਜਾਗਰੂਕਤਾ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੰਜਾਬ ਸਟੇਟ ਏਡਜ ਕੰਟਰੋਲ ਸੋਸਾਇਟੀ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਇੱਕ ਮਹੀਨਾ ਚੱਲਣ ਵਾਲੀ ਇਸ ਐਚ.ਆਈ.ਵੀ./ਏਡਜ ਜਨ ਜਾਗਰੂਕਤਾ ਮੁਹਿੰਮ ਦੀ ਸੁਰੂਆਤ ਕੀਤੀ ਗਈ।

ਇਹਨਾਂ ਆਈ.ਈ.ਸੀ. (ਸੂਚਨਾ, ਸਿੱਖਿਆ ਅਤੇ ਸੰਚਾਰ) ਜਾਗਰੂਕਤਾ ਵੈਨਾਂ ਜ਼ਰੀਏ ਲੋਕਾਂ ਨੂੰ ਐਲ.ਈ.ਡੀ. ਨਾਲ ਲੈਸ ਆਡੀਓ- ਵਿਜੂਅਲ ਜਾਗਰੂਕਤਾ ਫਿਲਮਾਂ ਪ੍ਰਦਰਸ਼ਿਤ ਕਰਨ ਦੇ ਨਾਲ-ਨਾਲ ਪ੍ਰਿੰਟ ਸਮੱਗਰੀ ਵੀ ਵੰਡੀ ਜਾਵੇਗੀ। ਇਨ੍ਹਾਂ ਵੈਨਾਂ ਨਾਲ ਲੈਬ ਟੈਕਨੀਸੀਅਨ ਅਤੇ ਕਾਉਂਸਲਰ ਵਿਸੇਸ ਤੌਰ 'ਤੇ ਤਾਇਨਾਤ ਕੀਤੇ ਗਏ ਹਨ, ਜੋ ਘਰ-ਘਰ ਜਾ ਕੇ ਲੋਕਾਂ ਦਾ ਮੁਫਤ ਐੱਚਆਈਵੀ/ਏਡਜ ਟੈਸਟ ਕਰਨਗੇ।

ਹੋਰ ਜਾਣਕਾਰੀ ਦਿੰਦਿਆਂ ਬਲਬੀਰ ਸਿੰਘ ਨੇ ਦੱਸਿਆ ਕਿ ਇਹ 11 ਵਿਸੇਸ ਜਾਗਰੂਕਤਾ ਵੈਨਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਇਸ ਮਾਰੂ ਬਿਮਾਰੀ ਬਾਰੇ ਜਾਗਰੂਕ ਕਰਨਗੀਆਂ ਕਿਉਂਕਿ ਇਸ ਦੀ ਰੋਕਥਾਮਯੋਗ ਤਾਂ ਕੀਤੀ ਜਾ ਸਕਦੀ ਹੈ ਪਰ ਇਸ ਦਾ ਇਲਾਜ ਸੰਭਵ ਨਹੀਂ ਹੈ। ਹਰੇਕ ਵੈਨ ਰੋਜਾਨਾ 4-5 ਪਿੰਡਾਂ ਨੂੰ ਕਵਰ ਕਰੇਗੀ ਅਤੇ ਇਹ ਵੈਨਾਂ ਇੱਕ ਮਹੀਨੇ ਵਿੱਚ 1650 ਪਿੰਡਾਂ ਨੂੰ ਕਵਰ ਕਰਨਗੀਆਂ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਨ ਲਈ ਟੈਸਟ ਕਰਵਾਉਣ, ਆਡੀਓ-ਵਿਜੂਅਲ ਜਾਗਰੂਕਤਾ ਫਿਲਮਾਂ ਦਿਖਾਉਣ ਅਤੇ ਪ੍ਰਿੰਟਿਡ ਸਮੱਗਰੀ ਵੰਡਣ ਤੋਂ ਇਲਾਵਾ ਥੀਏਟਰ ਕਲਾਕਾਰ ਪਿੰਡਾਂ ਵਿੱਚ ਨੁੱਕੜ ਨਾਟਕ ਵੀ ਪੇਸ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਜਾਗਰੂਕ ਰਹਿ ਕੇ ਅਤੇ ਕੁਝ ਸਾਵਧਾਨੀਆਂ ਵਰਤ ਕੇ ਐੱਚ.ਆਈ.ਵੀ./ਏਡਜ ਤੋਂ ਬਚਿਆ ਜਾ ਸਕਦਾ ਹੈ ਅਤੇ ਜਾਣਕਾਰੀ ਦੀ ਘਾਟ ਕਾਰਨ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਵੈਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਐੱਚ.ਆਈ.ਵੀ. ਬਾਰੇ ਪਤਾ ਲਗਾਉਣ ਲਈ ਆਪਣਾ ਟੈਸਟ ਕਰਵਾਉਣ।

# ਮਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਖਿਲਾਫ 'ਆਪ' ਆਗੂਆਂ ਨੇ ਭਾਜਪਾ ਦਫਤਰ ਅੱਗੇ ਕੀਤਾ ਜ਼ੋਰਦਾਰ ਵਿਰੋਧ ਪ੍ਰਦਰਸ਼ਨ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਿੱਖਿਆ ਮੰਤਰੀ ਮਨੀਸ ਸਿਸੋਦੀਆ ਦੀ ਗ੍ਰਿਫਤਾਰੀ ਦੇ ਖਿਲਾਫ 'ਆਪ' ਆਗੂਆਂ ਨੇ ਸੋਮਵਾਰ ਨੂੰ ਚੰਡੀਗੜ੍ਹ 'ਚ ਭਾਜਪਾ ਦਫਤਰ ਸਾਹਮਣੇ ਧਰਨਾ ਪ੍ਰਦਰਸਨ ਕੀਤਾ। ਧਰਨੇ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਨਮੋਲ ਗਗਨ ਮਾਨ, ਲਾਲਚੰਦ ਕਟਾਰੂਚੱਕ, ਬ੍ਰਹਮ ਸੰਕਰ ਜਿੰਪਾ, ਡਾ: ਬਲਬੀਰ ਸਿੰਘ, ਹਰਜੋਤ ਬੈਂਸ, ਹਰਭਜਨ ਸਿੰਘ ਈਟੀਓ, ਲਾਲਜੀਤ ਸਿੰਘ ਭੁਲੱਰ, ਚੇਤਨ ਸਿੰਘ ਜੌੜੇਮਾਜਰਾ, ਡਾ. ਇੰਦਰਬੀਰ ਸਿੰਘ ਨਿੱਝਰ ਅਤੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਸਮੇਤ ਸੈਂਕੜੇ 'ਆਪ' ਆਗੂ ਤੇ ਵਰਕਰ ਮੌਜੂਦ ਸਨ। 'ਆਪ' ਆਗੂਆਂ ਨੇ ਮਨੀਸ ਸਿਸੋਦੀਆ ਦੀ ਗ੍ਰਿਫਤਾਰੀ 'ਤੇ ਨਾਰਾਜਗੀ ਜਾਹਰ ਕੀਤੀ ਅਤੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ ਨਾਅਰੇਬਾਜੀ ਕੀਤੀ। 'ਆਪ' ਆਗੂਆਂ ਨੇ ਨਾਅਰਿਆਂ ਰਾਹੀਂ ਸਿਸੋਦੀਆ ਦੀ ਗ੍ਰਿਫਤਾਰੀ ਨੂੰ ਤਾਨਾਸਾਹੀ ਫੈਸਲਾ ਦੱਸਿਆ ਅਤੇ ਅਜਿਹੀ ਕਾਰਵਾਈ ਨੂੰ ਲੋਕਤੰਤਰ ਲਈ ਖਤਰਾ ਦੱਸਿਆ।

ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਸਰਕਾਰ ਵਿਰੋਧੀ ਧਿਰ ਦੀ ਆਵਾਜ ਨੂੰ ਦਬਾਉਣ ਲਈ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਕਰ ਰਹੀ ਹੈ। ਭਾਜਪਾ ਆਮ ਆਦਮੀ ਪਾਰਟੀ ਤੋਂ ਡਰਦੀ ਹੈ, ਇਸੇ ਲਈ ਆਪ ਨੇਤਾਵਾਂ 'ਤੇ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਡੱਕ ਰਹੀ ਹੈ। ਦਿੱਲੀ ਦੇ ਸਿੱਖਿਆ ਮੰਤਰੀ ਵਜੋਂ ਮਨੀਸ ਸਿਸੋਦੀਆ ਨੇ ਗਰੀਬ ਬੱਚਿਆਂ ਲਈ ਚੰਗੀ ਸਿੱਖਿਆ ਦਾ ਪ੍ਰਬੰਧ ਕੀਤਾ। ਅੱਜ ਦਿੱਲੀ ਵਿੱਚ ਸਰਕਾਰੀ ਸਕੂਲਾਂ ਵਿੱਚ ਅਮੀਰ ਅਤੇ ਗਰੀਬ ਦੋਨਾਂ ਦੇ ਬੱਚੇ ਇਕੱਠੇ ਪੜ੍ਹ ਰਹੇ ਹਨ। ਮਨੀਸ ਸਿਸੋਦੀਆ ਨੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਈ ਦਿੱਲੀ ਵਿੱਚ ਸਕੂਲ ਆਫ ਐਮੀਨੈਂਸ ਬਣਵਾਏ। ਅੱਜ ਦਿੱਲੀ ਦੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਕੇ ਆਈਆਈਟੀ ਅਤੇ ਏਮਜ ਵਿੱਚ ਜਾ ਰਹੇ ਹਨ। ਦਿੱਲੀ ਵਿੱਚ ਸਿੱਖਿਆ ਕ੍ਰਾਂਤੀ ਤੋਂ ਡਰਦਿਆਂ ਭਾਜਪਾ ਨੇ ਮਨੀਸ ਸਿਸੋਦੀਆ ਨੂੰ ਝੂਠੇ ਦੋਸਾਂ ਵਿੱਚ ਗ੍ਰਿਫਤਾਰ ਕਰ ਲਿਆ ਹੈ।

ਉਨ੍ਹਾਂ ਕਿਹਾ ਕਿ ਈਡੀ ਨੇ ਕਈ ਵਾਰ ਮਨੀਸ ਸਿਸੋਦੀਆ ਦੇ ਘਰ ਛਾਪੇਮਾਰੀ ਕੀਤੀ ਅਤੇ ਬੈਂਕ ਖਾਤਿਆਂ ਦੀ ਤਲਾਸੀ ਲਈ, ਪਰ ਕੁਝ ਨਹੀਂ ਮਿਲਿਆ।



# ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਵਾਇਸ ਆਫ ਮਾਨਸਾ ਵੱਲੋਂ ਕੱਢਿਆ ਚੇਤਨਾ ਮਾਰਚ ਮਾਰਚ, ਧਾਰਮਿਕ ਇੱਕਜੁਟਤਾ ਨਾਲ ਮਾਂ ਬੋਲੀ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਦਾ ਸੁਨੇਹਾ ਦੇ ਗਿਆ

## ਅੰਤਰਰਾਸ਼ਟਰੀ ਪੱਧਰ ਦੀਆਂ ਸਖਸ਼ੀਅਤਾਂ ਸ਼ਾਮਿਲ ਹੋਈਆਂ




ਮਾਨਸਾ (ਪੰਜਾਬੀ ਅਖ਼ਬਾਰ ਬਿਊਰੋ ) ਵਾਇਸ ਆਫ ਮਾਨਸਾ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਮੌਕੇ ਲੋਕਾਂ ਨੂੰ ਜਾਗਰਿਤ ਕਰਨ ਲਈ ਸ਼ਹਿਰ ਦੀ ਦਾਣਾ ਮੰਡੀ ਤੋਂ ਸ਼ੁਰੂ ਕਰਕੇ ਸਾਰੇ ਬਾਜ਼ਾਰ ਵਿੱਚੋਂ ਦੀ ਹੁੰਦੇ ਹੋਏ ਬੱਸ ਸਟੈਂਡ ਤੱਕ ਕੱਢਿਆ ਗਿਆ ਚੇਤਨਾ ਮਾਰਚ ਵੱਖ ਵੱਖ ਧਰਮਾਂ ਫਿਰਕਿਆਂ ਦੀ ਸ਼ਮੂਲੀਅਤ ਨਾਲ ਧਾਰਮਿਕ ਇਕਜੁੱਟਤਾ ਦਾ ਸੁਨੇਹਾ ਦਿੰਦਾ ਹੋਇਆ, ਮਾਂ ਬੋਲੀ ਪ੍ਰਤੀ ਲੋਕਾਂ ਦੀ ਚੇਤਨਾ ਜਗਾਉਣ ਵਿਚ ਕਾਮਯਾਬ ਰਿਹਾ। ਕਨੇਡਾ ਤੋਂ ਛਪਦੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ, ਮੁਸਲਿਮ ਫਰੰਟ ਦੇ ਹੰਸਰਾਜ ਮੋਫਰ, ਸਨਾਤਨ ਧਰਮ ਸਭਾ ਦੇ ਪ੍ਰਧਾਨ , ਰਾਧੇ ਰਾਧੇ ਕੀਰਤਨ ਮੰਡਲੀ ਦੇ ਮੈਡਮ ਅਨਾਮਿਕਾ, ਐਸ ਡੀ ਕਾਲਜ ਮਾਨਸਾ ਦੀ ਪ੍ਰਿੰਸੀਪਲ ਮਧੂ ਸ਼ਰਮਾ, ਸੋਸ਼ਲਿਸਟ ਪਾਰਟੀ ਦੇ ਹਰਿੰਦਰ ਮਾਨਸ਼ਾਹੀਆ ਅਤੇ ਵਾਇਸ ਆਫ ਮਾਨਸਾ ਦੇ ਪ੍ਰਧਾਨ ਡਾ: ਜਨਕ ਰਾਜ ਸਿੰਗਲਾ ਵੱਲੋਂ ਮਸ਼ਾਲਾਂ ਜਗਾ ਕੇ ਇਸ ਮਾਰਚ ਦੀ ਸ਼ੁਰੂਆਤ ਕੀਤੀ ਗਈ।

ਮਾਨਸਾ ਇਲਾਕੇ ਦਾ ਪੰਜਾਬੀ ਸੰਗੀਤ ਜਗਤ ਵਿੱਚ ਵੱਡਾ ਨਾਮ ਕਰਨ ਵਾਲੇ ਅਸ਼ੋਕ ਬਾਂਸਲ ਮਾਨਸਾ ਨੇ ਸਕੂਲਾਂ ਵਿੱਚ ਪੰਜਾਬੀ ਨੂੰ ਸਕੂਲਾਂ ਵਿੱਚ ਲਾਜ਼ਮੀ ਤੌਰ ਤੇ ਲਾਗੂ ਕੀਤੇ ਜਾਣ ਲਈ ਸਰਕਾਰ ਨੂੰ ਅਪੀਲ ਕੀਤੀ। ਪ੍ਰਵਾਸੀ ਪੰਜਾਬੀ ਹਰਬੰਸ ਬੁੱਟਰ ਨੇ ਕਿਹਾ ਕਿ ਪੰਜਾਬ ਵਿੱਚ ਸਰਵ ਧਰਮ ਦੇ ਲੋਕਾਂ ਵੱਲੋਂ ਪੰਜਾਬੀ ਲਈ ਸੜਕਾਂ ਤੇ ਉਤਰਨਾ ਆਪਣੇ ਆਪ ਵਿੱਚ ਮਾਂ ਬੋਲੀ ਦੇ ਵਿਕਾਸ ਲਈ ਵੱਡਾ ਇਤਿਹਾਸਿਕ ਕਦਮ ਹੈ ਅਤੇ ਸਮੂਹ ਮਾਨਸਾ ਵਾਸੀ ਇਸ ਲਈ ਵਧਾਈ ਦੇ ਪਾਤਰ ਹਨ। ਉਹਨਾਂ ਇਸ ਗੱਲ ਉੱਪਰ ਵੀ ਜ਼ੋਰ ਦਿੱਤਾ ਕਿ ਜਦੋਂ ਵੀ ਤੁਸੀਂ ਕਿਸੇ ਦੁਕਾਨ ਜਾਂ ਕਿਸੇ ਅਦਾਰੇ ਕੋਲ ਜਾਂਦੇ ਹੋ ਤਾਂ ਆਪਣੀ ਗੱਲਬਾਤ ਪੰਜਾਬੀ ਜ਼ੁਬਾਨ ਵਿੱਚ ਹੀ ਕਰਨ ਦੀ ਕੋਸ਼ਿਸ਼ ਕਰਿਆ ਕਰੋ। ਫ਼ੇਕਰ ਉਹਨਾਂ ਨੇ ਹਾਲੇ ਤੱਕ ਆਪਣਾ ਕੰਮਕਾਜ ਜਾਂ ਦੁਕਾਨ ਦੇ ਬੋਰਡ ਪੰਜਾਬੀ ਵਿੱਚ ਨਹੀਂ ਲਿਖੇ ਤਾਂ ਇੱਕ ਬਾਰ ਜਰੂਰ ਉਹਨਾਂ ਨੂੰ ਸੁਆਲ ਕਰਿਆ ਕਰੋ ਕਿ ਇਹ ਕਿਉਂ ਨਹੀਂ ਲਿਖਿਆ।



ਡਾ ਜਨਕ ਰਾਜ ਸਿੰਗਲਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿਹਾ ਜਿੱਥੇ ਹੋਰ ਭਾਸ਼ਾਵਾਂ ਸਿੱਖਣ ਦੀ ਜ਼ਰੂਰਤ ਪੈਂਦੀ ਹੈ ਉੱਥੇ ਨਾਲ ਹੀ ਮਾਂ ਬੋਲੀ ਦੀ ਅਹਿਮੀਅਤ ਨੂੰ ਵੀ ਨਾ ਵਸਾਰਿਆ ਜਾਵੇ। ਜਿੰਨਾ ਵਿਕਾਸ ਮਨੁੱਖ ਮਾਤ ਭਾਸ਼ਾ ਵਿੱਚ ਕਰ ਸਕਦਾ ਹੈ ਐਨਾ ਕਿਸੇ ਹੋਰ ਭਾਸ਼ਾ ਵਿੱਚ ਨਹੀਂ ਕਰ ਸਕਦਾ। ਉਹਨਾਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦਿਆਂ ਕਿਹਾ ਕਿ ਸਾਨੂੰ ਮਾਣ ਹੈ ਕਿ ਪੰਜਾਬੀ ਮਾਂ ਬੋਲੀ ਵਿਦੇਸ਼ਾਂ 'ਚ ਵੀ ਬਹੁਤ ਮਾਣ ਸਤਿਕਾਰ ਬਟੋਰ ਰਹੀ ਹੈ ਤੇ ਪੂਰੀ ਦੁਨੀਆਂ ਇਸਦੇ ਸੰਗੀਤ ਦਾ ਆਨੰਦ ਮਾਣਦੀ ਹੈ।

ਮਾਰਚ ਦੀ ਸ਼ੁਰੂਆਤ ਮੌਕੇ ਐਸ ਡੀ ਕਾਲਜ ਮਾਨਸਾ ਦੀ ਵਿਦਿਆਰਥਣ ਤਮੰਨਾ ਨੇ ਪੰਜਾਬੀ ਮਾਂ ਬੋਲੀ ਬਾਰੇ ਆਪਣੀ ਕਵਿਤਾ ਸੁਣਾਈ ਤੇ ਉਹਨਾਂ ਨਾਲ ਐਨ ਸੀ ਸੀ ਦੀਆਂ ਵਲੰਟੀਅਰਾਂ ਨੇ ਪੰਜਾਬੀ ਮਾਂ ਬੋਲੀ ਦੀ ਸ਼ਾਨ ਵਿੱਚ ਨਾਅਰੇ ਲਗਾ ਕੇ ਚੇਤਨਾ ਮਾਰਚ ਵਿੱਚ ਸਾਮਿਲ ਲੋਕਾਂ ਦੇ ਮਨਾਂ ਵਿੱਚ ਨਵਾਂ ਜੋਸ਼ ਭਰ ਦਿੱਤਾ। ਸਨਾਵਰ ਸਕੂਲ ਭੋਪਾਲ, ਐਮ ਬੀ ਇੰਟਰਨੈਸ਼ਨਲ ਸਕੂਲ ਰੱਲਾ, ਸਰਵਹਿੱਤਕਾਰੀ ਵਿਦਿਆ ਭਾਰਤੀ ਸਕੂਲ ਮਾਨਸਾ ਦੇ ਬੱਚੇ ਰਿਵਾਇਤੀ ਪਹਿਰਾਵਿਆਂ ਦੇ ਨਾਲ ਨਾਲ ਗਿੱਧੇ ਭੰਗੜੇ ਦੀਆਂ ਵੱਖ ਵੱਖ ਵੰਨਗੀਆਂ ਸਾਰੇ ਰਾਹ ਪੇਸ਼ ਕਰਦੇ ਹੋਏ ਇਸ ਮਾਰਚ ਨੂੰ ਚਾਰ ਚੰਨ ਲਗਾਉਦੇ ਨਜ਼ਰ ਆਏ। ਇਸ ਮੌਕੇ ਅਕਲੀਆ ਪਿੰਡ ਦੇ ਮਦਰੱਸੇ ਤੋਂ ਆਏ ਮੁਸਲਿਮ ਬੱਚਿਆਂ ਦੀ ਟੋਲੀ ਵੱਲੋਂ ਪੰਜਾਬੀ ਮਾਂ ਬੋਲੀ ਬਾਰੇ ਚੁੱਕੀਆਂ ਤਖਤੀਆਂ ਨਾਲ ਮਾਂ ਬੋਲੀ ਪ੍ਰਤੀ ਸਭ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਕਨੇਡਾ ਤੋਂ ਆਏ ਪ੍ਰਵਾਸੀ ਪੰਜਾਬੀ ਅਤੇ ਉੱਥੋਂ ਛਪਦੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਸ: ਹਰਬੰਸ ਬੁੱਟਰ ਉੱਪਰ ਊੜਾ ਐੜਾ ਵਾਲੀ ਪੰਜਾਬੀ ਪੈਂਤੀ ਦੀ ਕਢਾਈ ਵਾਲੀ ਲੋਈ ਜੋ ਕਿ ਵਿਰਾਸਤੀ ਆਰਟ ਪਿੰਡ ਕੁਸਲਾ ਵਾਲੇ ਰਮਨਦੀਪ ਵੱਲੋਂ ਵਿਸ਼ੇਸ ਤੌਰ ਤੇ ਤਿਆਰ ਕੀਤੀ ਗਈ ਸੀ ,ਸਭ ਦਾ ਧਿਆਨ ਖਿੱਚ ਰਹੀ ਸੀ। ਮਾਰਚ ਵਿੱਚ ਸਾਮਿਲ ਲੋਕ ਉਸ ਲੋਈ ਦੀ ਬੁੱਕਲ ਮਾਰਕੇ ਵਿਸੇਸ ਤੌਰ ਤੇ ਫੋਟੋਆਂ ਖਿਚਵਾਕੇ ਪੰਜਾਬੀ ਹੋਣ ਦਾ ਮਾਣ ਮਹਿਸੂਸ ਕਰ ਰਹੇ ਸਨ।

ਇਸ ਮੌਕੇ ਸਨਾਤਨ ਧਰਮ ਸਭਾ ਪ੍ਰਧਾਨ ਰੁਲਦੂ ਰਾਮ ਨੰਦਗੜ੍ਹ, ਆੜਤੀਆ ਐਸੋਸੀਏਸ਼ਨ ਵਲੋਂ ਰਮੇਸ਼ ਟੋਨੀ , ਮੈਡੀਕਲ ਲੈਬਾਰਟਰੀ ਐਸੋਸੀਏਸ਼ਨ ਦੇ ਰਮੇਸ਼ ਕੁਮਾਰ, ਰਵਿੰਦਰ ਗਰਗ, ਬ੍ਰਾਹਮਣ ਸਭਾ ਦੇ ਕੰਵਲਜੀਤ ਸ਼ਰਮਾ, ਅਗਰਵਾਲ ਸਭਾ ਦੇ ਪ੍ਰਧਾਨ ਵਿਨੋਦ ਭੰਮਾ ਅਤੇ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਅਸ਼ੋਕ ਗਰਗ, ਆਈ ਐਮ ਏ ਮਾਨਸਾ ਦੇ ਡਾ ਸ਼ੇਰ ਜੰਗ ਸਿੱਧੂ, ਡਾ ਰਣਜੀਤ ਰਾਏਪੁਰੀ, ਡਾ ਨਰੇਸ਼, ਡਾ ਰਾਜੀਵ ਸਿੰਗਲਾ, ਡਾ ਗੁਰਬਖਸ਼ ਸਿੰਘ ਚਹਿਲ, ਡਾ ਤੇਜਿੰਦਰਪਾਲ ਰੇਖੀ, ਡਾ ਸੁਨੀਤ ਜਿੰਦਲ, ਸੀਨੀਅਰ ਸੀਟੀਜ਼ਨ ਆਗੂ ਬਿੱਕਰ ਸਿੰਘ ਮਘਾਣੀਆ, ਸਾਬਕਾ ਐਮ ਸੀ ਜਤਿੰਦਰ ਆਗਰਾ, ਰੋਟਰੀ ਕਲੱਬ ਦੇ ਪ੍ਰੇਮ ਅੱਗਰਵਾਲ , ਕਰਿਆਨਾ ਯੂਨੀਅਨ ਦੇ ਸੁਰੇਸ਼ ਨੰਦਗੜੀਆ, ਮਾਨਸਾ ਨਗਰ ਕੌਂਸਲ ਦੇ ਪ੍ਰਧਾਨ ਬਲਵਿੰਦਰ ਸਿੰਘ ਕਾਕਾ, ਵਾਇਸ ਆਫ ਮਾਨਸਾ ਦੇ ਡਾ ਲਖਵਿੰਦਰ ਮੂਸਾ, ਪ੍ਰਵੀਨ ਟੋਨੀ ਸਮੇਤ ਹੋਰ ਬੁਲਾਰਿਆਂ ਕਿਹਾ ਕਿ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਤੇ ਬਿਹਤਰੀ ਮਾਂ ਬੋਲੀ ਪ੍ਰੇਮੀਆਂ ਨੂੰ ਮਿਸ਼ਨਰੀਆਂ ਵਾਂਗ ਕੰਮ ਕਰਨ ਦੀ ਲੋੜ ਹੈ ਤਾਂ ਜੋ ਪੰਜਾਬੀ ਦਾ ਮਾਨ-ਸਨਮਾਨ ਬਹਾਲ ਰੱਖਿਆ ਜਾ ਸਕੇ। ਸਭ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਮਾਂ ਬੋਲੀ ਨੂੰ ਪ੍ਰੇਮੀ ਪੰਜਾਬੀਆਂ ਦੇ ਹੁੰਦੇ ਕੋਈ ਖਤਰਾ ਨਹੀਂ ਹੈ ਪਰੰਤੂ ਸਾਨੂੰ ਅਗਲੀ ਪੀੜੀ ਨੂੰ ਮਾਂ ਬੋਲੀ ਨਾਲ ਜੋੜਣ ਲਈ ਆਪਣੇ ਨੈਤਿਕ ਫਰਜ਼ ਨੂੰ ਸਮਝਦੇ ਹੋਏ ਸਦਾ ਕਾਰਜਸ਼ੀਲ ਰਹਿਣਾ ਚਾਹੀਦਾ ਹੈ।

ਚਲਦੇ ਮਾਰਚ ਵਿਚ ਡਾ ਗੁਰਮੇਲ ਕੌਰ ਜੋਸ਼ੀ, ਨਰਿੰਦਰ ਗੁਪਤਾ, ਬਸੰਤ ਸਿੰਘ ਅਗਰੋਹੀਆ, ਜਸਵਿੰਦਰ ਚਹਿਲ, ਬਲਜੀਤ ਸਿੰਘ ਸੂਬਾ, ਡਾ ਗੁਰਪ੍ਰੀਤ ਕੌਰ, ਕੇ ਕੇ ਸਿੰਗਲਾ ਨੇ ਗੀਤ ਅਤੇ ਕਵਿਤਾਵਾਂ ਰਾਹੀਂ ਮਾਂ ਬੋਲੀ ਦੀ ਪਹਿਰੇਦਾਰੀ ਕਰਨ ਦਾ ਹੋਕਾ ਦਿੱਤਾ। ਜਿਲ੍ਹਾ ਭਾਸ਼ਾ ਅਫਸਰ ਤੇਜਿੰਦਰ ਕੌਰ ਤੇ ਜਿਲਾ ਭਾਸ਼ਾ ਖੋਜ ਅਫਸਰ ਗੁਰਪ੍ਰੀਤ ਸਿੰਘ ਨੇ ਮਾਰਚ ਦੌਰਾਨ ਸ਼ਹਿਰ ਦੇ ਦੁਕਾਨਦਾਰਾਂ ਨੂੰ ਵਧਾਈ ਦਿੱਤੀ ਕਿ ਮਾਨਸਾ ਦੀਆਂ 80 ਫੀਸਦੀ ਦੁਕਾਨਾਂ ਦੇ ਬੋਰਡ ਪਹਿਲਾਂ ਹੀ ਪੰਜਾਬੀ ਵਿੱਚ ਲੱਗੇ ਹੋਏ ਹਨ ਤੇ ਜਿੰਨਾ ਦੇ ਰਹਿੰਦੇ ਹਨ ਉਹਨਾਂ ਵੱਲੋਂ ਵੀ ਜਲਦੀ ਸਾਰੇ ਬੋਰਡ ਪੰਜਾਬੀ ਵਿੱਚ ਤਬਦੀਲ ਕਰਨ ਲਈ ਸਹਿਮਤ ਹਨ।

ਮਾਰਚ ਵਿੱਚ ਉੱਘੇ ਗੀਤਕਾਰ ਗੁਰਚੇਤ ਸਿੰਘ ਫੱਤੇਵਾਲੀਆ, ਪੱਤਰਕਾਰ ਬਲਵਿੰਦਰ ਧਾਲੀਵਾਲ, ਕਲਾਕਾਰ ਬਲਜਿੰਦਰ ਸੰਗੀਲਾ, ਸ਼ਾਇਰ ਬਲਵੰਤ ਭਾਟੀਆ, ਗਜ਼ਲਗੋ ਬਲਰਾਜ ਨੰਗਲ, ਕਵੀ ਗੁਰਜੰਟ ਚਾਹਿਲ, ਆਤਮਜੀਤ ਕਾਲਾ, ਨਰੇਸ਼ ਬਿਰਲਾ ਸਮੇਤ ਰਵਾਇਤੀ ਪਹਿਰਾਵੇ ਵਿਚ ਆਏ ਰੰਗਕਰਮੀ ਮਹਿੰਦਰਪਾਲ , ਰਘਵੀਰ ਸਿੰਘ ਮਾਨਸ਼ਾਹੀਆ , ਅੰਮ੍ਰਿਤਪਾਲ ਕੂਕਾ, ਗੁਰਪ੍ਰੀਤ ਸਿੱਧੂ ਮਾਰਚ 'ਚ ਪੰਜਾਬੀਅਤ ਦਾ ਹੋਕਾ ਦਿੰਦੇ ਨਜ਼ਰ ਆਏ। ਬਜ਼ਾਰਾਂ ਵਿੱਚੋਂ ਲੰਘਦੇ ਹੋਏ ਇਸ ਵਿਸ਼ਾਲ ਮਾਰਚ ਦਾ ਵੱਖ ਵੱਖ ਥਾਵਾਂ ਤੇ ਬਿਕਰਮਜੀਤ ਟੈਕਸਲਾ, ਰੰਜਨਾ ਮਿੱਤਲ ਐਮ ਸੀ, ਕਮਲ ਗਰਗ, ਕੰਵਲਜੀਤ ਸ਼ਰਮਾ, ਹਰਸ਼ਦੀਪ ਜਿੰਮੀ ਆਦਿ ਸ਼ਾਮਿਲ ਸਨ ਜਿੰਨਾ ਮਾਂ ਬੋਲੀ ਪ੍ਰੇਮੀਆਂ ਦਾ ਫੁੱਲਾਂ ਨਾਲ ਸਵਾਗਤ ਕੀਤਾ।

ਮਾਰਚ ਦੇ ਅੰਤ ਵਿਚ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਂਕ ਵਿੱਚ ਹੋਈ ਭਰਵੀਂ ਰੈਲੀ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਗਿੱਧਾ ਕੋਚ ਤੇ ਗਾਇਕ ਪਾਲ ਸਿੰਘ ਸਮਾਉਂ ਦੀ ਅਗਵਾਈ ਵਿੱਚ ਸੰਦਲੀ ਵਿਰਸਾ ਦੀ ਟੀਮ ਨੇ ਵਿਸ਼ੇਸ਼ ਤੌਰ ਤੇ ਪੰਜਾਬੀ ਮਾਂ ਬੋਲੀ ਨਾਲ ਸਬੰਧਤ ਬੋਲੀਆਂ ਪਾ ਕੇ ਲੋਕਾਂ ਨੂੰ ਨਾਲ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਉਹਨਾਂ ਵੱਲੋਂ ਪੰਜਾਬੀ ਸੱਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ ਵਿੱਚੋਂ ਟੱਪੇ ਤੇ ਲੋਕ ਗੀਤਾਂ ਨਾਲ ਅਜਿਹਾ ਸਮਾਂ ਬੰਨਿਆ ਕਿ ਰਿਟਾਇਰਡ ਪ੍ਰੋਫੈਸਰ ਦਰਸ਼ਨ ਸਿੰਘ , ਮਾਨਸਾ ਬਾਰ ਦੇ ਪ੍ਰਧਾਨ ਨਵਲ ਕੁਮਾਰ ਸਮੇਤ ਬੱਸ ਸਟੈਂਡ ਲਾਗੇ ਗੁਜ਼ਰ ਰਹੇ ਰਾਹਗੀਰਾਂ ਅਤੇ ਆਲੇ ਦੁਆਲੇ ਦੇ ਦੁਕਾਨਦਾਰਾਂ ਨੂੰ ਮੰਤਰ ਮੁਗਧ ਕਰਦੇ ਹੋਏ ਨੱਚਣ ਲਈ ਮਜਬੂਰ ਕਰ ਦਿੱਤਾ। ਅੰਤ ਵਿਚ ਵਾਇਸ ਆਫ ਮਾਨਸਾ ਦੇ ਭਰਪੂਰ ਸਿੰਘ ਸਿੱਧੂ ਅਤੇ ਵਿਸ਼ਵਦੀਪ ਬਰਾੜ ਨੇ ਸਾਰੀਆਂ ਸੰਸਥਾਵਾਂ ਵੱਲੋਂ ਇਸ ਮਾਰਚ ਨੂੰ ਸਫਲ ਬਣਾਉਣ ਲਈ ਪਾਏ ਗਏ ਯੋਗਦਾਨ ਲਈ ਸਭ ਦਾ ਧੰਨਵਾਦ ਕੀਤਾ। ਇਹਮਾਰਚ ਸਮੂਹ ਮਾਨਸਾ ਵਾਸੀਆਂ ਦੀ ਮਾਂ ਬੋਲੀ ਦੇ ਵਿਕਾਸ ਪ੍ਰਤੀ ਇੱਕ ਜੁੱਟਤਾ ਦਾ ਪ੍ਰਦਰਸ਼ਨ ਕਰਕੇ ਇਲਾਕੇ ਵਿਚ ਨਵਾਂ ਇਤਿਹਾਸ ਸਿਰਜਗਿਆ।






# ਗੱਲ ਤਾਂ ਹੈ ਈ ਪਰਦੇ ਦੀ !

TWC
TIMELESS WINDOW COVERINGS

## ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



## ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ







ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।



E Mail: Info@twcoverings.com
Web: www.twcoverings.com
Timelesswindowcoverings

ਕਾਲ: 403 953 1000

# ਇਟਲੀ 'ਚ ਸਮੁੰਦਰ ਕੰਢਿਓਂ ਮਿਲੀਆਂ ਲਾਸ਼ਾਂ ਹੀ ਲਾਸ਼ਾਂ

ਰੋਮ (ਪੰਜਾਬੀ ਅਖਬਾਰ ਬਿਊਰੋ)- : ਇਟਲੀ ਵਿੱਚ ਪ੍ਰਵਾਸੀਆਂ ਨਾਲ ਭਰੀ ਇੱਕ ਕਿਸ਼ਤੀ ਡੁੱਬਣ ਕਾਰਨ ਵੱਡਾ ਹਾਦਸਾ ਵਾਪਰ ਗਿਆ, ਜਿਸ ਵਿੱਚ ਹੁਣ ਤੱਕ 12 ਬੱਚਿਆਂ ਸਣੇ 61 ਤੋਂ ਵੱਧ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਐ। ਗ਼ੈਰ-ਕਾਨੂੰਨੀ ਢੰਗ ਨਾਲ ਯੂਰਪ ਜਾ ਰਹੇ ਪ੍ਰਵਾਸੀਆਂ ਨਾਲ ਭਰੀ ਇਸ ਕਿਸ਼ਤੀ ਵਿੱਚ 170 ਤੋਂ ਵੱਧ ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ 81 ਲੋਕਾਂ ਨੂੰ ਬਚਾਅ ਲਿਆ ਗਿਆ। ਮ੍ਰਿਤਕਾਂ ਵਿੱਚ 24 ਲੋਕ ਪਾਕਿਸਤਾਨੀ ਦੱਸੇ ਜਾ ਰਹੇ ਨੇ। ਇਸ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਡੂੰਘਾ ਦੁੱਖ ਪ੍ਰਗਟ ਕੀਤਾ।

170 ਤੋਂ ਵੱਧ ਪ੍ਰਵਾਸੀਆਂ ਨਾਲ ਭਰੀ ਇਹ ਕਿਸ਼ਤੀ ਇਟਲੀ 'ਚ ਕੈਲਾਬਰੀਆ ਦੇ ਦੱਖਣੀ ਤੱਟ 'ਤੇ ਹਾਦਸੇ ਦਾ ਸ਼ਿਕਾਰ ਹੋ ਗਈ। ਮੌਸਮ ਖਰਾਬ ਹੋਣ ਦੇ ਚਲਦਿਆਂ ਚੱਟਾਨ ਨਾਲ ਟਕਰਾਉਣ ਕਾਰਨ ਕਿਸ਼ਤੀ ਵਿਚਾਲਿਓਂ ਟੁੱਟ ਗਈ। ਇਸ ਕਾਰਨ 12 ਬੱਚਿਆਂ ਸਮੇਤ 61 ਲੋਕਾਂ ਦੀ ਮੌਤ ਹੋ ਗਈ। ਜਦਕਿ 81 ਲੋਕਾਂ ਨੂੰ ਬਚਾਅ ਲਿਆ ਗਿਆ। ਇਹ ਕਿਸ਼ਤੀ ਕਈ ਦਿਨ ਪਹਿਲਾਂ ਪਾਕਿਸਤਾਨ, ਅਫਗਾਨਿਸਤਾਨ, ਈਰਾਨ ਅਤੇ ਕਈ ਹੋਰ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਲੈ ਕੇ ਤੁਰਕੀ ਤੋਂ ਰਵਾਨਾ ਹੋਈ ਸੀ ਅਤੇ ਤੂਫਾਨੀ ਮੌਸਮ ਵਿੱਚ ਹਾਦਸਾਗ੍ਰਸਤ ਹੋ ਗਈ। ਦੱਸਿਆ ਜਾਂਦਾ ਹੈ ਕਿ ਕਿਸ਼ਤੀ ਲੱਕੜ ਦੀ ਬਣੀ ਹੋਈ ਸੀ।

ਮਨੁੱਖੀ ਤਸਕਰੀ ਦੇ ਦੋਸ਼ 'ਚ ਇਸ ਮਾਮਲੇ 'ਚ ਇਕ ਗੈਰ ਨਿਵਾਸੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਇਸ ਹਾਦਸੇ ਵਿੱਚ ਮਰਨ ਵਾਲਿਆਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ। ਮਨੁੱਖੀ ਤਸਕਰਾਂ ਨੂੰ ਦੋਸ਼ੀ ਠਹਿਰਾਉਣ ਦੇ ਨਾਲ-ਨਾਲ ਅਜਿਹੀਆਂ ਤਬਾਹੀਆਂ ਨੂੰ ਰੋਕਣ ਲਈ ਕਦਮ ਚੁੱਕਣ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ ਹੀ ਪੋਪ ਫਰਾਂਸਿਸ ਨੇ ਕਿਹਾ ਕਿ ਉਹ ਇਸ ਤਬਾਹੀ ਵਿੱਚ ਫਸੇ ਸਾਰੇ ਲੋਕਾਂ ਲਈ ਪ੍ਰਾਰਥਨਾ ਕਰ ਰਹੇ ਹਨ।

ਉੱਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਿਹਾ ਹੈ ਕਿ ਇਸ ਹਾਦਸੇ ਵਿੱਚ 24 ਪਾਕਿਸਤਾਨੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਟਲੀ ਵਿਚ ਕਿਸ਼ਤੀ ਹਾਦਸੇ ਵਿਚ ਦੋ ਦਰਜਨ ਤੋਂ ਵੱਧ ਪਾਕਿਸਤਾਨੀਆਂ ਦੇ ਮਾਰੇ ਜਾਣ ਦੀ ਖਬਰ ਬੇਹੱਦ ਚਿੰਤਾਜਨਕ ਅਤੇ ਦੁਖਦਾਈ ਹੈ।

'ਆਰਆਈਏ' ਨੇ ਇਟਲੀ ਦੇ ਕੈਲੇਬਰੀਆ ਪ੍ਰਾਇਦੀਪ ਦੇ ਤੱਟੀ ਸ਼ਹਿਰ ਕਰੋਟੋਨ ਨੇੜੇ ਬੰਦਰਗਾਹ ਅਧਿਕਾਰੀਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸਵੇਰ ਸਮੇਂ ਜਦੋਂ ਲੋਨੀਅਲ ਸਮੁੰਦਰ ਵਿੱਚ ਕਿਸ਼ਤੀ ਹਾਦਸਾਗ੍ਰਸਤ ਹੋਈ, ਉਸ ਸਮੇਂ ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ। ਬਚਾਅ ਕਾਰਜਾਂ ਵਿੱਚ ਜੁਟੇ ਫਾਇਰਬ੍ਰਿਗੇਡ ਕਰਮਚਾਰੀਆਂ ਦੇ ਤਰਜਮਾਨ ਲੂਕਾ ਕਾਰੀ ਨੇ ਦੱਸਿਆ ਕਿ ਹੁਣ ਤੱਕ 81 ਵਿਅਕਤੀ ਜਿਊਂਦੇ ਮਿਲੇ ਹਨ, ਜਿਹੜੇ ਕਿ ਕਿਸ਼ਤੀ ਟੁੱਟਣ ਮਗਰੋਂ ਕਿਸੇ ਤਰਾਂ ਬਚਣ ਵਿੱਚ ਸਫਲ ਹੋ ਗਏ ਸਨ। ਤੱਟ ਰੱਖਿਅਕ ਨੇ ਦੱਸਿਆ ਕਿ ਕਿਸ਼ਤੀ ਵਿੱਚ ਲਗਭਗ 170 ਲੋਕ ਸਵਾਰ ਸਨ ਅਤੇ ਉਹ ਕਿਨਾਰੇ ਤੋਂ ਚੱਲਣ ਮਗਰੋਂ ਥੋੜੀ ਦੂਰ ਹੀ ਚਟਾਨ ਨਾਲ ਟਕਰਾ ਗਈ।

# ਕੈਨੇਡਾ ਦੀਆਂ ਚੋਣਾਂ 'ਚ ਵਿਦੇਸ਼ੀ ਦਖਲ ਦਾ ਮਾਮਲਾ, ਪ੍ਰਧਾਨ ਮੰਤਰੀ ਦਫ਼ਤਰ ਪੁੱਜੀ ਮੁਲਾਂਕਣ ਰਿਪੋਰਟ

ਔਟਵਾ (ਪੰਜਾਬੀ ਅਖਬਾਰ ਬਿਊਰੋ)-: 2021 ਦੀਆਂ ਫੈਡਰਲ ਚੋਣਾਂ ਦੌਰਾਨ ਵਿਦੇਸ਼ੀ ਦਖ਼ਲ ਦਾ ਮੁੱਦਾ ਕੈਨੇਡਾ ਦੀ ਟਰੂਡੋ ਸਰਕਾਰ ਲਈ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਹੁਣ ਪ੍ਰੀਵੀ ਕੌਂਸਲ ਦਫ਼ਤਰ ਨੇ ਪੁਸ਼ਟੀ ਕੀਤੀ ਹੈ ਕਿ ਇੱਕ ਪੈਨਲ ਵੱਲੋਂ ਇਸ ਮਾਮਲੇ ਵਿੱਚ ਕੀਤੇ ਗਏ ਕਾਰਜ ਦਾ ਮੁਲਾਂਕਣ ਪੂਰਾ ਹੋ ਗਿਆ ਐ ਅਤੇ ਇਸ ਸਬੰਧੀ ਰਿਪੋਰਟ ਪ੍ਰਧਾਨ ਮੰਤਰੀ ਦਫ਼ਤਰ ਅਤੇ ਸੰਸਦ ਮੈਂਬਰਾਂ ਦੀ ਕੌਮੀ ਸੁਰੱਖਿਆ ਤੇ ਖੁਫ਼ੀਆ ਕਮੇਟੀ ਨੂੰ ਭੇਜ ਦਿੱਤੀ ਗਈ ਐ।

2019 ਅਤੇ 2021 ਦੀਆਂ ਚੋਣਾਂ ਦੌਰਾਨ ਖ਼ਤਰਿਆਂ ਦੀ ਨਿਗਰਾਨੀ ਅਤੇ ਰਿਪੋਰਟ ਕਰਨ ਲਈ ਬਣਾਏ ਗਏ 'ਕ੍ਰਿਟੀਕਲ ਇਲੈਕਸ਼ਨ ਇੰਸੀਡੈਂਟ ਪਬਲਿਕ ਪ੍ਰੋਟੋਕਾਲ' ਨੂੰ ਆਪਣੇ ਕੰਮ ਦੀ ਚੋਣਾਂ ਤੋਂ ਬਾਅਦ ਦੀ ਅਸੈਸਮੈਂਟ ਨੂੰ ਪਬਲਿਸ਼ ਕਰਨ ਦੀ ਮੰਗ ਉਠ ਰਹੀ ਹੈ।

2019 ਦਾ ਮੁਲਾਂਕਣ ਉਸ ਸਾਲ ਆਯੋਜਤ ਚੋਣ ਮੁਹਿੰਮ ਤੋਂ ਲਗਭਗ 7 ਮਹੀਨੇ ਬਾਅਦ ਆਇਆ ਸੀ, ਪਰ 2021 ਦੀ ਰਿਪੋਰਟ ਅਜੇ ਵੀ ਉਪਲੱਬਧ ਨਹੀਂ ਹੋਈ, ਜਦਕਿ ਚੋਣਾਂ ਹੋਈਆਂ ਨੂੰ 1 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਐ। ਪ੍ਰੀਵੀ ਕੌਂਸਲ ਦਫ਼ਤਰ ਨੇ ਕਿਹਾ ਕਿ ਰਿਪੋਰਟ ਦਾ ਅਨਕਲਾਸੀਫਾਈਡ ਅਤੇ ਪਬਲਿਕ ਵਰਜ਼ਨ ਫਾਈਨਲ ਹੋ ਚੁੱਕਾ ਹੈ ਅਤੇ ਜਲਦ ਹੀ ਮੁਹੱਈਆ ਕਰਵਾਇਆ ਜਾਵੇਗਾ, ਪਰ ਇਸ ਦੇ ਲਈ ਕੋਈ ਸਮਾਂ ਹੱਦ ਤੈਅ ਨਹੀਂ ਕੀਤੀ ਗਈ। ਇੱਕ ਸੁਤੰਤਰ ਰਿਪੋਰਟ ਤਿਆਰ ਕਰਨ ਲਈ 2022 ਦੀਆਂ ਗਰਮੀਆਂ ਵਿੱਚ ਇੱਕ ਸਾਬਕਾ ਸੀਨੀਅਰ ਪਬਲਿਕ ਸਰਵੈਂਟ ਮੌਰਿਸ ਰੌਜ਼ਨਬਰਗ ਦੀ ਚੋਣ ਕੀਤੀ ਗਈ ਸੀ।

ਪ੍ਰੀਵੀ ਕੌਂਸਲ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਮੌਰਿਸ ਰੋਜ਼ਨਬਰਗ ਦਾ ਵਿਆਪਕ ਮੁਲਾਂਕਣ ਜਾਂ ਪੜਤਾਲ ਕਈ ਸਰੋਤਾਂ 'ਤੇ ਆਧਾਰਤ ਐ, ਜਿਸ ਵਿੱਚ ਵੱਖ-ਵੱਖ ਅਦਾਕਾਰਾਂ ਨਾਲ ਇੰਟਰਵਿਊ, ਸਰਕਾਰੀ ਦਸਤਾਵੇਜ਼ਾਂ ਅਤੇ ਵਿਦੇਸ਼ੀ ਸਰਕਾਰਾਂ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਪ੍ਰਕਾਸ਼ਨਾਂ ਦੀ ਸਮੀਖਿਆ ਸ਼ਾਮਲ ਐ।

ਚੇਤੇ ਰਹੇ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਚੀਨ ਵੱਲੋਂ ਫੈਡਰਲ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਪੀਐਮ ਟਰੂਡੋ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਰਿਪੋਰਟ ਮੁਕੰਮਲ ਹੋਣ ਦੀ ਉਡੀਕ ਕਰ ਰਹੇ ਨੇ। ਉੱਧਰ ਕੰਜ਼ਰਵੇਟਿਵ ਪਾਰਟੀ ਇਸ ਮੁੱਦੇ ਨੂੰ ਲੈ ਕੇ ਟਰੂਡੋ ਸਰਕਾਰ ਨੂੰ ਘੇਰਨ ਦਾ ਯਤਨ ਕਰ ਰਹੀ ਹੈ। ਵਿਰੋਧੀ ਧਿਰ ਨੇ ਪੀਐਮ ਟਰੂਡੋ ਦੀ ਚੀਫ਼ ਆਫ਼ ਸਟਾਫ਼ ਕੈਟੀ ਟੈਲਫੋਰਡ ਨੂੰ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਾਂਚ ਕਰ ਰਹੀ ਹਾਊਸ ਆਫ਼ ਕਾਮਨਜ਼ ਕਮੇਟੀ ਵਿੱਚ ਗਵਾਹੀ ਦੇਣ ਲਈ ਮੁੜ ਸੱਦਾ ਦੇ ਰਹੀ ਐ।

ਗਲੋਬਲ ਨਿਊਜ਼ ਦੀ ਇੱਕ ਰਿਪੋਰਟ ਮੁਤਾਬਕ 2019 ਦੀਆਂ ਚੋਣਾਂ ਦੌਰਾਨ ਚੀਨੀ ਕੌਂਸਲੇਟ ਨੇ ਲਿਬਰਲ ਐਮਪੀ ਹਾਨ ਡੌਂਗ ਦੀ ਮਦਦ ਕੀਤੀ ਸੀ, ਜੋ ਟੋਰਾਂਟੋ ਏਰੀਆ ਦੇ ਡੌਨ ਵੈਲੀ ਨੌਰਥ ਹਲਕੇ ਤੋਂ ਚੋਣ ਲੜ ਰਹੇ ਸੀ। ਹਾਲਾਂਕਿ ਕਥਿਤ ਤੌਰ 'ਤੇ ਸੀਐਸਆਈਐਸ ਨੇ ਲਿਬਰਲ ਪਾਰਟੀ ਦੇ ਸੀਨੀਅਰ ਸਟਾਫ਼ ਨੂੰ ਉਸ ਦੀ ਨਾਮਜ਼ਦਗੀ ਰੱਦ ਕਰਨ ਦੀ ਅਪੀਲ ਕੀਤੀ ਸੀ, ਪਰ ਟਰੂਡੋ ਨੇ ਉਸ ਦੀ ਉਮੀਦਵਾਰੀ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦੇ ਚਲਦਿਆਂ 2021 ਵਿੱਚ ਹਾਨ ਡੌਂਗ ਦੁਬਾਰਾ ਚੁਣੇ ਗਏ ਸੀ। ਕੰਜ਼ਰਵੇਟਿਵ ਪਾਰਟੀ ਨੇ ਹੁਣ ਟੈਲਫੋਰਡ ਨੂੰ ਜਲਦ ਹੋਣ ਜਾ ਰਹੀ ਕਮੇਟੀ ਦੀ ਮੀਟਿੰਗ ਵਿੱਚ ਗਵਾਹੀ ਲਈ ਟੈਲਫੋਰਡ ਨੂੰ ਨਵਾਂ ਸੱਦਾ ਦਿੱਤਾ ਐ। ਕੰਜ਼ਰਵੇਟਿਵ ਐਮਪੀ ਮਾਈਕਲ ਕੂਪਰ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਟਰੂਡੋ ਅਤੇ ਉਨ੍ਹਾਂ ਦੀ ਸਰਕਾਰ ਜ਼ਿਆਦਾ ਦੇਰ ਲੁਕ ਕੇ ਨਹੀਂ ਰਹਿ ਸਕਦੀ।

ਐਮਪੀ ਕੂਪਰ ਨੇ ਕਿਹਾ ਕਿ ਇਹ ਕੌੜੀ ਸੱਚਾਈ ਐ ਕਿ ਚੋਣਾਂ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਇੱਕ ਲਿਬਰਲ ਉਮੀਦਵਾਰ ਨਾਲ ਸਮਝੌਤਾ ਕੀਤਾ ਸੀ। ਇਹ ਕਦਮ ਸਾਡੇ ਲੋਕਤੰਤਰ ਨੂੰ ਸੰਨ ਲਾਉਣ ਦੇ ਬਰਾਬਰ ਐ।

ਉੱਧਰ ਕ੍ਰਿਟੀਕਲ ਇਲੈਕਸ਼ਨ ਇੰਸੀਡੈਂਟ ਪਬਲਿਕ ਪ੍ਰੋਟੋਕਾਲ ਦੀ 2019 ਦੀ ਅਸੈਸਮੈਂਟ ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਕਿ ਇਸ ਦਾ ਉਪਯੋਗ ਸਫ਼ਲ ਸੀ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਕੈਨੇਡੀਅਨ ਲੋਕਾਂ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਬਾਰੇ ਸੁਚੇਤ ਕਰਨ ਲਈ ਤਿਆਰ ਸੀ। ਪਰ ਪੈਨਲ ਦੇ ਮੈਂਬਰ, ਜਿਨ੍ਹਾਂ ਨੇ ਆਪਣੇ ਵਿਭਾਗਾਂ ਦੇ ਹੁਕਮਾਂ ਤਹਿਤ ਕੌਮੀ ਸੁਰੱਖਿਆ ਏਜੰਸੀਆਂ ਲਈ ਕੰਮ ਕਰਨਾ ਸੀ, ਉਨ੍ਹਾਂ ਨੇ 2019 ਜਾਂ 2021 ਦੀਆਂ ਚੋਣਾਂ ਵਿੱਚ ਕਿਸੇ ਵਿਦੇਸ਼ੀ ਦਖ਼ਲ ਬਾਰੇ ਕੋਈ ਐਲਾਨ ਨਹੀਂ ਕੀਤਾ।

# ਸ਼ਿਲਪਾ ਸ਼ੈਟੀ ਨਿਭਾਏਗੀ ਇਕ ਪੰਜਾਬਣ ਦਾ ਕਿਰਦਾਰ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਬਾਲੀਵੁੱਡ ਅਦਾਕਾਰ ਸ਼ਿਲਪਾ ਸ਼ੈਟੀ ਆਪਣੇ ਪਤੀ ਰਾਜ ਕੁੰਦਰਾਂ ਅਤੇ ਭੈਣ ਸ਼ਮੀਤਾ ਸ਼ੈਟੀ ਦੇ ਨਾਲ ਅੱਜ ਅੰਮ੍ਰਿਤਸਰ ਪਹੁੰਚੀ। ਅੰਮ੍ਰਿਤਸਰ ਪਹੁੰਚਦੇ ਹੀ ਸਭ ਤੋਂ ਪਹਿਲਾਂ ਸਿਲਪਾ ਸ਼ੈਟੀ ਸ਼੍ਰੀ ਹਰਿਮੰਦਿਰ ਸਾਹਿਬ ਨਤਮਸਤਕ ਹੋਈ। ਇਸ ਦੌਰਾਨ ਸ਼ਿਲਪਾ ਸ਼ੈਟੀ ਬੜੇ ਹੀ ਖੂਬਸੂਰਤ ਪੰਜਾਬੀ ਪਹਿਰਾਵੇ ਵਿਚ ਨਜ਼ਰ ਆਈ ਅਤੇ ਆਪਣੀ ਆਉਣ ਵਾਲੀ ਫਿਲਮ ਅਤੇ ਆਪਣੇ ਕਿਰਦਾਰ ਬਾਰੇ ਵੀ ਖੁਲਾਸਾ ਕੀਤਾ।

ਬਾਲੀਵੁੱਡ ਅਦਾਕਾਰਾ ਸ਼ਿਲਪਾ ਸੈਟੀ ਆਪਣੇ ਪਤੀ ਰਾਜ ਕੁੰਦਰਾ ਅਤੇ ਭੈਣ ਸਮੀਤਾ ਸੈਟੀ ਨਾਲ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਪਹੁੰਚੇ ਜਿਥੇ ਉਹਨਾ ਵਲੋ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਮਥਾ ਟੇਕਿਆ ਗਿਆ ਉਥੇ ਹੀ ਰਸ ਭੀਨੀ ਬਾਨੀ ਦਾ ਆਨੰਦ ਮਾਨਿਆ ਗਿਆ।

ਇਸ ਮੌਕੇ ਗਲਬਾਤ ਕਰਦੀਆ ਸ਼ਿਲਪਾ ਸੈਟੀ ਨੇ ਦਸਿਆ ਕਿ ਅਜ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਮਨ ਨੂੰ ਸਾਂਤੀ ਮਿਲੀ ਹੈ ਅਤੇ ਮੈਨੂੰ ਅੰਮ੍ਰਿਤਸਰੀ ਕੁਲਚੇ ਬਹੁਤ ਪੰਸਦ ਹਨ ਅਤੇ ਜਲਦ ਹੀ ਤੁਸੀ ਮੈਨੂੰ ਸੁਖੀ ਫਿਲਮ ਵਿਚ ਕੰਮ ਕਰਦੇ ਵੈਖੋਗੇ। ਸ਼ਿਲਪਾ ਨੇ ਗ਼ਲ ਬਾਤ ਦੌਰਾਨ ਕਹਾ ਕੀ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਹੈ ਨਾਲ ਹੀ ਓਹਨਾ ਕਹਾ ਕੀ ਮੇਰੀ ਨਵੀ ਫਿਲਮ ਅਰਹੀ ਹੈ ਜਿਸ ਵਿੱਚ ਮੈਂ ਪੰਜਾਬ ਦਾ ਰੋਲ ਅਦਾ ਕੀਤਾ ਹੈ ਨਾਲ ਹੀ ਮੇਰੀ ਏਕ ਵੈਬ ਸਿਰੀ ਵੀ ਅਰਹੀ ਹੈ ਮੈਨੂੰ ਅਮ੍ਰਿਤਸਰ ਦਾ ਖਾਣਾ ਬਹੁਤ ਪਸੰਦ ਹੈ ਮੈਂ ਆਪਣੇ ਹੋਟਲ ਵਿਚ ਕੁਲਚੇ ਮੰਗਵਾ ਕੇ ਖਾਦੇ ਨੇ ਨਾਲ ਹੀ ਮਕੀ ਦੀ ਰੋਟੀ ਤੇ ਸਰੋਂ ਦਾ ਸਾਗ ਵੀ।

ਇਸ ਦੇ ਨਾਲ ਹੀ ਇਕ ਸਵਾਲ ਦੇ ਜਵਾਬ ਵਿਚ ਸ਼ਿਲਪਾ ਸ਼ੈਟੀ ਨੇ ਨਸ਼ਿਆਂ ਨਾਲ ਆਪਣੀ ਜ਼ਿੰਦਗੀ ਬਰਬਾਦ ਕਰਨ ਵਾਲੇ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਕਿ ਇਹ ਜ਼ਿੰਦਗੀ ਅਨਮੋਲ ਹੈ, ਇਸ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ ਅਤੇ ਆਪਣੇ ਮਾਤਾ ਪਿਤਾ ਬਾਰੇ ਖਿਆਲ ਕਰਨਾ ਚਾਹਿਦਾ ਹੈ ਅਤੇ ਬਾਕੀਆਂ ਨੂੰ ਜੋ ਲੋਕ ਨਸ਼ੇ ਦੀ ਦਲਦਲ ਵਿੱਚ ਫਸੇ ਨੇ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਸ਼ਿਲਪਾ ਸ਼ੈਟੀ ਅੰਮ੍ਰਿਤਸਰ ਵਿਚ ਫਿਕੀ ਫਲੋ ਸੰਸਥਾ ਦੇ ਸਮਾਗਮ ਵਿਚ ਸ਼ਮੂਲੀਅਤ ਕਰਨ ਲਈ ਪਹੁੰਚੀ ਹੈ। ਇਹ ਸੰਸਥਾਂ ਔਰਤਾਂ ਨੂੰ ਕਾਮ ਕਾਜ ਸ਼ੁਰੂ ਕਰਨ ਵਿਚ ਮਦਦ ਕਰਦੀ ਹੈ।

# ਦਿੱਲੀ ਹਾਈ ਕੋਰਟ ਵੱਲੋਂ ਅਗਨੀਪਥ ਦੇ ਪੱਖ 'ਚ ਵੱਡਾ ਫ਼ੈਸਲਾ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਦੀ ਅਗਨੀਪਥ ਯੋਜਨਾ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ। ਪਟੀਸ਼ਨਾਂ ਨੂੰ ਖਾਰਜ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਯੋਜਨਾ ਨੂੰ ਲਿਆਉਣ ਦਾ ਮੰਤਵ ਸਾਡੀ ਫ਼ੌਜ ਨੂੰ ਬਿਹਤਰ ਢੰਗ ਨਾਲ ਤਿਆਰ ਕਰਨਾ ਹੈ ਅਤੇ ਇਹ ਦੇਸ਼ ਦੇ ਹਿੱਤ ਵਿੱਚ ਹੈ।

ਦੂਜੇ ਪਾਸੇ ਜਿਹੜੇ ਲੋਕ ਪੁਰਾਣੀ ਨੀਤੀ ਦੇ ਆਧਾਰ 'ਤੇ ਨਿਯੁਕਤੀ ਦੀ ਮੰਗ ਕਰ ਰਹੇ ਸਨ, ਉਨ੍ਹਾਂ ਦੀ ਮੰਗ ਨੂੰ ਵੀ ਅਦਾਲਤ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਹ ਮੰਗ ਜਾਇਜ਼ ਨਹੀਂ ਹੈ। ਦਰਅਸਲ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਅਗਨੀਪਥ ਯੋਜਨਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਜਿਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ ਅਤੇ ਸੁਪਰੀਮ ਕੋਰਟ ਨੇ ਸਾਰੇ ਮਾਮਲਿਆਂ ਦੀ ਸੁਣਵਾਈ ਦਿੱਲੀ ਹਾਈ ਕੋਰਟ 'ਚ ਟਰਾਂਸਫਰ ਕਰ ਦਿੱਤੀ।

ਅੱਜ ਦਿੱਲੀ ਹਾਈ ਕੋਰਟ ਵਿੱਚ ਚੀਫ਼ ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਸੁਬਰਾਮਨੀਅਮ ਪ੍ਰਸਾਦ ਦੀ ਬੈਂਚ ਨੇ ਪਟੀਸ਼ਨਾਂ 'ਤੇ ਆਪਣਾ ਫ਼ੈਸਲਾ ਸੁਣਾਇਆ। ਇਸ ਦੇ ਨਾਲ ਹੀ ਕੇਂਦਰ ਨੇ ਆਪਣੀ ਦਲੀਲ ਦਿੰਦੇ ਹੋਏ ਕਿਹਾ ਸੀ ਕਿ ਅਗਨੀਪਥ ਯੋਜਨਾ ਰੱਖਿਆ ਭਰਤੀ 'ਚ ਸਭ ਤੋਂ ਵੱਡੇ ਨੀਤੀਗਤ ਬਦਲਾਅ 'ਚੋਂ ਇਕ ਹੈ। ਇਸ ਨਾਲ ਫੌਜ 'ਚ ਭਰਤੀ ਪ੍ਰਕਿਰਿਆ 'ਚ ਵੱਡਾ ਬਦਲਾਅ ਹੋਵੇਗਾ।

# ਹੋ ਸਕਦਾ ਹੈ ਕਿ ਵਲਾਦੀਮੀਰ ਪੁਤਿਨ ਨੂੰ ਇੱਕ ਦਿਨ ਉਨ੍ਹਾਂ ਦੇ ਕਰੀਬੀਆਂ ਦੁਆਰਾ ਮਾਰ ਦਿੱਤਾ ਜਾਵੇਗਾ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਕਿਹਾ ਹੈ ਕਿ ਵਲਾਦੀਮੀਰ ਪੁਤਿਨ ਨੂੰ ਇੱਕ ਦਿਨ ਉਨ੍ਹਾਂ ਦੇ ਕਰੀਬੀਆਂ ਦੁਆਰਾ ਮਾਰ ਦਿੱਤਾ ਜਾਵੇਗਾ। ਜ਼ੇਲੇਂਸਕੀ ਦਾ ਇਹ ਬਿਆਨ ਰੂਸ-ਯੂਕਰੇਨ ਯੁੱਧ 'ਤੇ ਬਣੀ ਡਾਕੂਮੈਂਟਰੀ 'ਚ ਹੈ। ਇਸ ਦਾ ਨਾਂ 'ਈਅਰ ' ਹੈ। ਇਸ ਡਾਕੂਮੈਂਟਰੀ ਦੀ ਜਾਣਕਾਰੀ ਨਿਊਜ਼ਵੀਕ ਮੈਗਜ਼ੀਨ ਵਿੱਚ ਦਿੱਤੀ ਗਈ ਹੈ। ਰੂਸ ਅਤੇ ਯੂਕਰੇਨ ਵਿਚਾਲੇ ਜੰਗ ਪਿਛਲੇ ਸਾਲ 24 ਫਰਵਰੀ ਨੂੰ ਸ਼ੁਰੂ ਹੋਈ ਸੀ। ਇਸ ਦਿਨ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਸੀ। ਦੋਵੇਂ ਦੇਸ਼ ਆਪਣੀ-ਆਪਣੀ ਜਿੱਤ ਦੇ ਦਾਅਵੇ ਕਰ ਰਹੇ ਹਨ। ਹਾਲ ਹੀ 'ਚ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਖੁਦ ਜ਼ੇਲੇਨਸਕੀ ਨੂੰ ਮਦਦ ਦਾ ਭਰੋਸਾ ਦੇਣ ਲਈ ਕੀਵ ਪਹੁੰਚੇ ਸਨ। 'ਨਿਊਜ਼ਵੀਕ' ਮੈਗਜ਼ੀਨ ਮੁਤਾਬਕ ਜ਼ੇਲੇਨਸਕੀ ਨੇ ਇਸ ਡਾਕੂਮੈਂਟਰੀ 'ਚ ਕਿਹਾ ਹੈ- ਉਹ ਦਿਨ ਦੂਰ ਨਹੀਂ ਜਦੋਂ ਪੁਤਿਨ ਦੇ ਕਰੀਬੀ ਉਨ੍ਹਾਂ ਦੇ ਖਿਲਾਫ ਕੰਮ ਕਰਨਾ ਸ਼ੁਰੂ ਕਰ ਦੇਣਗੇ। ਰੂਸ ਵਿਚ ਉਸ ਦੇ ਖਿਲਾਫ ਆਵਾਜ਼ ਉਠਾਈ ਜਾਵੇਗੀ। ਇਹ ਇੱਕੋ ਇੱਕ ਮੌਕਾ ਹੋਵੇਗਾ ਜਦੋਂ ਪੁਤਿਨ ਦਾ ਕੋਈ ਕਰੀਬੀ ਉਸਨੂੰ ਮਾਰ ਦੇਵੇਗਾ। ਉਨ੍ਹਾਂ ਨੂੰ ਮੇਰੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ। ਪਰ ਇਹ ਦਿਨ ਕਦੋਂ ਆਵੇਗਾ? ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਜ਼ੇਲੇਂਸਕੀ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਕੁੱਝ ਮੀਡੀਆ ਰਿਪੋਰਟਾਂ 'ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੁਤਿਨ ਦੇ ਕੁੱਝ ਕਰੀਬੀ ਮੌਜੂਦਾ ਸਥਿਤੀ ਤੋਂ ਖੁਸ਼ ਨਹੀਂ ਹਨ। ਯੂਕਰੇਨ ਯੁੱਧ ਦੇ ਲੰਮਾ ਹੋਣ ਕਾਰਨ ਉਨ੍ਹਾਂ ਦੀ ਨਰਾਜ਼ਗੀ ਵਧ ਰਹੀ ਹੈ।

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9